# ਯੋਜਨਾ

**ਸਾਲ 33 • ਅੰਕ 10 • ਅਕਤੂਬਰ 2016 • ਕੁੱਲ ਪੰਨੇ 76**



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-24365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਦਸਤਕਾਰੀ ਸਥਿਰਤਾ - ਸਮ੍ਰਿਤੀ ਜ਼ੁਬੀਨ ਇਰਾਨੀ 4
- ਕੱਪੜਾ ਕਾਰੀਗਰਾਂ ਲਈ ਕਲਿਆਣਕਾਰੀ ਯੋਜਨਾਵਾਂ - ਅਜੇ ਟਮਟਾ 7
- ਰੋਜ਼ਗਾਰ ਦੇ ਮੌਕੇ ਅਤੇ ਸਮੁੱਚਾ ਵਿਕਾਸ - ਰਸ਼ਮੀ ਵਰਮਾ 10
- ਕੱਪੜਾ ਅਤੇ ਵਸਤਰ ਨਿਰਯਾਤ ਲਈ ਉੱਭਰਦੇ ਹੋਏ ਬਾਜ਼ਾਰ - ਅਦਿੱਤੀ ਦਾਸ ਰਾਊਤ 14
- ਤਕਨੀਕੀ ਵਸਤਰ : ਇਕ ਉੱਭਰਦਾ ਉਦਯੋਗ - ਪ੍ਰਕਾਸ਼ ਵਾਸੂਦੇਵਨ 19
- ਭਾਰਤੀ ਕੱਪੜਾ ਵਿਕਾਸ ਨੂੰ ਗਤੀ - ਕਵਿਤਾ ਗੁਪਤਾ 23
- ਹੱਥ ਖੱਡੀ : ਭੂਤ, ਵਰਤਮਾਨ ਅਤੇ ਭਵਿੱਖ - ਜੈਯਾ ਜੇਟਲੀ 27
- ਖਾਦੀ - ਇਕ ਕਾਰਬਨ ਰਹਿਤ ਉਦਯੋਗ - ਵਿਨੈ ਕੁਮਾਰ ਸਕਸੈਨਾ 33
- ਖਾਦੀ - ਭਾਰਤ ਦੀ ਆਜ਼ਾਦੀ ਦੀ ਪ੍ਰਤੀਕ - ਏ. ਅੰਨਾਮਲਾਈ 37
- ਭਾਰਤੀ ਪਟਸਨ ਖੇਤਰ ਨੂੰ ਉਤਸ਼ਾਹਿਤ ਕਰਨਾ - ਸੁਬਰਤਾ ਗੁਪਤਾ 40
- ਰੇਸ਼ਮੀ ਕੱਪੜਾ ਉਦਯੋਗ : ਚੁਣੌਤੀਆਂ ਅਤੇ ਉੱਨਤੀ - ਬੀ ਐੱਸ ਅੰਗਾੜੀ, ਕੇ.ਕੇ. ਸ਼ੇਟੀ, - ਐੱਚ ਨਗੇਸ਼ ਪ੍ਰਭੂ 47
- ਸਮੂਹਾਂ ਦੀ ਪਹੁੰਚ : ਵਿਕਾਸ ਲਈ ਰਣਨੀਤੀ - ਏ.ਕੇ. ਕ੍ਰਿਸ਼ਨਾ ਕੁਮਾਰ 54
- ਭਾਰਤੀ ਕੱਪੜਾ : ਵਿਸ਼ਵ ਦ੍ਰਿਸ਼ - ਆਰ ਕੇ ਡਾਲਮੀਆ 60
- ਕੱਪੜਾ ਨਿਰਯਾਤ : ਮੌਜੂਦਾ ਦ੍ਰਿਸ਼ ਅਤੇ ਅਗਾਂਹ ਦਾ ਰਸਤਾ - ਵਿਜਯਾ ਕਾਤੀ 62
- ਭਾਰਤੀ ਹੈਂਡਲੂਮ ਬ੍ਰਾਂਡ (ਆਈ ਐੱਚ ਬੀ) - 70
- ਕੱਪੜੇ ਵਿੱਚ ਰੁਝਾਨ : 2016-16 - ਅੰਜੂ ਮੋਦੀ 73



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ - 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 - ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਦਸਤਕਾਰੀ ਸਥਿਰਤਾ

ਸਮ੍ਰਿਤੀ ਜ਼ੁਬੀਨ ਇਰਾਨੀ

ਭਾਰਤ ਦਾ ਦਸਤਕਾਰੀ ਅਤੇ ਹੱਥ-ਖੱਡੀ ਉਦਯੋਗ ਦੇਸ਼ ਦੀ ਅਮੀਰ ਸੱਭਿਆਚਾਰਕ ਵਿਰਾਸਤ ਦਾ ਇਕ ਅਨਿੱਖੜਵਾਂ ਅੰਗ ਹੈ। ਇਹ ਅਸੰਗਠਿਤ, ਵਿਕੇਂਦਰੀਕ੍ਰਿਤ, ਕਿਰਤ ਮੁਖੀ ਘਰੇਲੂ ਉਦਯੋਗ ਹੈ ਜੋ ਦਿਹਾਤੀ ਅਤੇ ਅਰਧ-ਸ਼ਹਿਰੀ ਖੇਤਰਾਂ ਦੇ ਕਾਰੀਗਰ, ਹੁਨਰਮੰਦ ਵਿਅਕਤੀਆਂ ਨੂੰ ਰੋਜ਼ਗਾਰ ਪ੍ਰਦਾਨ ਕਰਦਾ ਹੈ ਜੋ ਭਾਰਤ ਦੀ ਅਨੂਠੀ ਤੇ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸਹੇਜ ਕੇ ਰੱਖਣ ਦੇ ਨਾਲ-ਨਾਲ ਦੇਸ਼ ਲਈ ਵੱਡੀ ਮਾਤਰਾ ਵਿੱਚ ਵਿਦੇਸ਼ੀ ਸਿੱਕਾ ਵੀ ਪੈਦਾ ਕਰਦਾ ਹੈ।

ਖੇਤੀਬਾੜੀ ਅਤੇ ਪਸ਼ੂਧਨ ਨਾਲ ਜੁੜੇ ਭਾਈਚਾਰੇ ਆਮਦਨ ਦੇ ਉਪ-ਸਰੋਤ ਲਈ ਰਵਾਇਤੀ ਤੌਰ ਤੇ ਬੁਣਾਈ ਅਤੇ ਦਸਤਕਾਰੀ ਹੁਨਰਾਂ ਉਤੇ ਨਿਰਭਰ ਰਹੇ ਹਨ। ਇਕ ਅੰਦਾਜ਼ੇ ਮੁਤਾਬਕ 23 ਮਿਲੀਅਨ ਦੇ ਲਗਭਗ ਲੋਕ ਮੌਜੂਦਾ ਸਮੇਂ ਦਸਤਕਾਰੀ ਅਤੇ ਬੁਣਾਈ ਵਿੱਚ ਲੱਗੇ ਹੋਏ ਹਨ। ਇਕ ਸਮਾਜਕ-ਆਰਥਿਕ ਸਮੂਹ ਦੇ ਤੌਰ ਤੇ ਉਹ ਸਭ ਤੋਂ ਹੇਠਲੇ ਪਾਇਦਾਨ ਉਤੇ ਹਨ। ਇਸ ਖੇਤਰ ਦੁਆਰਾ ਪਾਇਆ ਗਿਆ ਠੋਸ ਯੋਗਦਾਨ ਵੱਡੀ ਮਾਤਰਾ ਵਿੱਚ ਨਿਰਯਾਤ ਦੀ ਕਮਾਈ ਤੋਂ ਸਪੱਸ਼ਟ ਨਜ਼ਰ ਆ ਰਿਹਾ ਹੈ। ਭਾਰਤ ਦੀ ਹੱਥ ਕਲਾ ਦੇ ਉਤਪਾਦ ਸਾਰੇ ਦੇਸ਼ਾਂ ਵਿੱਚ ਨਿਰਯਾਤ ਕੀਤੇ ਜਾਂਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਵੱਡੇ ਅਤੇ ਵਿਕਸਤ ਦੇਸ਼ਾਂ ਦੇ ਬਜ਼ਾਰ ਜਿਵੇਂ ਅਮਰੀਕਾ, ਇੰਗਲੈਂਡ, ਯੂ ਏ ਈ, ਜਰਮਨੀ, ਫਰਾਂਸ, ਲਾਤੀਨੀ ਅਮਰੀਕੀ ਦੇਸ਼, ਇਟਲੀ, ਨੀਦਰਲੈਂਡ, ਕੈਨੇਡਾ ਅਤੇ ਆਸਟ੍ਰੇਲੀਆ ਸ਼ਾਮਲ ਹਨ। ਸੱਭਿਆਚਾਰਕ ਪੱਖੋਂ ਦਸਤਕਾਰੀ ਕਲਾ ਵਿੱਚ ਇਹ ਭਾਰਤ ਦੀਆਂ ਅਮੀਰ ਤੇ ਪੁਰਾਤਨ ਰਵਾਇਤਾਂ ਦੇ ਵਾਹਕ ਹਨ ਜੋ ਹੱਥ ਨਾਲ ਬਣੀਆਂ ਵਸਤਾਂ ਦੀ ਸੁੰਦਰਤਾ ਨੂੰ ਵਧਾਉਂਦੇ ਹਨ।

ਇਸ ਖੇਤਰ ਦੀਆਂ ਤਾਕਤਾਂ ਵਿੱਚ ਵੱਡੀ ਗਿਣਤੀ ਅਤੇ ਸਸਤੀ ਮਜ਼ਦੂਰੀ, ਸਥਾਨਕ ਸਰੋਤਾਂ ਦੀ ਵਰਤੋਂ, ਘੱਟ ਪੂੰਜੀ ਨਿਵੇਸ਼ ਅਤੇ ਨਿਵੇਕਲੀ ਦਸਤਕਾਰੀ ਕਲਾ ਸ਼ਾਮਲ ਹਨ ਜਿਨ੍ਹਾਂ ਨੂੰ ਵਿਸ਼ਵ ਪੱਧਰ ਦੀ ਪ੍ਰਸ਼ੰਸਾ ਹਾਸਲ ਹੋਈ ਹੈ। ਇਨ੍ਹਾਂ ਤਾਕਤਾਂ ਦੇ ਬਾਵਜੂਦ ਇਸ ਖੇਤਰ ਨੂੰ ਵੱਖ-ਵੱਖ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਵੇਂ ਕਿ ਘੱਟ ਸਾਖਰਤਾ ਅਤੇ ਸਿੱਖਿਆ ਦੇ ਪੱਧਰ, ਆਧੁਨਿਕ ਤਕਨੀਕੀ ਹੁਨਰਾਂ ਤੱਕ ਘੱਟ ਰਸਾਈ, ਕੱਚੇ ਮਾਲ ਵਿੱਚ ਢੁੱਕਵੇਂ ਨਿਵੇਸ਼ ਦੀ ਘਾਟ ਅਤੇ ਮਾੜਾ ਸੰਸਥਾਗਤ ਢਾਂਚਾ ਸ਼ਾਮਲ ਹਨ। ਵੱਡੇ ਪੱਧਰ ਉਤੇ ਮਸ਼ੀਨੀ ਵਸਤਾਂ ਤੋਂ ਇਸ ਖੇਤਰ ਨੂੰ ਮੁਕਾਬਲਾ ਮਿਲ ਰਿਹਾ ਹੈ : ਹੱਥ ਖੱਡੀਆਂ ਨੂੰ ਬਿਜਲਈ ਖੱਡੀਆਂ ਅਤੇ ਸਿੰਥੈਟਿਕ ਕੱਪੜੇ ਤੋਂ ਲਗਾਤਾਰ ਖ਼ਤਰਾ ਪੈਦਾ ਹੋ ਰਿਹਾ ਹੈ। ਅੱਜ ਸ਼ੀਸ਼ੇ ਅਤੇ ਮੋਮਜਾਮੇ ਨੇ ਵਾਤਾਵਰਨ ਪੱਖੀ ਬਿਨਾਂ ਚਮਕ ਦਮਕ ਵਾਲੇ ਮਿੱਟੀ ਦੇ ਬਣੇ ਕੁੱਲੜਾਂ ਜਾਂ ਸ਼ਿਕੋਰਾ ਨੂੰ ਲਗਭਗ ਖਤਮ ਕਰ ਦਿੱਤਾ ਹੈ।

ਇਨ੍ਹਾਂ ਮਜਬੂਰੀਆਂ ਦੇ ਬਾਵਜੂਦ, ਇਕ ਅਨੁਮਾਨ ਮੁਤਾਬਕ ਇਸ ਖੇਤਰ ਵਿੱਚ ਸਾਲਾਨਾ ਵਿਕਾਸ ਵੇਖਿਆ ਗਿਆ ਹੈ।

ਹੱਥ ਕਲਾ ਖੇਤਰ ਵਿੱਚ ਨਿਵੇਸ਼ ਦਿਹਾਤੀ ਭਾਈਚਾਰਿਆਂ ਦੀ ਆਰਥਿਕ, ਵਾਤਾਵਰਣਿਕ ਅਤੇ ਸਮਾਜਕ ਹਾਲਤਾਂ ਵਿੱਚ ਸੁਧਾਰ ਕਰਨ ਦੇ ਬੇਅੰਤ ਮੌਕੇ ਪ੍ਰਦਾਨ ਕਰਦਾ ਹੈ। ਹੱਥ ਕਲਾਵਾਂ ਦਾ ਵਿਸ਼ਵ ਬਾਜ਼ਾਰ 2019 ਤੱਕ 700 ਬਿਲੀਅਨ ਅਮਰੀਕੀ ਡਾਲਰ ਹੋਣ ਦੀ ਆਸ ਹੈ; ਭਾਰਤ ਦੀ ਮੌਜੂਦਾ ਹਿੱਸੇਦਾਰੀ 2 ਪ੍ਰਤਿਸ਼ਤ ਤੋਂ ਘੱਟ ਹੈ ਜੋ ਵਿਕਾਸ ਦਾ ਇਕ ਵੱਡਾ ਮੌਕਾ ਦਰਸਾਉਂਦੀ ਹੈ। ਇਸ ਦੇ ਵਾਤਾਵਰਣਿਕ ਲਾਭ ਵੀ ਹਨ। ਹੱਥ ਕਲਾਵਾਂ ਦੇ ਉਤਪਾਦਨ ਵਿੱਚ ਵਰਤੀਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਵਿੱਚ ਕਾਰਬਨ ਦੀ ਮਾਤਰਾ ਘੱਟ ਹੁੰਦੀ ਹੈ ਅਤੇ ਇਸ ਵਿੱਚ ਸਥਾਨਕ ਪੱਧਰ ਉਤੇ ਉਪਲਬਧ ਸਮੱਗਰੀਆਂ ਦੇ ਨਾਲ-ਨਾਲ ਕੁਦਰਤੀ ਅਤੇ ਜਿਥੋਂ ਤੱਕ ਸੰਭਵ ਹੋਵੇ, ਜੈਵਿਕ ਸਮਾਨ ਦੀ ਵਰਤੋਂ ਕਰਨ ਨੂੰ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ। ਹੱਥ ਕਲਾ ਵਸਤੂਆਂ ਦੇ ਉਤਪਾਦਨ ਨੂੰ ਆਮ ਤੌਰ ਤੇ ਘੱਟ ਹੁਨਰਮੰਦ, ਘਰ ਤੋਂ ਕੰਮ ਕਰਨ ਵਾਲੀਆਂ ਔਰਤਾਂ ਲਈ ਕਮਾਈ ਅਤੇ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵਜੋਂ ਵੇਖਿਆ ਜਾਂਦਾ ਹੈ ਜਿਸ ਨਾਲ ਉਨ੍ਹਾਂ ਦਾ ਪਰਿਵਾਰ ਅਤੇ ਸਮਾਜ ਵਿੱਚ ਰੁਤਬਾ ਬਣਦਾ ਹੈ।

ਇਸ ਖੇਤਰ ਦੀਆਂ ਸੰਭਾਵਨਾਵਾਂ ਤੋਂ ਲਾਹਾ ਲੈਣ ਲਈ ਵੱਖ-ਵੱਖ ਤਰ੍ਹਾਂ ਦੇ ਨਿਵੇਸ਼ ਕਰਨ ਦੀ ਲੋੜ ਹੈ ਤਾਂ ਕਿ ਰਵਾਇਤੀ ਹੱਥ ਕਲਾ ਦੀ ਸੰਭਾਲ, ਖੇਤਰ ਦੀ ਮਜਬੂਤੀ ਅਤੇ ਕਾਰੀਗਰਾਂ ਦੀ ਆਮਦਨ ਵਿੱਚ ਸੁਧਾਰ ਕੀਤਾ ਜਾ ਸਕੇ।

ਕਾਰੀਗਰ ਨੂੰ ਖੰਡਿਤ ਮੁੱਲ ਸ਼੍ਰੇਣੀ ਵਿੱਚ ਮਾਰਗ ਦਰਸ਼ਨ ਦੀ ਲੋੜ ਹੈ। ਉਤਪਾਦਨ ਵਿੱਚ ਲੱਗੇ ਕਾਰੀਗਰਾਂ ਨੂੰ ਉਨ੍ਹਾਂ ਦੇ ਹੁਨਰ ਦੀ ਅਹਿਮੀਅਤ ਬਾਰੇ ਚੇਤੇ ਕਰਵਾਉਣ ਅਤੇ ਜਾਗਰੂਕ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਹੁਨਰ ਵਿੱਚ ਸੁਧਾਰ ਅਤੇ ਉਤਪਾਦ ਦੀ ਪੇਸ਼ਕਾਰੀ ਲਈ ਨਿਰੰਤਰ ਸਿਖਲਾਈ ਦੇਣ ਦੀ ਜ਼ਰੂਰਤ ਹੈ। ਕੱਪੜਾ ਮੰਤਰਾਲੇ ਅਧੀਨ ਡੀ ਸੀ ਹੱਥ ਖੱਡੀ ਦਫ਼ਤਰ ਦੇ ਬੁਣਕਰ ਸੇਵਾ ਕੇਂਦਰ ਹੁਨਰ ਵਿੱਚ ਸੁਧਾਰ, ਸਮਰੱਥਾ ਵਿਕਾਸ ਅਤੇ ਹੱਖ ਖੱਡੀ ਬੁਣਕਰਾਂ ਦੀ ਬਿਹਤਰ ਉਤਪਾਦਕਤਾ ਲਈ ਤਕਨੀਕੀ ਸਹਾਇਤਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਜਿਸ ਨਾਲ ਬੁਣਕਰਾਂ ਦੀ ਆਮਦਨ ਵਿੱਚ ਇਜ਼ਾਫਾ ਹੁੰਦਾ ਹੈ। ਉਹ ਬੁਣਕਰਾਂ ਨੂੰ ਡਿਜ਼ਾਈਨ ਸੰਬੰਧੀ ਨੁਕਤੇ ਦਿੰਦੇ ਹਨ, ਬੁਣਤੀ ਤੋਂ ਪਹਿਲਾਂ ਅਤੇ ਬੁਣਤੀ ਤੋਂ ਬਾਅਦ ਦੇ ਕੰਮਾਂ ਲਈ



ਇਕ ਸੰਗਠਿਤ ਵਸਤਰ ਖੇਤਰ ਇਕਾਈ

ਸਿਖਲਾਈ ਪ੍ਰੋਗਰਾਮਾਂ ਦਾ ਪ੍ਰਬੰਧ ਕਰਦੇ ਹਨ, ਜਿਵੇਂ ਲਪੇਟਣਾ, ਤਾਣਾ ਪੇਟਾ, ਅਕਾਰ ਦੇਣਾ, ਰੰਗਾਈ, ਡਾਬੀ ਜੈਕਾਰਤ ਹਵਾ ਨਾਲ ਚੱਲਣ ਵਾਲੀ ਬੁਣਤੀ, ਡਿਜ਼ਾਈਨ ਬਣਾਉਣਾ (ਸੀ ਏ ਡੀ) ਆਦਿ। ਬੁਣਕਰ ਸੇਵਾ ਕੇਂਦਰ ਬੁਣਕਰਾਂ ਨੂੰ ਵੱਖ-ਵੱਖ ਵਪਾਰਕ ਮੇਲਿਆਂ ਅਤੇ ਨੁਮਾਇਸ਼ਾਂ ਉਤੇ ਲੈ ਕੇ ਜਾਣ ਲਈ ਪ੍ਰਾਯੋਜਿਤ ਵੀ ਕਰਦੇ ਹਨ ਅਤੇ ਉਨ੍ਹਾਂ ਦੇ ਬਾਜ਼ਾਰ ਨਾਲ ਸਿੱਧੇ ਸੰਬੰਧ ਸਥਾਪਤ ਕਰਨ ਵਿੱਚ ਸਹਾਈ ਹੁੰਦੇ ਹਨ। ਮੈਗਾ ਹੈਂਡਲੂਮ ਕਲਸਟਰ ਸਕੀਮ ਪਛਾਣਯੋਗ ਭੂਗੋਲਿਕ ਸਥਾਨਾਂ ਨੂੰ ਸਪੱਸ਼ਟ ਤੌਰ ਤੇ ਵਿਕਸਤ ਕਰਨ ਵਿੱਚ ਸਰਗਰਮੀ ਨਾਲ ਲੱਗੀ ਹੋਈ ਹੈ ਜੋ ਹੁਨਰ ਵਿੱਚ ਸੁਧਾਰ, ਡਿਜ਼ਾਈਨ ਸੰਬੰਧੀ ਸੁਝਾਅ ਦੇਣ, ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਵਿੱਚ ਸੁਧਾਰ ਕਰਨ ਅਤੇ ਸਿਹਤ ਸੇਵਾਵਾਂ ਦੇਣ ਜਿਹੇ ਵਿਸ਼ੇਸ਼ ਕੰਮਾਂ ਵਿੱਚ ਮੁਹਾਰਤ ਰੱਖਦੇ ਹਨ ਤਾਂ ਕਿ ਘਰੇਲੂ ਤੇ ਅੰਤਰਰਾਸ਼ਟਰੀ ਪੱਧਰ ਉਤੇ ਦ੍ਰਿਸ਼ਟੀਗੋਚਰ ਤੇ ਬਦਲ ਰਹੇ ਬਾਜ਼ਾਰ ਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਸਕੇ ਅਤੇ ਹੱਥ-ਖੱਡੀ ਉਦਯੋਗ ਵਿੱਚ ਲੱਗੇ ਲੱਖਾਂ ਬੁਣਕਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾ ਸਕੇ।

ਇਸ ਸਾਲ 7 ਅਗਸਤ ਨੂੰ ਰਾਸ਼ਟਰੀ ਹੱਥ ਖੱਡੀ ਦਿਵਸ ਦੇ ਮੌਕੇ ਉਤੇ ਕੱਪੜਾ ਮੰਤਰਾਲਾ ਅਤੇ ਹੁਨਰ ਵਿਕਾਸ ਤੇ ਉੱਦਮਤਾ ਮੰਤਰਾਲਾ ਦਰਮਿਆਨ, ਹੱਥ ਖੱਡੀ ਖੇਤਰ ਵਿੱਚ ਹੁਨਰ ਦੇ ਵਿਕਾਸ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ ਇਕ ਆਪਸੀ ਸਮਝੌਤੇ ਉਤੇ ਹਸਤਾਖਰ ਕੀਤੇ ਗਏ। ਸਮਝੌਤੇ ਤਹਿਤ, ਦੋਵੇਂ ਮੰਤਰਾਲੇ ਇਕੱਠੇ ਹੋ ਕੇ ਹੁਨਰ ਵਿਕਾਸ ਅਤੇ ਉੱਦਮਤਾ ਵਿਕਾਸ ਦੇ ਵੱਖ-ਵੱਖ ਪ੍ਰੋਗਰਾਮ, ਜਾਣਕਾਰੀ ਦੇ ਆਦਾਨ-ਪ੍ਰਦਾਨ, ਸਰੋਤਾਂ ਵਿੱਚ ਵਾਧੇ ਅਤੇ ਸੰਸਥਾਨਾਂ ਦੇ ਤਾਲਮੇਲ ਰਾਹੀਂ, ਬੁਣਕਰਾਂ ਵਾਸਤੇ ਚਲਾਉਣਗੇ।

ਦੂਜਾ, ਹੱਥ ਕਲਾਵਾਂ ਨੂੰ ਸਮਕਾਲੀ ਬਣਾ ਕੇ ਸ਼ਹਿਰੀ ਜੀਵਨ ਜਾਚ ਦੇ ਹਾਣ ਦਾ ਬਣਾਉਣਾ ਹੋਵੇਗਾ; ਮਾਰਕੇ ਸੰਬੰਧੀ ਯਤਨਾਂ ਨੂੰ ਮਜਬੂਤੀ ਦੇਣੀ ਹੋਵੇਗੀ ਤਾਂ ਕਿ ਭਾਰਤ ਦੇ ਹੱਥ ਖੱਡੀ ਉਤਪਾਦ ਵਿਸ਼ਵ ਬਾਜ਼ਾਰ ਵਿੱਚ ਮੁਕਾਬਲੇਬਾਜ਼ੀ ਕਰ ਸਕਣ ਅਤੇ ਸਮਾਜਕ ਤੇ ਵਪਾਰਕ ਟੀਚਿਆਂ ਨੂੰ ਮਿਲਾਉਣ ਵਾਲੇ ਨਵੇਂ ਵਪਾਰਕ ਮਾਡਲ ਵਿਕਸਤ ਕਰਨੇ ਪੈਣਗੇ। ਇੰਡੀਆ ਹੈਂਡਲੂਮ ਬ੍ਰਾਂਡ ਬਾਜ਼ਾਰੀਕਰਨ ਅਤੇ ਮਾਰਕੇ ਦੇ ਸੰਦਰਭ ਵਿੱਚ ਇਕ ਮਹੱਤਵਪੂਰਨ ਪਹਿਲਕਦਮੀ ਹੈ। ਇਹ ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਵਲੋਂ 7 ਅਗਸਤ, 2015 ਨੂੰ ਪਹਿਲੇ ਰਾਸ਼ਟਰੀ ਹੱਥ ਖੱਡੀ ਦਿਵਸ ਸਮੇਂ ਸ਼ੁਰੂ ਕੀਤੀ ਗਈ ਸੀ। ਇਹ ਪਹਿਲਕਦਮੀ ਉੱਚ ਗੁਣਵੱਤਾ ਵਾਲੇ ਹੱਥ ਖੱਡੀ ਉਤਪਾਦਾਂ ਨੂੰ ਮਾਰਕਾ ਪ੍ਰਦਾਨ ਕਰਨ ਲਈ ਸ਼ੁਰੂ ਕੀਤੀ ਗਈ ਸੀ ਜਿਸ ਵਿੱਚ ਸਿਫਰ ਨੁਕਸ ਹੋਣਗੇ ਅਤੇ ਕੱਚੇ ਮਾਲ, ਪ੍ਰਾਸੈਸਿੰਗ, ਸ਼ਿੰਗਾਰ ਸਜਾਵਟ, ਬੁਣਤੀ ਦੇ ਡਿਜ਼ਾਈਨ ਅਤੇ ਦੂਜੇ ਗੁਣਵੱਤਾ ਮਾਪਦੰਡਾਂ ਦੇ ਮਾਮਲੇ ਵਿੱਚ ਵਾਤਾਵਰਨ ਉਤੇ ਇਸ ਦਾ ਕੋਈ ਬੁਰਾ ਪ੍ਰਭਾਵ ਨਹੀਂ ਪਵੇਗਾ। ਇਸ ਵਾਸਤੇ ਉਨ੍ਹਾਂ ਦੇ ਉਤਪਾਦਨ ਸਮੇਂ ਸਮਾਜਕ ਅਤੇ ਵਾਤਾਵਰਣਿਕ ਸ਼ਰਤਾਂ ਦੀ ਪਾਲਣਾ ਜ਼ਰੂਰੀ ਕੀਤੀ ਜਾਵੇਗੀ। ਇਕ ਹੋਰ ਤੌਖ਼ਲਾ ਕਾਰੀਗਰਾਂ ਨੂੰ ਪੇਸ਼ੇਵਰ ਮਾਰਗਦਰਸ਼ਨ ਦੀ ਘਾਟ ਹੈ ਜੋ ਉਨ੍ਹਾਂ ਨੂੰ ਖਪਤਕਾਰਾਂ ਦੀ ਪਸੰਦ ਅਤੇ ਪ੍ਰਾਥਮਿਕਤਾ ਮੁਤਾਬਕ ਉਤਪਾਦ ਡਿਜ਼ਾਈਨ ਕਰਨ ਸਮੇਂ ਪੇਸ਼ ਆਉਂਦੀ ਹੈ। ਇਸ ਸਮੱਸਿਆ ਨੂੰ ਹੱਲ ਕਰਨ ਦੇ ਸਿੱਟੇ ਵਜੋਂ, ਨੈਸ਼ਨਲ ਇੰਸਟੀਚਿਊਟ ਆਫ ਫੈਸ਼ਨ ਟੈਕਨਾਲੋਜੀ (ਐੱਨ ਆਈ ਐੱਫ ਟੀ) ਵਲੋਂ 'ਹੱਥ



ਦਸਤਕਾਰੀ ਉਤਪਾਦ



ਵਸਤਰ ਖੇਤਰ ਵਿੱਚ ਔਰਤਾਂ ਦੇ ਅਧਿਕਾਰ

ਕਲਾ ਸਮੂਹ ਪਹਿਲਕਦਮੀਂ ਆਪਣੇ ਪਾਠਕ੍ਰਮ ਵਿੱਚ ਸ਼ਾਮਲ ਕੀਤੀ ਗਈ ਹੈ ਜੋ ਵਿਦਿਆਰਥੀਆਂ ਨੂੰ ਦੇਸ਼ ਦੇ ਵੱਖ-ਵੱਖ ਭਾਗਾਂ ਦੇ ਕਾਰੀਗਰਾਂ ਅਤੇ ਬੁਣਕਰਾਂ ਨਾਲ ਮਿਲ ਕੇ ਕੰਮ ਕਰਨ ਦੀ ਆਗਿਆ ਦਿੰਦੀ ਹੈ। ਇਸ ਨਾਲ ਵਿਦਿਆਰਥੀਆਂ ਨੂੰ ਇਸ ਖੇਤਰ ਨੂੰ, ਨਵੇਂ ਡਿਜ਼ਾਈਨ ਪੇਸ਼ ਕਰਨ, ਤਕਨੀਕਾਂ ਅਤੇ ਸਮੱਗਰੀ ਬੁਣਕਰਾਂ ਅਤੇ ਕਾਰੀਗਰ ਭਾਈਚਾਰੇ ਦੇ ਲਾਭ ਲਈ ਦਰਪੇਸ਼ ਚੁਨੌਤੀਆਂ ਬਾਰੇ ਜਾਣਨ ਵਿੱਚ ਮਦਦ ਮਿਲਦੀ ਹੈ। ਇਹ ਬੁਣਕਰਾਂ ਤੇ ਕਾਰੀਗਰਾਂ ਨੂੰ ਆਧੁਨਿਕ ਬਾਜ਼ਾਰ ਦੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਵੀ ਸਿਖਾਉਂਦੀ ਹੈ। ਐੱਨ ਆਈ ਐੱਫ ਟੀ ਚੇਨੱਈ ਕੇਰਲ ਦੇ ਕੋਜ਼ੀਕੋਡ ਸਮੂਹ (ਵਡਾਕਾਰਾ, ਕੋਇਲਾਂਟੀ ਅਤੇ ਕੋਜ਼ੀਕੋਡ) ਨਾਲ ਮਿਲ ਕੇ ਕੰਮ ਕਰ ਰਿਹਾ ਹੈ ਜੋ ਖ਼ਾਸ ਕਰਕੇ ਦੋ ਯੁਗਾਂ ਪੁਰਾਣੇ ਹੱਥ ਕਲਾ ਖੇਤਰਾਂ, ਮਤਲਬ ਹੱਥ ਖੱਡੀ ਬੁਣਤੀ ਅਤੇ ਉਰੂ ਨਾਲ ਕੰਮ ਕਰ ਰਿਹਾ ਹੈ। ਹੱਥ ਖੱਡੀ ਖੇਤਰ ਵਿੱਚ ਲਗਭਗ 30 ਸਰਗਰਮ ਸਹਿਕਾਰੀ ਸਭਾਵਾਂ ਸ਼ਾਮਲ ਹਨ ਅਤੇ ਹੱਥ ਕਲਾ ਖੇਤਰ ਵਿੱਚ ਬੇਪੁਰ ਨੇ ਕਾਰੀਗਰਾਂ ਨੂੰ ਰਵਾਇਤੀ ਕਿਸ਼ਤੀਆਂ ਦੇ ਲੱਕੜ ਦੇ ਨਮੂਨੇ ਤਿਆਰ ਕਰਨ ਦਾ ਕੰਮ ਦਿੱਤਾ ਹੋਇਆ ਹੈ ਜਿਨ੍ਹਾਂ ਨੂੰ ਉਰੂ ਆਖਿਆ ਜਾਂਦਾ ਹੈ। ਕੰਮ ਦੀ ਗੁਣਵੱਤਾ ਅਤੇ ਬਿਹਤਰ ਉਜਰਤਾਂ ਬਣਾਈ ਰੱਖੀਆਂ ਅਤੇ ਸੁਧਾਰੀਆਂ ਵੀ ਜਾ ਸਕਦੀਆਂ ਹਨ ਬਸ਼ਰਤੇ ਕਾਰੀਗਰਾਂ ਨੂੰ ਨਿਯਮਤ ਬਾਜ਼ਾਰ ਦੀਆਂ ਲੋੜਾਂ ਪੂਰਨ ਦੇ ਸਮਰੱਥ ਬਣਾਇਆ ਜਾਵੇ। ਇਸ ਲਈ ਕਾਰੀਗਰਾਂ ਨੂੰ ਵਾਜਬ ਕੀਮਤਾਂ ਤੋਂ ਵਧੀਆ ਕੱਚਾ ਮਾਲ ਅਸਾਨੀ ਨਾਲ ਮੁਹੱਈਆ ਕਰਵਾਉਣਾ ਪਵੇਗਾ। ਸਿੱਧੇ ਬਜ਼ਾਰੀਕਰਨ ਦੇ ਕੇਂਦਰਾਂ ਦੀ ਅਣਹੋਂਦ ਅਤੇ ਸ਼ਹਿਰੀ ਖੇਤਰਾਂ ਤੱਕ ਔਖੀ ਰਸਾਈ ਅੱਜ ਵੀ ਔਸਤ ਕਾਰੀਗਰ ਦੇ ਸਾਮਹਣੇ ਚੁਨੌਤੀ ਬਣ ਕੇ ਖੜ੍ਹੇ ਹਨ। ਕਾਰੀਗਰ ਦੇ ਬਾਜ਼ਾਰ ਨਾਲ ਸੰਬੰਧ ਅਤੇ ਸਮੂਹਾਂ ਨੂੰ ਮਜਬੂਤ ਕਰਨਾ ਹੋਵੇਗਾ। ਇਸ ਮੰਤਵ ਲਈ ਤਕਨੀਕ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

ਇਸ ਕਰਕੇ, ਈ-ਕਾਮਰਸ (ਵਣਜ) ਰਾਹੀਂ ਹੱਥ ਖੱਡੀ ਉਤਪਾਦਾਂ ਨੂੰ ਉਤਸ਼ਾਹਿਤ ਕਰਨਾ ਕੱਪੜਾ ਮੰਤਰਾਲਾ ਦੀਆਂ ਤਰਜੀਹਾਂ ਵਿੱਚੋਂ ਇਕ ਹੈ। ਪਾਰਦਰਸ਼ੀ, ਮੁਕਾਬਲੇਬਾਜ਼ੀ ਅਤੇ ਪ੍ਰਭਾਵੀ ਤਰੀਕੇ ਨਾਲ ਹੱਥ ਖੱਡੀ ਉਤਪਾਦਾਂ ਦੇ ਈ-ਬਾਜ਼ਾਰੀਕਰਨ ਨੂੰ ਉਤਸ਼ਾਹ ਦੇਣ ਲਈ ਵੱਖ-ਵੱਖ ਈ-ਵਣਜ ਮੰਚਾਂ ਨਾਲ ਹੱਥ ਖੱਡੀ ਉਤਪਾਦਾਂ ਦੇ ਬਾਜ਼ਾਰੀਕਰਨ ਲਈ ਰਾਬਤਾ ਕੀਤਾ ਗਿਆ ਹੈ। ਅਜਿਹੇ ਬਾਜ਼ਾਰ ਦਾ ਨਿਰਮਾਣ ਹੋਣ ਨਾਲ ਕਾਰੀਗਰ ਸਨਮਾਨਜਨਕ ਉਪਜੀਵਕਾ ਕਮਾਉਣ ਲਈ ਸਮਰੱਥ ਹੋ ਸਕੇਗਾ। ਹੱਥ ਕਲਾਵਾਂ ਦਾ ਖੇਤਰ ਵੱਖ-ਵੱਖ ਹਿਤਧਾਰਕਾਂ ਵਲੋਂ ਜ਼ਿਆਦਾ ਭਾਗੀਦਾਰੀ ਵਾਲੀ ਬਹੁ-ਹਿਤਧਾਰਕ ਪਹੁੰਚ ਤੋਂ ਫਾਇਦਾ ਉਠਾ ਸਕਦਾ ਹੈ, ਜਿਸ ਵਿੱਚ ਸਰਕਾਰ, ਵਿੱਤੀ ਸੰਸਥਾਨ, ਗ਼ੈਰ-ਮੁਨਾਫਾ ਅਤੇ ਵਿਦਿਅਕ ਖੇਤਰ ਲਈ ਸੰਬੰਧ ਰੱਖਣ ਵਾਲੇ ਆਪੋ ਆਪਣੇ ਮੁਹਾਰਤ ਦੇ ਖੇਤਰ ਰੱਖਣ ਵਾਲੇ ਸ਼ਾਮਲ ਹਨ। ਭਾਈਵਾਲੀ ਵਾਲੀ ਪ੍ਰਣਾਲੀ ਦਾ ਨਿਰਮਾਣ ਵੱਖ-ਵੱਖ ਹਿਤਧਾਰਕਾਂ ਦੀਆਂ ਭੂਮਿਕਾਵਾਂ ਨੂੰ ਇਕ ਸੇਧ ਵਿੱਚ ਕਰ

*ਬਾਕੀ ਸਫ਼ਾ 9 ਉੱਤੇ*



ਆਧੁਨਿਕ ਤਕਨੀਕ ਦਾ ਪ੍ਰਯੋਗ

# ਕੱਪੜਾ ਕਾਰੀਗਰਾਂ ਲਈ ਕਲਿਆਣਕਾਰੀ ਯੋਜਨਾਵਾਂ

ਅਜੇ ਟਮਟਾ

ਕੱਪੜਾ ਉਦਯੋਗ ਭਾਰਤ ਵਿੱਚ ਸਭ ਤੋਂ ਪੁਰਾਣੇ ਅਤੇ ਵੱਡੇ ਉਦਯੋਗਾਂ ਵਿੱਚੋਂ ਇਕ ਹੈ। ਪੁਰਾਤੱਤਵ ਅਧਿਐਨਾਂ ਅਤੇ ਸਰਵਿਆਂ ਤੋਂ ਜ਼ਾਹਰ ਹੁੰਦਾ ਹੈ ਕਿ ਹੜੱਪਾ ਸਭਿਅਤਾ ਦੇ ਲੋਕ, ਜੋ ਲਗਭਗ ਚਾਰ ਹਜ਼ਾਰ ਸਾਲ ਪਹਿਲਾਂ ਹੋਈ ਸੀ, ਕਤਾਈ ਅਤੇ ਬੁਣਾਈ ਬਾਰੇ ਜਾਣਦੇ ਸਨ। ਕੱਪੜਾ ਖੇਤਰ ਵਿੱਚ ਵਿਕਾਸ ਦਾ ਸੁਨਹਿਰਾ ਯੁੱਗ ਬੇਰੋਕ ਟੋਕ ਚਾਰ ਹਜ਼ਾਰ ਸਾਲਾਂ ਤੱਕ ਚਲਦਾ ਰਿਹਾ ਅਤੇ ਅੱਜ ਇਹ ਉਦਯੋਗ ਦੇਸ਼ ਵਿੱਚ ਲੱਖਾਂ ਕਿਰਤੀਆਂ ਨੂੰ ਰੋਜ਼ਗਾਰ ਦਿੰਦਾ ਹੈ। ਕੱਪੜਾ ਉਦਯੋਗ ਵਿੱਚ ਲੱਖਾਂ ਹੀ ਹੋਰ ਕਿਰਤੀਆਂ ਨੂੰ ਨੌਕਰੀਆਂ ਦੇਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਭਾਰਤ ਸਰਕਾਰ, ਕੱਪੜਾ ਉਦਯੋਗ ਦੇ ਕਿਰਤੀਆਂ ਲਈ ਸਿਹਤਮੰਦ ਵਾਤਾਵਰਨ ਦੇਣ ਦੀਆਂ ਕੋਸ਼ਿਸ਼ਾਂ ਵਿੱਚ ਲੱਗੀ ਹੋਈ ਹੈ ਤਾਂ ਕਿ ਉਹ ਉੱਤਮ ਕਿਸਮ ਦਾ ਕੱਪੜਾ ਤਿਆਰ ਕਰ ਸਕਣ ਜਿਸ ਨਾਲ ਉਦਯੋਗ ਵਿੱਚ ਲੱਗੇ ਸਭ ਕਿਰਤੀਆਂ ਦੀ ਭਲਾਈ ਹੋ ਸਕੇ। ਕੱਪੜਾ ਉਦਯੋਗ ਦੇ ਵੱਡੇ ਅਕਾਰ ਅਤੇ ਇਸ ਦੇ ਵੱਖ-ਵੱਖ ਖੇਤਰਾਂ ਨੂੰ ਦੇਖਦੇ ਹੋਏ, ਇਸ ਨੂੰ ਵੱਖ-ਵੱਖ ਕਿਸਮਾਂ ਅਤੇ ਮੁਹਾਰਤਾਂ ਵਾਲੇ ਕਾਰੀਗਰਾਂ ਦੀ ਲੋੜ ਹੁੰਦੀ ਹੈ। ਭਾਰਤ ਸਰਕਾਰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਲੋਕ ਭਲਾਈ ਸਕੀਮਾਂ ਲਾਗੂ ਕਰ ਰਹੀ ਹੈ, ਜਿਨ੍ਹਾਂ ਵਿੱਚੋਂ ਕੁੱਝ ਇਸ ਪ੍ਰਕਾਰ ਹਨ :

## 1. ਮਸ਼ੀਨੀ ਖੱਡੀ ਖੇਤਰ ਵਿੱਚ ਲੋਕ ਭਲਾਈ ਉਪਾਅ

***(ੳ) ਗਰੁੱਪ ਬੀਮਾ ਯੋਜਨਾ (ਜੀ ਆਈ ਐੱਸ) :*** ਮਸ਼ੀਨੀ ਖੱਡੀ ਬੁਣਕਰ ਕਿਸੇ ਵੀ ਜੀਵਨ ਬੀਮਾ ਜਾਂ ਸਿਹਤ ਬੀਮਾ ਸਕੀਮਾਂ ਅਧੀਨ ਨਹੀਂ ਆਉਂਦੇ ਕਿਉਂਕਿ ਉਹ ਸਮਾਜ ਦੇ ਘੱਟ ਆਮਦਨ ਤਬਕੇ ਵਿੱਚੋਂ ਆਉਂਦੇ ਹਨ ਅਤੇ ਗ਼ੈਰ ਸੁਖਾਵੇਂ ਵਾਤਾਵਰਨ ਵਿੱਚ ਰਹਿੰਦੇ ਹਨ। ਕੱਪੜਾ ਬੁਣਕਰਾਂ ਲਈ ਗਰੁੱਪ ਬੀਮਾ ਯੋਜਨਾ ਜੁਲਾਈ 2003 ਵਿੱਚ ਸ਼ੁਰੂ ਕੀਤੀ ਗਈ ਸੀ ਅਤੇ 12ਵੀਂ ਯੋਜਨਾ ਵਿੱਚ ਵੀ ਇਹ ਲਾਗੂ ਰਹੀ। ਇਹ ਸਕੀਮ ਕੱਪੜਾ ਮੰਤਰਾਲੇ ਵਲੋਂ ਆਪਣੇ ਨਾਲ ਜੁੜੇ ਦਫ਼ਤਰਾਂ ਰਾਹੀਂ ਜਿਵੇਂ ਕਿ ਕੱਪੜਾ ਕਮਿਸ਼ਨਰ, ਮੁੰਬਈ ਦਾ ਦਫ਼ਤਰ, ਲਾਗੂ ਕੀਤੀ ਜਾ ਰਹੀ ਹੈ ਅਤੇ ਬੁਣਕਰਾਂ ਨੂੰ ਹੇਠ ਦਿੱਤੇ ਲਾਭ ਪਹੁੰਚਾਉਂਦੀ ਹੈ :

- ਕੁਦਰਤੀ ਮੌਤ ਦੀ ਸੂਰਤ ਵਿੱਚ 60,000 ਰੁਪਏ।
- ਦੁਰਘਟਨਾ ਨਾਲ ਹੋਈ ਮੌਤ ਦੀ ਸੂਰਤ ਵਿੱਚ 1,50,000 ਰੁਪਏ।
- ਦੁਰਘਟਨਾ ਕਾਰਨ ਸਥਾਈ ਰੂਪ ਵਿੱਚ ਕੰਮ-ਕਾਜ ਤੋਂ ਅਸਮਰੱਥ ਹੋਣ ਦੀ ਸੂਰਤ ਵਿੱਚ 1,50,000 ਰੁਪਏ।
- ਦੁਰਘਟਨਾ ਕਾਰਨ ਕੁੱਝ ਅਸਮਰੱਥ ਹੋਣ ਦੀ ਸੂਰਤ ਵਿੱਚ 75,000 ਰੁਪਏ।

ਬੀਮਾ ਧਾਰਕ ਦੇ ਦੋ ਬੱਚਿਆਂ ਨੂੰ ਨੌਵੀਂ ਤੋਂ 12ਵੀਂ ਜਮਾਤ ਤੱਕ, ਸਿੱਖਿਆ ਸਹਾਇਤਾ ਸਕੀਮ ਅਧੀਨ, ਵੱਧ ਤੋਂ ਵੱਧ 2,400 ਰੁਪਏ ਸਾਲਾਨਾ ਤੱਕ ਸਿੱਖਿਆ ਸਹਾਇਤਾ ਦੇਣ ਦਾ ਵੀ ਪ੍ਰਬੰਧ ਹੈ। ਇਸ ਸਕੀਮ ਅਧੀਨ, 470 ਰੁਪਏ ਦੇ ਸਾਲਾਨਾ ਬੀਮਾ ਪ੍ਰੀਮੀਅਮ ਵਿੱਚੋਂ ਬੁਣਕਰ ਨੇ ਸਿਰਫ 80 ਰੁਪਏ ਸਾਲਾਨਾ ਹੀ ਚੁਕਤਾ ਕਰਨੇ ਹੁੰਦੇ ਹਨ। ਬਾਕੀ ਰਕਮ ਭਾਰਤ ਸਰਕਾਰ ਅਦਾ ਕਰਦੀ ਹੈ।

***(ਅ) ਕੱਪੜਾ ਬੁਣਕਰਾਂ ਲਈ ਪੁਨਰਵਾਸ ਫੰਡ ਸਕੀਮ (ਟੀ ਡਬਲਯੂ ਆਰ ਐੱਫ ਐੱਸ)***

ਇਸ ਸਕੀਮ ਅਧੀਨ, ਕਿਰਤੀਆਂ ਨੂੰ ਕੱਪੜਾ ਯੂਨਿਟ ਦੇ ਪੂਰੀ ਤਰ੍ਹਾਂ ਜਾਂ ਕੁੱਝ ਹਿੱਸਾ ਬੰਦ ਹੋ ਜਾਣ ਦੀ ਸੂਰਤ ਵਿੱਚ, ਅੰਤਰਿਮ ਸਹਾਇਤਾ ਦਿੱਤੀ ਜਾਂਦੀ ਹੈ। ਇਸ ਨਾਲ ਅਗਸਤ 2016 ਤੱਕ ਸਮੁੱਚੇ ਭਾਰਤ ਵਿੱਚ 98 ਬੰਦ ਕੱਪੜਾ ਮਿੱਲਾਂ ਦੇ 1,17,751 ਕਿਰਤੀਆਂ ਨੂੰ 319.66 ਕਰੋੜ ਰੁਪਏ ਦੀ ਰਾਸ਼ੀ ਸਹਾਇਤਾ ਵਜੋਂ ਮੁਹੱਈਆ ਕੀਤੀ ਜਾ ਚੁੱਕੀ ਹੈ।

## 2. ਹੱਥ-ਖੱਡੀ ਕਿਰਤੀਆਂ ਲਈ ਲੋਕ ਭਲਾਈ ਸਕੀਮਾਂ

ਹੱਥ-ਖੱਡੀ ਕਿਰਤੀਆਂ ਦੀ ਵੀ ਸਮਾਜਕ ਹਾਲਤ ਆਪਣੇ ਮਸ਼ੀਨੀ ਖੱਡੀ ਖੇਤਰ ਵਿੱਚ ਲੱਗੇ ਕਿਰਤੀਆਂ ਨਾਲੋਂ ਕੋਈ ਵੱਖ ਨਹੀਂ ਹੈ। ਹੱਥ-ਖੱਡੀ ਬੁਣਕਰ ਪੂਰੇ ਭਾਰਤ ਵਿੱਚ ਫੈਲੇ ਹੋਏ ਹਨ ਅਤੇ ਦੂਰ-ਦਰਾਜ ਦੇ ਕਬਾਇਲੀ/ਆਦਿਵਾਸੀ ਖੇਤਰਾਂ ਵਿੱਚ ਵੀ ਹਨ। ਇਹੋ ਕਾਰਨ ਹੈ ਕਿ ਉਨ੍ਹਾਂ ਦਾ ਸਮਾਜਕ ਸੁਰੱਖਿਆ ਜੀਵਨ ਦਿਨ-ਬ-ਦਿਨ ਹੋਰ ਵੀ ਪੇਚੀਦਾ ਹੁੰਦਾ ਜਾ ਰਿਹਾ ਹੈ। ਭਾਰਤ ਸਰਕਾਰ ਨੇ ਬੁਣਕਰਾਂ ਦੀ ਭਲਾਈ ਲਈ ਕਈ ਸਕੀਮਾਂ ਚਲਾਈਆਂ ਹਨ, ਜਿਨ੍ਹਾਂ ਵਿੱਚੋਂ ਕੁੱਝ ਹੇਠ ਦਿੱਤੀਆਂ ਜਾ ਰਹੀਆਂ ਹਨ :

### (ੳ) ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ (ਐੱਮ ਜੀ ਬੀ ਬੀ ਵਾਈ)

ਇਸ ਯੋਜਨਾ ਅਧੀਨ ਬੁਣਕਰਾਂ ਨੂੰ ਬੀਮਾ ਸੁਰੱਖਿਆ ਮੁਹੱਈਆ ਕੀਤੀ ਜਾਂਦੀ ਹੈ। ਅਜਿਹੇ ਬੀਮਾ ਹੋਏ ਬੁਣਕਰਾਂ ਨੂੰ ਹੇਠ ਦਿੱਤੀਆਂ ਸਹੂਲਤਾਂ ਮਿਲਦੀਆਂ ਹਨ :

- ਕੁਦਰਤੀ ਮੌਤ ਦੀ ਸੂਰਤ ਵਿੱਚ 60,000 ਰੁਪਏ।
- ਦੁਰਘਟਨਾ ਨਾਲ ਹੋਈ ਮੌਤ ਦੀ ਸੂਰਤ ਵਿੱਚ 1,50,000 ਰੁਪਏ।
- ਦੁਰਘਟਨਾ ਕਾਰਨ ਸਥਾਈ ਰੂਪ ਵਿੱਚ ਕੰਮ-ਕਾਜ ਤੋਂ ਅਸਮਰੱਥ ਹੋਣ ਦੀ ਸੂਰਤ ਵਿੱਚ 1,50,000 ਰੁਪਏ।
- ਦੁਰਘਟਨਾ ਕਾਰਨ ਕੁੱਝ ਅਸਮਰੱਥ ਹੋਣ ਦੀ ਸੂਰਤ ਵਿੱਚ 75,000 ਰੁਪਏ।

*(ਅ) ਸਿਹਤ ਬੀਮਾ ਯੋਜਨਾ (ਐੱਚ ਆਈ ਐੱਸ)*

12ਵੀਂ ਯੋਜਨਾ ਵਿੱਚ, ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ, ਕਿਰਤ ਅਤੇ ਰੋਜ਼ਗਾਰ ਮੰਤਰਾਲੇ ਦੀ ਰਾਸ਼ਟਰੀ ਸਿਹਤ ਬੀਮਾ ਯੋਜਨਾ ਦੀ ਤਰਜ ਉਤੇ ਇਕ ਸਿਹਤ ਬੀਮਾ ਯੋਜਨਾ ਨੂੰ ਮਨਜ਼ੂਰੀ ਦਿੱਤੀ। ਅੱਜਕੱਲ੍ਹ ਇਸ ਸਕੀਮ ਨੂੰ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਚਲਾ ਰਿਹਾ ਹੈ। ਸਿਹਤ ਮੰਤਰਾਲੇ ਨੇ 29 ਮਾਰਚ 2016 ਨੂੰ ਰਾਸ਼ਟਰੀ ਸਿਹਤ ਬੀਮਾ ਯੋਜਨਾ ਦਾ ਲਾਭ ਹੱਥ-ਖੱਡੀ ਬੁਣਕਰਾਂ ਨੂੰ ਦੇਣ ਲਈ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਿਨ੍ਹਾਂ ਵਿੱਚ ਹਸਪਤਾਲ ਵਿੱਚ ਭਰਤੀ ਹੋਏ ਮਰੀਜ਼ ਨੂੰ 30,000 ਰੁਪਏ ਦੀ ਰਾਸ਼ੀ ਦੀ ਬੀਮਾ ਸਹਾਇਤਾ ਦੇਣ ਦਾ ਪ੍ਰਬੰਧ ਵੀ ਹੈ। 19 ਰਾਜ ਜਿਨ੍ਹਾਂ ਵਿੱਚ ਰਾਸ਼ਟਰੀ ਸਿਹਤ ਬੀਮਾ ਯੋਜਨਾ ਲਾਗੂ ਕੀਤੀ ਜਾ ਰਹੀ ਹੈ, ਉਹ ਹਨ ਅਸਾਮ, ਬਿਹਾਰ, ਛੱਤੀਸਗੜ੍ਹ, ਗੁਜਰਾਤ, ਹਰਿਆਣਾ, ਝਾਰਖੰਡ, ਕਰਨਾਟਕ, ਕੇਰਲ, ਮਨੀਪੁਰ, ਹਿਮਾਚਲ ਪ੍ਰਦੇਸ਼, ਮੇਘਾਲਿਆ, ਮਿਜ਼ੋਰਮ, ਓਡੀਸ਼ਾ, ਪੰਜਾਬ, ਰਾਜਸਥਾਨ, ਤ੍ਰਿਪੁਰਾ, ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਪੱਛਮੀ ਬੰਗਾਲ।

ਮੰਤਰੀ ਮੰਡਲ ਦੇ ਫੈਸਲੇ ਅਨੁਸਾਰ, ਤਾਮਿਲਨਾਡੂ ਵਿੱਚ (ਜਿਥੇ ਰਾਸ਼ਟਰੀ ਸਿਹਤ ਬੀਮਾ ਯੋਜਨਾ ਲਾਗੂ ਨਹੀਂ ਕੀਤੀ ਗਈ ਹੈ), ਇਹ ਹੋਰ ਸਕੀਮ, ਸਿਹਤ ਬੀਮਾ ਸਕੀਮ, ਰਾਸ਼ਟਰੀ ਸਿਹਤ ਬੀਮਾ ਯੋਜਨਾ ਦੀ ਤਰਜ ਉਤੇ ਚਲ ਰਹੀ ਹੈ। ਇਸ ਸਕੀਮ ਅਧੀਨ, ਭਾਰਤ ਸਰਕਾਰ ਵਲੋਂ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਲਈ 30,000 ਰੁਪਏ ਦੀ ਸਹਾਇਤਾ ਦਿੱਤੀ ਜਾਂਦੀ ਹੈ। 1,44,294 ਬੁਣਕਰਾਂ ਨੂੰ 1 ਅਕਤੂਬਰ 2015 ਤੱਕ ਇਸ ਸਕੀਮ ਅਧੀਨ ਨਾਮਜ਼ਦ ਕੀਤਾ ਜਾ ਚੁੱਕਾ ਹੈ।

ਰਾਸ਼ਟਰੀ ਸਿਹਤ ਬੀਮਾ ਯੋਜਨਾ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਉਪਰ ਵਿਚਾਰ-ਵਟਾਂਦਰੇ ਲਈ ਕੱਪੜਾ ਮੰਤਰਾਲਾ ਸਮੇਂ-ਸਮੇਂ ਵਰਕਸ਼ਾਪਾਂ ਦਾ ਆਯੋਜਨ ਕਰਦਾ ਹੈ ਜਿਸ ਵਿੱਚ ਇਸ ਯੋਜਨਾ ਵਿੱਚ ਲੱਗੇ ਅਧਿਕਾਰੀ ਅਤੇ ਰਾਜ ਸਰਕਾਰਾਂ ਦੇ ਹੱਥ-ਖੱਡੀ ਵਿਭਾਗਾਂ ਦੇ ਕਮਿਸ਼ਨਰ/ਡਾਇਰੈਕਟਰ ਹਿੱਸਾ ਲੈਂਦੇ ਹਨ।

## 3. ਦਸਤਕਾਰੀ ਖੇਤਰ ਦੇ ਬੁਣਕਰਾਂ ਲਈ ਲੋਕ ਭਲਾਈ ਸਕੀਮਾਂ

ਭਾਰਤ ਦਾ ਦਸਤਕਾਰੀ ਉਦਯੋਗ ਬਹੁਤ ਅਮੀਰ ਅਤੇ ਹਰ ਖੇਤਰ, ਪੇਂਡੂ ਅਤੇ ਕਬਾਇਲੀ ਤੋਂ ਲੈ ਕੇ ਦੂਰ-ਦਰਾਜ਼ ਅਤੇ ਦੇਸ਼ ਦੇ ਧੁਰ ਅੰਦਰੂਨੀ ਖੇਤਰਾਂ ਵਿੱਚ ਮੌਜੂਦ ਹੈ। ਭਾਰਤ ਸਰਕਾਰ ਇਸ ਖੇਤਰ ਦੇ ਕਿਰਤੀਆਂ ਲਈ ਕਈ ਕਲਿਆਣਕਾਰੀ ਸਕੀਮਾਂ ਚਲਾ ਰਹੀ ਹੈ ਜੋ ਇਸ ਤਰ੍ਹਾਂ ਹਨ :

### (ੳ) ਰਾਜੀਵ ਗਾਂਧੀ ਸ਼ਿਲਪੀ ਸਿਹਤ ਬੀਮਾ ਯੋਜਨਾ

ਇਹ ਸਕੀਮ 2006-07 ਵਿੱਚ ਤਜਰਬੇ ਦੇ ਤੌਰ ਤੇ ਲਾਗੂ ਕੀਤੀ ਗਈ ਸੀ ਪਰ ਇਹ 11ਵੀਂ ਅਤੇ 12ਵੀਂ ਪੰਜ ਸਾਲਾ ਯੋਜਨਾ ਵਿੱਚ ਵੀ ਚਾਲੂ ਰਹੀ। ਇਸ ਦਾ ਉਦੇਸ਼, ਦਸਤਕਾਰੀ ਖੇਤਰ ਵਿੱਚ ਲੱਗੇ ਦਸਤਕਾਰਾਂ ਨੂੰ ਮੈਡੀਕਲ ਸਹੂਲਤਾਂ ਦੇਣਾ ਹੈ। ਦਸਤਕਾਰ ਨੇ ਸਿਰਫ 30 ਰੁਪਏ ਰਜਿਸਟ੍ਰੇਸ਼ਨ ਲਈ ਦੇਣੇ ਹੁੰਦੇ ਹਨ ਅਤੇ ਭਾਰਤ ਸਰਕਾਰ ਇਸ ਸਕੀਮ ਦਾ 75 ਪ੍ਰਤਿਸ਼ਤ ਖਰਚਾ ਉਠਾਉਂਦੀ ਹੈ। ਬਾਕੀ ਬਚਿਆ 25 ਪ੍ਰਤਿਸ਼ਤ ਖਰਚਾ ਰਾਜ ਸਰਕਾਰਾਂ ਉਠਾਉਂਦੀਆਂ ਹਨ। ਜੰਮੂ ਕਸ਼ਮੀਰ ਅਤੇ ਉੱਤਰ ਪੂਰਬੀ ਰਾਜਾਂ ਵਿੱਚ, ਭਾਰਤ ਸਰਕਾਰ ਪ੍ਰੀਮੀਅਮ ਦਾ 90 ਪ੍ਰਤਿਸ਼ਤ ਹਿੱਸਾ ਦਿੰਦੀ ਹੈ।

ਇਸ ਸਕੀਮ ਅਧੀਨ, ਕਾਰੀਗਰ ਅਤੇ ਉਸ ਦੇ ਪਰਿਵਾਰ ਦੇ ਚਾਰ ਹੋਰ ਜੀਆਂ ਨੂੰ ਸਿਹਤ ਬੀਮਾ ਦਾ ਲਾਭ ਦਿੱਤਾ ਜਾਂਦਾ ਹੈ। ਪਰਿਵਾਰ ਦੇ ਕਿਸੇ ਵੀ ਮੈਂਬਰ ਦੇ ਹਸਪਤਾਲ ਵਿੱਚ ਦਾਖਲ ਹੋਣ ਦੀ ਸੂਰਤ ਵਿੱਚ 30,000 ਰੁਪਏ ਦਾ ਬੀਮਾ ਅਤੇ ਹਸਪਤਾਲ ਤੋਂ ਬਾਹਰ ਦੇ ਇਲਾਜ ਦਾ 7500 ਰੁਪਏ ਦਾ ਬੀਮਾ ਮੁਹੱਈਆ ਕੀਤਾ ਜਾਂਦਾ ਹੈ। ਇਸ ਸਕੀਮ ਨੂੰ ਹੁਣ ਰਾਸ਼ਟਰੀ ਸਿਹਤ ਬੀਮਾ ਯੋਜਨਾ ਵਿੱਚ ਸ਼ਾਮਲ ਕੀਤਾ ਗਿਆ ਹੈ ਅਤੇ 1.4.2017 ਤੋਂ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਇਸ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੋਵੇਗਾ। ਹੁਣ ਤੱਕ, ਇਸ ਸਕੀਮ ਅਧੀਨ 23,74,938 ਕਾਰੀਗਰ ਰਜਿਸਟਰ ਕੀਤੇ ਜਾ ਚੁੱਕੇ ਹਨ।

*ਆਮ ਆਦਮੀ ਬੀਮਾ ਯੋਜਨਾ*

ਭਾਰਤੀ ਜੀਵਨ ਬੀਮਾ ਨਿਗਮ ਨੇ 2004-05 ਵਿੱਚ ਦਸਤਕਾਰੀ ਖੇਤਰ ਦੇ ਕਾਰੀਗਰਾਂ ਲਈ ਜਨਸ਼੍ਰਿਰੀ ਬੀਮਾ ਯੋਜਨਾ ਲਾਗੂ ਕੀਤੀ ਸੀ। ਭਾਵੇਂ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਇਸ ਸਕੀਮ ਨੂੰ 11ਵੀਂ ਯੋਜਨਾ ਵਿੱਚ ਮਨਜ਼ੂਰੀ ਦੇ ਦਿੱਤੀ ਸੀ ਪਰ ਖਰਚਾ ਵਿੱਤ ਕਮੇਟੀ ਦੀ ਸਿਫਾਰਸ਼ ਉਤੇ ਇਸ ਦਾ ਨਾਮ ਬਦਲ ਕੇ ਆਮ ਆਦਮੀ ਬੀਮਾ ਯੋਜਨਾ ਕਰ ਦਿੱਤਾ ਗਿਆ ਸੀ। ਪਿਛਲੇ ਤਿੰਨ ਸਾਲਾਂ (2013-14 ਤੋਂ 2015-16) ਅਤੇ ਚਾਲੂ ਸਾਲ 2016-17 (ਜੂਨ 2016 ਤੱਕ), 23,31,288 ਕਾਰੀਗਰ ਇਸ ਸਕੀਮ ਦੇ ਘੇਰੇ ਹੇਠ ਆ ਗਏ ਸਨ। ਆਮ ਆਦਮੀ ਬੀਮਾ ਯੋਜਨਾ ਨੂੰ ਪ੍ਰਧਾਨ ਮੰਤਰੀ ਜੀਵਨ ਜਿਓਤੀ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ ਵਿੱਚ ਸ਼ਾਮਲ ਕਰ ਦੇਣ ਦਾ ਵੀ ਪ੍ਰਸਤਾਵ ਹੈ।

### ਗਰੀਬ ਕਾਰੀਗਰਾਂ ਨੂੰ ਆਰਥਿਕ ਸਹਾਇਤਾ

ਇਸ ਸਕੀਮ ਅਧੀਨ, ਕਾਰੀਗਰਾਂ ਨੂੰ ਉਨ੍ਹਾਂ ਦੇ ਪਿਛਲੇਰੇ ਸਾਲਾਂ ਵਿੱਚ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਗਰੀਬ ਕਾਰੀਗਰ, ਜੋ 60 ਸਾਲਾਂ ਦੀ ਉਮਰ ਤੋਂ ਵੱਧ ਦੇ ਹਨ ਅਤੇ ਜਿਨ੍ਹਾਂ ਨੇ ਸ਼ਿਲਪ ਗੁਰੂ/ਰਾਸ਼ਟਰੀ ਪੁਰਸਕਾਰ, ਰਾਸ਼ਟਰੀ ਮੈਰਿਟ ਪੁਰਸਕਾਰ, ਰਾਜ ਦਸਤਕਾਰੀ ਪੁਰਸਕਾਰ ਹਾਸਲ ਕੀਤੇ ਹਨ ਅਤੇ ਜਿਨ੍ਹਾਂ ਦੀ ਸਾਲਾਨਾ ਆਮਦਨ 30,000 ਤੋਂ ਘੱਟ ਹੈ, ਨੂੰ 3,000 ਰੁਪਏ ਮਹੀਨਾ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ, 1035 ਕਾਰੀਗਰਾਂ ਨੂੰ 2014-15 ਅਤੇ 2015-16 ਮਾਲੀ ਸਾਲਾਂ ਵਿੱਚ 164.06 ਕਰੋੜ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ ਸੀ।

## 4. ਪਟਸਨ ਖੇਤਰ ਦੇ ਕਿਰਤੀਆਂ ਲਈ ਕਲਿਆਣਕਾਰੀ ਸਕੀਮਾਂ

- ***ਪਟਸਨ ਕਿਰਤੀ ਕਲਿਆਣਕਾਰੀ ਸਕੀਮ (ਮਿੱਲ ਖੇਤਰ ਵਿੱਚ ਸਾਫ ਸਫਾਈ) :*** ਇਸ ਸਕੀਮ ਦਾ ਉਦੇਸ਼, ਪਟਸਨ ਮਿੱਲਾਂ ਵਿੱਚ ਲੱਗੇ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਸਾਫ ਸਫਾਈ ਸਹੂਲਤਾਂ ਮੁਹੱਈਆ ਕਰਨਾ ਹੈ। ਇਸ ਸਕੀਮ ਅਧੀਨ ਇਨ੍ਹਾਂ ਮਿੱਲਾਂ ਦੇ ਮਰਦ ਅਤੇ ਔਰਤ ਕਿਰਤੀਆਂ ਲਈ ਸ਼ੌਚਾਲਿਆ, ਗੁਸਲਖ਼ਾਨਾ ਆਦਿ ਨਾਲ ਲੈਸ ਸਾਫ ਸਫਾਈ ਬਲਾਕ ਸਥਾਪਤ ਕੀਤੇ ਜਾਂਦੇ ਹਨ। ਰਾਸ਼ਟਰੀ ਜੂਟ ਬੋਰਡ, ਕੁੱਲ ਲਾਗਤ ਦਾ 90 ਪ੍ਰਤਿਸ਼ਤ ਜਾਂ ਵੱਧ ਤੋਂ ਵੱਧ 40 ਲੱਖ ਰੁਪਏ ਦੀ ਸਹਾਇਤਾ ਇਸ ਸਕੀਮ ਅਧੀਨ ਦਿੰਦਾ ਹੈ।

***• ਜੂਟ ਮਿੱਲ ਕਿਰਤੀਆਂ ਨੂੰ ਸਿੱਖਿਆ ਲਈ ਉਤਸ਼ਾਹਿਤ ਕਰਨ ਲਈ ਵਜ਼ੀਫੇ :*** ਇਸ ਸਕੀਮ ਅਧੀਨ, ਜੂਟ ਮਿੱਲ ਕਿਰਤੀਆਂ ਦੇ ਬੱਚਿਆਂ, ਖ਼ਾਸ ਕਰਕੇ ਲੜਕੀਆਂ ਨੂੰ ਸਿੱਖਿਆ ਲਈ ਉਤਸ਼ਾਹਿਤ ਕਰਨ ਲਈ ਵਜ਼ੀਫੇ ਦਿੱਤੇ ਜਾਂਦੇ ਹਨ। ਅਜਿਹੇ ਪਰਿਵਾਰਾਂ ਦੀ ਹਰ ਲੜਕੀ ਨੂੰ ਦਸਵੀਂ ਪਾਸ ਕਰਨ ਤੇ 5,000 ਰੁਪਏ ਦਾ ਵਜ਼ੀਫਾ ਅਤੇ ਬਾਰ੍ਹਵੀਂ ਪਾਸ ਕਰਨ ਉਤੇ 10,000 ਰੁਪਏ ਦਾ ਵਜ਼ੀਫਾ ਦਿੱਤਾ ਜਾਂਦਾ ਹੈ।

2015-16 ਵਿੱਚ ਇਸ ਸਕੀਮ ਦਾ ਦਾਇਰਾ ਵਧਾਇਆ ਗਿਆ। ਗ੍ਰੈਜੂਏਟ ਨੂੰ 15,000 ਰੁਪਏ ਅਤੇ ਪੋਸਟ ਗ੍ਰੈਜੂਏਟ ਨੂੰ 20,000 ਰੁਪਏ ਦਾ ਵਜ਼ੀਫਾ ਦਿੱਤਾ ਜਾਣ ਲੱਗਾ। ਕਿੱਤਾ-ਮੁਖੀ ਕੋਰਸਾਂ ਦੀ ਟਿਊਸ਼ਨ ਫੀਸ ਦੀ ਸਹਾਇਤਾ (ਜਿਵੇਂ ਕਿ ਇੰਜਨੀਅਰਿੰਗ, ਤਕਨਾਲੋਜੀ, ਮੈਨੇਜਮੈਂਟ, ਸੀ ਏ, ਸੀ ਐੱਸ, ਆਈ ਸੀ ਡਬਲਯੂ ਏ ਆਈ) ਲਈ ਵੀ ਪ੍ਰਬੰਧ ਕੀਤਾ ਗਿਆ ਹੈ। 2013-14 ਤੋਂ 6,733 ਵਿਦਿਆਰਥੀ ਇਸ ਸਕੀਮ ਦਾ ਲਾਭ ਉਠਾ ਚੁੱਕੇ ਹਨ।

***• ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਦੇ ਜੂਟ ਮਿੱਲਾਂ ਦੇ ਕਿਰਤੀਆਂ ਲਈ ਜੀਵਨ ਬੀਮਾ ਯੋਜਨਾ :*** ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਜੂਟ ਮਿੱਲ ਕਿਰਤੀਆਂ ਲਈ ਜੀਵਨ ਬੀਮਾ ਯੋਜਨਾ ਸ਼ੁਰੂ ਵਿੱਚ ਤਿੰਨ ਸਾਲ ਲਈ ਹੈ (ਅਗਸਤ 2016 ਤੋਂ ਮਾਰਚ 2019)। ਇਸ ਯੋਜਨਾ ਦੇ ਦੋ ਹਿੱਸੇ ਹਨ : (ੳ) ਪ੍ਰਧਾਨ ਮੰਤਰੀ ਜੀਵਨ ਜਿਓਤੀ ਬੀਮਾ ਯੋਜਨਾ ਅਤੇ (ਅ) ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ।

ਕੱਪੜਾ ਉਦਯੋਗ ਦੇ ਕਿਰਤੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਕੱਪੜਾ ਮੰਤਰਾਲਾ ਸਮੇਂ-ਸਮੇਂ ਨਿਗਰਾਨੀ ਕਰਦਾ ਹੈ। ਮੰਤਰਾਲਾ ਕਿਰਤੀਆਂ ਦੇ ਹਿੱਤਾਂ ਦੀ ਰਾਖੀ ਨੂੰ ਵੱਧ ਤੋਂ ਵੱਧ ਮਹੱਤਵ ਦਿੰਦਾ ਹੈ ਅਤੇ ਉਨ੍ਹਾਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਵਿੱਚ ਲਗਾਤਾਰ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

*(ਲੇਖਕ ਕੇਂਦਰ ਸਰਕਾਰ ਦੇ ਵਸਤਰ ਮੰਤਰਾਲੇ ਵਿੱਚ ਰਾਜ ਮੰਤਰੀ ਹਨ)*

*e-mail :ajay.tamta@sansad.nic.in*

***ਸਫ਼ਾ 6 ਦਾ ਬਾਕੀ***

ਦੇਵੇਗਾ, ਜਿਨ੍ਹਾਂ ਵਿੱਚੋਂ ਹਰੇਕ ਵੱਖ-ਵੱਖ ਢੰਗਾਂ ਨਾਲ ਕਾਰੀਗਰਾਂ ਦੀ ਸਹਾਇਤਾ ਕਰ ਸਕਦਾ ਹੈ। ਇਕ ਦਿਲਚਸਪ ਮਿਸਾਲ ਨਾਰਥ ਈਸਟਰਨ ਡਿਵੈਲਪਮੈਂਟ ਫਾਈਨੈਂਸ ਕਾਰਪੋਰੇਸ਼ਨ ਦੀ ਐਕੁਆ ਵੀਵਜ਼ ਦੀ ਹੈ, ਜੋ ਅਸਾਮ ਅਧਾਰਤ ਸੰਗਠਨ ਹੈ। ਇਸ ਵਲੋਂ ਬਾਰਾਮਾਸੀ ਅਤੇ ਪ੍ਰਦੂਸ਼ਿਤ ਪਾਣੀ ਦੀ ਸੁੰਬਲੀ ਤੋਂ ਵੱਖ-ਵੱਖ ਪ੍ਰਕਾਰ ਦੇ ਦਿਲਚਸਪ ਉਤਪਾਦ ਜਿਵੇਂ ਬੈਗ, ਘਰੇਲੂ ਸਜਾਵਟੀ ਸਮਾਨ ਅਤੇ ਹੋਰ ਜ਼ਰੂਰਤ ਦੀਆਂ ਵਸਤਾਂ ਆਦਿ ਬਣਾਉਣੇ ਸ਼ੁਰੂ ਕੀਤੇ ਹਨ। ਥਾਈਲੈਂਡ ਅਤੇ ਮਲੇਸ਼ੀਆ ਤੋਂ ਸਿੱਖਿਆ ਲੈ ਕੇ ਅਤੇ ਨੈਸ਼ਨਲ ਇੰਸਟੀਚਿਊਟ ਆਫ ਡਿਜ਼ਾਈਨ, ਅਹਿਮਦਾਬਾਦ ਤੋਂ ਡਿਜ਼ਾਈਨ ਸੰਬੰਧੀ ਸੁਝਾਅ ਅਤੇ ਮਾਹਰ ਸਲਾਹ ਪ੍ਰਾਪਤ ਕਰਕੇ ਉਤਪਾਦ ਬਣਾਏ ਜਾ ਰਹੇ ਹਨ। ਸਮਝਿਆ ਜਾਂਦਾ ਹੈ ਕਿ ਇਨ੍ਹਾਂ ਉਤਪਾਦਾਂ ਦੀ ਨਾ ਸਿਰਫ ਭਾਰਤ ਸਗੋਂ ਨੇਪਾਲ ਅਤੇ ਜਾਪਾਨ ਵਰਗੇ ਵਿਦੇਸ਼ੀ ਮੁਲਕਾਂ ਦੇ ਬਾਜ਼ਾਰਾਂ ਵਿੱਚ ਵੀ ਚੰਗੀ ਪੈਂਠ ਹੈ। ਇਸ ਨੇ ਇਸ ਕਿੱਤੇ ਵਿੱਚ ਲੱਗੇ ਕਾਰੀਗਰਾਂ ਨੂੰ ਲਾਭ ਪਹੁੰਚਾਇਆ ਹੈ।

ਭਾਰਤ ਦੇ ਹੱਥ ਖੱਡੀ ਅਤੇ ਹੱਥ ਕਲਾ ਉਤਪਾਦ ਬਹੁ-ਪ੍ਰਕਾਰ ਦੇ ਹਨ। ਭਾਰਤ ਦੇ ਵੱਖ-ਵੱਖ ਖੇਤਰ ਵੱਖ-ਵੱਖ ਪ੍ਰਕਾਰ ਦੇ ਹੱਥ ਕਲਾ ਉਤਪਾਦ ਬਣਾਉਣ ਲਈ ਪ੍ਰਸਿੱਧ ਹਨ ਜਿਨ੍ਹਾਂ ਨੂੰ ਭੂਗੋਲਿਕ ਸਥਿਤੀ ਮੌਸਮ ਦੇ ਹਾਲਾਤ ਅਤੇ ਇਨ੍ਹਾਂ ਖੇਤਰਾਂ ਦੇ ਪੁਰਾਤਨ ਸੱਭਿਆਚਾਰ ਦੇ ਅਧਾਰ ਉਤੇ ਵਿਕਸਤ ਕੀਤਾ ਗਿਆ ਹੈ। ਬਹੁਤ ਖ਼ੁਸ਼ੀ ਵਾਲੀ ਗੱਲ ਹੈ ਕਿ 143 ਦੇ ਲਗਭਗ ਕੱਪੜਿਆਂ ਅਤੇ ਹੱਥ ਕਲਾ ਉਤਪਾਦਾਂ ਲਈ ਭੂਗੋਲਿਕ ਸੂਚਕਾਂ ਦਾ ਪੰਜੀਕਰਨ ਕੀਤਾ ਗਿਆ ਹੈ। ਕੱਪੜੇ ਦੇ ਖੇਤਰ ਵਿੱਚ ਭੂਗੋਲਿਕ ਸੂਚਕਾਂ ਵਿੱਚ ਭਾਰਤ ਦੇ ਦਿਲ ਵਿੱਚ ਬਣਾਇਆ ਜਾਂਦਾ ਚੰਦੇਰੀ ਨਾਮ ਦਾ ਪ੍ਰਸਿੱਧ ਕੱਪੜਾ ਸ਼ਾਮਲ ਹੈ, ਇਕ ਬੁਣਤੀ ਕਰਕੇ ਬਣਾਇਆ ਕੱਪੜਾ ਜਿਸ ਦੀ ਸ਼ੁਰੂਆਤ 1305 ਏ ਡੀ ਦੇ ਆਸਪਾਸ ਹੋਈ ਦੱਸੀ ਜਾਂਦੀ ਹੈ। ਇਸੇ ਤਰ੍ਹਾਂ ਹੀ ਕੋਟਾ ਡੋਰੀਆ ਲਈ ਵੀ ਇਕ ਭੂਗੋਲਿਕ ਸੂਚਕ ਹੈ। ਇਹ ਨਾਮ ਕਾਇਥੂਨ ਨਾਮਕ ਸਥਾਨ ਅਤੇ ਰਾਜਸਥਾਨ ਦੇ ਬਾਰਨ ਜ਼ਿਲ੍ਹੇ ਦੇ ਬਹੁਤ ਸਾਰੇ ਪਿੰਡਾਂ ਵਿੱਚ ਬੁਣੀਆਂ ਸਾੜ੍ਹੀਆਂ ਨੂੰ ਦਿੱਤਾ ਗਿਆ ਹੈ। ਇਹ ਸਾੜ੍ਹੀਆਂ ਜ਼ਿਆਦਾਤਰ ਸੂਤ ਅਤੇ ਰੇਸ਼ਮ ਦੇ ਵੱਖ-ਵੱਖ ਸੁਮੇਲਾਂ ਨਾਲ ਤਾਣੇ ਅਤੇ ਪੇਟੇ ਵਿੱਚ ਬਣਾਈਆਂ ਜਾਂਦੀਆਂ ਹਨ। ਹੁਨਰਮੰਦ ਬੁਣਕਰਾਂ ਦੁਆਰਾ ਭਾਰਤ ਦੇ ਨਿਵੇਕਲੇ ਅਤੇ ਬੇਸ਼ਕੀਮਤੀ ਕੱਪੜੇ, ਜਿਸ ਨੂੰ ਸਾਰੇ ਦੇਸ਼ਾਂ ਵਿੱਚ ਸਲਾਹਿਆ ਗਿਆ ਅਤੇ ਭੂਗੋਲਿਕ ਸੂਚਕ ਦਾ ਦਰਜਾ ਦਿੱਤਾ ਗਿਆ, ਉਨ੍ਹਾਂ ਵਿੱਚ ਪ੍ਰਸਿੱਧ ਪੋਚਮਪੱਲੀ ਇਕਤ, ਕਾਂਜੀਵਰਮ ਸਿਲਕ, ਸ੍ਰੀਕਾਲਾ ਹਸਥੀ ਕਾਲਾਮਕਰੀ, ਮਹੇਸ਼ਵਰ, ਕਾਂਥਾ (ਪੱਛਮੀ ਬੰਗਾਲ ਦੀਆਂ ਔਰਤਾਂ ਦਾ ਦੇਸੀ ਹੱਥ ਕਲਾ ਉਤਪਾਦ), ਜਮਦਾਨੀ (ਵੱਖ-ਵੱਖ ਪੱਧਤੀਆਂ ਵਾਲਾ ਸੂਤੀ ਕੱਪੜਾ), ਬਾਲੂਚਾਰੀ ਅਤੇ ਓਡੀਸ਼ਾ ਦੀ ਪ੍ਰਸਿੱਧ ਇਕਤ ਕੁੱਝ ਉਤਪਾਦ ਹਨ ਜਿਨ੍ਹਾਂ ਦਾ ਨਾਮ ਲਿਆ ਜਾ ਸਕਦਾ ਹੈ।

ਭੂਗੋਲਿਕ ਸੂਚਕ (ਜੀ ਆਈ) ਬੁਣਕਰਾਂ ਅਤੇ ਕਾਰੀਗਰਾਂ ਦੀ ਰਵਾਇਤੀ ਜਾਣਕਾਰੀ ਦੀ ਸੁਰੱਖਿਆ ਕਰਦਾ ਹੈ ਅਤੇ ਇਸ ਦੀ ਗੈਰ ਕਾਨੂੰਨੀ ਵਰਤੋਂ ਵਿਰੁੱਧ ਕਾਨੂੰਨੀ ਸੁਰੱਖਿਆ ਮੁਹੱਈਆ ਕਰਵਾਉਂਦਾ ਹੈ; ਇਹ ਕਾਰੀਗਰਾਂ ਨੂੰ ਸਮੂਹਿਕ ਏਕਾਧਿਕਾਰ ਪ੍ਰਦਾਨ ਕਰਦਾ ਹੈ ਜਿਸ ਨਾਲ ਅਨੂਠੇ ਸੱਭਿਆਚਾਰਕ ਵਿਰਸੇ ਅਤੇ ਸਾਡੀਆਂ ਰਵਾਇਤੀ ਕਲਾਵਾਂ ਤੇ ਹੱਥ ਕਲਾਵਾਂ ਨੂੰ ਸੁਰੱਖਿਆ ਮਿਲਦੀ ਹੈ। ਲਗਾਤਾਰ ਵਧ ਰਹੀ ਮਸ਼ੀਨੀ ਅਤੇ ਇਕਸਾਰੀਕਰਨ ਦੀ ਦੁਨੀਆਂ ਵਿੱਚ ਭਾਰਤ ਦੀਆਂ ਅਸੰਖ ਹੱਥ ਕਲਾਵਾਂ ਤੇ ਹੱਥ ਖੱਡੀਆਂ ਪਿਛਲੇ ਹੁਨਰ, ਤਕਨੀਕਾਂ ਅਤੇ ਰਵਾਇਤੀ ਜਾਣਕਾਰੀ ਦੀ ਸਥਿਰਤਾ ਯਕੀਨੀ ਬਣਾਉਣਾ ਇਕ ਵੱਡੀ ਚੁਨੌਤੀ ਹੈ। ਪੇਂਡੂ ਨੌਜਵਾਨਾਂ ਦਾ ਲਗਾਤਾਰ ਪਰਿਵਾਰਕ ਕਲਾ ਦੀਆਂ ਕਲਾਵਾਂ ਤੋਂ ਮਨ ਖੱਟਾ ਹੁੰਦਾ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਬਾਜ਼ਾਰ ਅਤੇ ਢੁਕਵੀਆਂ ਕੀਮਤਾਂ ਦੀ ਭਾਲ ਵਿੱਚ ਖੱਜਲ ਖੁਆਰੀ ਹੁੰਦੀ ਹੈ। ਲੋਕਾਂ ਨੂੰ ਸਾਡੀਆਂ ਹੱਥ ਕਲਾਵਾਂ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ। ਇਸ ਲਈ ਕਾਰੀਗਰਾਂ ਦੇ ਬੱਚਿਆਂ ਨੂੰ ਸਿੱਖਿਆ, ਬਾਜ਼ਾਰ ਤੱਕ ਪਹੁੰਚ ਅਤੇ ਸਨਮਾਨਜਨਕ ਜੀਵਨ ਲਈ ਢੁਕਵੀਆਂ ਉਜਰਤਾਂ ਪ੍ਰਦਾਨ ਕਰਨ ਬਾਰੇ ਸਿਰਤੋੜ ਯਤਨ ਕਰਨ ਦੀ ਜ਼ਰੂਰਤ ਹੈ ਤਾਂ ਕਿ ਉਹ ਆਪਣੀਆਂ ਪਰਿਵਾਰਕ ਤੇ ਭਾਈਚਾਰਕ ਹੱਥ ਕਲਾ ਦੀਆਂ ਰਵਾਇਤਾਂ ਨੂੰ ਜਾਰੀ ਰੱਖ ਸਕਣ ਜਿਨ੍ਹਾਂ ਨੇ ਅਨੰਤ ਕਾਲ ਤੋਂ ਭਾਰਤ ਨੂੰ ਹੱਥ ਨਾਲ ਬਣੇ ਉਤਪਾਦਾਂ ਦੀ ਦੁਨੀਆਂ ਵਿੱਚ ਮੋਹਰੀ ਸਥਾਨ ਦਿੱਤਾ ਹੈ।

*(ਲੇਖਿਕਾ ਕੇਂਦਰ ਸਰਕਾਰ ਦੇ ਵਸਤਰ ਮੰਤਰਾਲੇ ਵਿੱਚ ਕੈਬਨਿਟ ਮੰਤਰੀ ਹਨ)*

*e-mail :minister.textile@gov.in*

# ਰੋਜ਼ਗਾਰ ਦੇ ਮੌਕੇ ਅਤੇ ਸਮੁੱਚਾ ਵਿਕਾਸ

ਰਸ਼ਮੀ ਵਰਮਾ

ਭਾਰਤ ਵਿੱਚ ਇਲਾਕਾਈ ਸਥਿਤੀਆਂ ਅਤੇ ਵਿਗਸ ਰਹੀ ਕਿਰਤ-ਸ਼ਕਤੀ ਨੇ ਰੋਜ਼ਗਾਰ ਪੈਦਾ ਕਰਨ ਦੇ ਮੁੱਦੇ ਨੂੰ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਰੋਜ਼ਗਾਰ ਦੀਆਂ ਵੱਡੀਆਂ ਸੰਭਾਵਨਾਵਾਂ ਰੱਖਣ ਵਾਲਾ ਕੱਪੜਾ ਅਤੇ ਵਸਤਰ ਉਦਯੋਗ ਤੇਜ਼ੀ ਨਾਲ ਵਿਗਸ ਰਹੀ ਭਾਰਤੀ ਕਿਰਤ ਸ਼ਕਤੀ ਦੇ ਵੱਡੇ ਹਿੱਸੇ ਨੂੰ ਜਜ਼ਬ ਕਰ ਲੈਣ ਦੇ ਸਮਰੱਥ ਹੈ। ਆਰਥਿਕ ਮੰਦੀ ਦੇ ਜਾਲ ਵਿੱਚ ਫਸੀ ਵਿਸ਼ਵ ਆਰਥਿਕਤਾ ਵਿੱਚੋਂ ਖੁਦ ਨੂੰ ਬਚਾ ਸਕਣ ਵਾਲੇ ਭਾਰਤ ਦੀ ਸਮਰੱਥਾ ਦੇਖਦਿਆਂ ਸਰਕਾਰ ਨੇ ਵਸਤਰ ਅਤੇ ਕੱਪੜਾ ਉਦਯੋਗ ਲਈ ਵਿਸ਼ੇਸ਼ ਪੈਕੇਜ ਜਾਰੀ ਕੀਤਾ ਹੈ ਅਤੇ ਰੋਜ਼ਗਾਰ ਪੈਦਾ ਕਰਨ ਲਈ ਮੁਹਾਰਤ ਵਿਕਾਸ ਉਪਰ ਨਵੇਂ ਸਿਰਿਉਂ ਜ਼ੋਰ ਦਿੱਤਾ ਹੈ। ਇਹ ਪਹਿਲ-ਕਦਮੀਆਂ ਅਤੇ ਕੱਪੜਾ ਖੇਤਰ ਦੀਆਂ ਹੋਰ ਨੀਤੀਆਂ ਦਾ ਉਦੇਸ਼ ਉੱਚ ਵਿਕਾਸ, ਉੱਚ ਬਰਾਮਦ, ਰੋਜ਼ਗਾਰ ਦੇ ਵਧੇਰੇ ਮੌਕੇ ਅਤੇ ਵਧੇਰੇ ਸਮਾਜਕ ਗਤੀਸ਼ੀਲਤਾ।

ਵਿਸ਼ਵ ਆਰਥਿਕਤਾ ਦੀ ਮਾੜੀ ਸਥਿਤੀ ਦਰਮਿਆਨ ਹਾਲੀਆ ਵਰ੍ਹਿਆਂ ਵਿੱਚ 7 ਪ੍ਰਤਿਸ਼ਤ ਵਿਕਾਸ ਦਰ ਦਰਜ ਕਰਾਉਂਦਿਆਂ ਭਾਰਤ ਨੇ ਆਰਥਿਕ ਮਜਬੂਤੀ ਦਰਸਾਈ ਹੈ। ਫਿਰ ਵੀ ਦੇਸ਼ ਵਿੱਚ ਵਧ ਰਹੀ ਕਿਰਤ-ਸ਼ਕਤੀ ਨੂੰ ਖਪਾਉਣ ਲਈ ਬਰਾਬਰੀ ਦੇ ਰੋਜ਼ਗਾਰ ਮੌਕੇ ਪੈਦਾ ਕਰਨ ਦੀ ਲੋੜ ਚਿੰਤਾ ਦਾ ਸਬੱਬ ਹੈ। ਆਧੁਨਿਕ ਦੁਨੀਆਂ ਦਾ ਇਤਿਹਾਸ ਦਰਸਾਉਂਦਾ ਹੈ ਕਿ ਰੋਜ਼ਗਾਰ ਪੈਦਾ ਕਰਨ ਅਤੇ ਆਪਣੀਆਂ ਆਰਥਿਕਤਾਵਾਂ ਨੂੰ ਅੱਗੇ ਵਧਾਉਣ ਲਈ ਨੀਤੀ ਘਾੜਿਆਂ ਨੇ ਕੱਪੜਾ ਖੇਤਰ ਉਪਰ ਭਰੋਸਾ ਜ਼ਾਹਿਰ ਕੀਤਾ ਹੈ। ਪਿਛਲੇ ਕੁੱਝ ਮਹੀਨਿਆਂ ਵਿੱਚ ਭਾਰਤ ਨੇ ਵੀ ਆਪਣੇ ਰਾਸ਼ਟਰੀ ਟੀਚਿਆਂ ਨੂੰ ਹਾਸਲ ਕਰਨ ਲਈ ਇਸ ਖੇਤਰ ਨੂੰ ਵਿਸ਼ੇਸ਼ ਰੁਤਬਾ ਦਿੱਤਾ ਹੈ। ਅਜੋਕੀ ਦੁਨੀਆਂ ਜਦੋਂ ਮੌਜੂਦਾ ਆਰਥਿਕ ਨਿਰਾਸ਼ਾਵਾਦ ਨੂੰ ਖਤਮ ਕਰਨ ਲਈ ਸਰਗਰਮ ਹੈ, ਭਾਰਤ ਨੇ ਪਹਿਲਾਂ ਹੀ ਆਪਣੇ ਮੁੱਖ ਕੇਂਦਰਿਤ ਖੇਤਰਾਂ ਵਿੱਚ ਕੱਪੜਾ ਅਤੇ ਵਸਤਰ ਖੇਤਰ ਨੂੰ ਵੱਡੀ ਮਹੱਤਤਾ ਦਿੰਦਿਆਂ ਉੱਚ ਵਿਕਾਸ ਦੇ ਅਗਲੇ ਪੜਾਅ ਲਈ ਖੁਦ ਨੂੰ ਤਿਆਰ ਕਰ ਲਿਆ ਹੈ।

### ਭਾਰਤੀ ਕੱਪੜਾ ਖੇਤਰ ਦੀ ਮੁੜ ਸੁਰਜੀਤੀ

ਕਈ ਸਦੀਆਂ ਤੱਕ ਭਾਰਤ ਪਰੰਪਰਕ ਖੇਤਰਾਂ ਵਿੱਚ ਆਪਣੀ ਨਿਪੁੰਨਤਾ ਦੀ ਸ਼ਕਤੀ ਸਦਕਾ ਖੱਦਰ ਅਤੇ ਰੇਸ਼ਮ ਦੇ ਕੱਪੜੇ ਅਤੇ ਮਸ਼ੀਨੀ ਸਾਜ਼-ਸਮਾਨ ਦੀ ਵਿਦੇਸ਼ਾਂ ਵਿੱਚ ਬਰਾਮਦ ਦਾ ਵੱਡਾ ਉਤਪਾਦਕ ਰਿਹਾ ਪਰ ਬਸਤੀਵਾਦੀ ਸੱਤਾ ਦੌਰਾਨ ਬਰਤਾਨਵੀ ਹਕੂਮਤ ਵਲੋਂ ਲਾਗੂ ਕੀਤੀਆਂ ਨੀਤੀਆਂ ਕਾਰਨ ਕੱਪੜਾ ਖੇਤਰ ਵਿੱਚ ਭਾਰਤ ਦੀ ਮੋਹਰੀ ਸਥਿਤੀ ਨੂੰ ਢਾਅ ਲੱਗੀ। ਆਜ਼ਾਦੀ ਤੋਂ ਬਾਅਦ ਕੱਪੜਾ ਉਦਯੋਗ ਲੱਖਾਂ ਦਿਹਾਤੀ ਪਰਿਵਾਰਾਂ ਦਾ ਸਹਾਰਾ ਬਣਿਆ ਅਤੇ ਉਨ੍ਹਾਂ ਹਜ਼ਾਰਾਂ ਕਿਰਤੀਆਂ ਲਈ ਵੀ ਰੋਜ਼ਗਾਰ ਦਾ ਸਾਧਨ ਬਣਿਆ ਜੋ ਕੱਪੜੇ ਦੇ ਆਧੁਨਿਕ ਕਾਰਖ਼ਾਨਿਆਂ ਵਿੱਚ ਕੰਮ ਕਰਨ ਲਈ ਆਏ। 1990 ਦੇ ਸ਼ੁਰੂ ਵਿੱਚ ਭਾਰਤੀ ਆਰਥਿਕਤਾ ਦੇ ਖੁੱਲ੍ਹਣ ਅਤੇ ਕੱਪੜਾ ਖੇਤਰ ਉਪਰ ਸਰਕਾਰ ਵਲੋਂ ਵਿਸ਼ੇਸ਼ ਦੇਣ ਸਦਕਾ ਇਸ ਉਦਯੋਗ ਦਾ ਮੁੜ ਤੋਂ ਵਿਕਾਸ ਸ਼ੁਰੂ ਹੋਇਆ। ਅਮਰੀਕਾ ਅਤੇ ਯੂਰਪ ਵਿੱਚ ਨਿਰਮਾਣ ਦੀਆਂ ਵਧ ਰਹੀਆਂ ਲਾਗਤਾਂ ਕਾਰਨ, ਵੱਡੀ ਗਿਣਤੀ ਵਿੱਚ ਸਸਤੀ ਕਿਰਤ-ਸ਼ਕਤੀ ਦੀ ਉਪਲਬਧਤਾ, ਵਿਸ਼ਾਲ ਕੁਦਰਤੀ ਸਰੋਤਾਂ ਅਤੇ ਮਦਦਗਾਰ ਆਰਥਿਕ ਨੀਤੀਆਂ ਕਾਰਨ ਦੂਜੇ ਏਸ਼ਿਆਈ ਦੇਸ਼ਾਂ ਸਮੇਤ ਭਾਰਤ ਕੱਪੜਾ ਉਤਪਾਦਾਂ ਦੇ ਨਿਰਮਾਣ ਲਈ ਸਭ ਤੋਂ ਵੱਧ ਆਕਰਸ਼ਨ ਵਾਲੇ ਕੇਂਦਰ ਵਜੋਂ ਉਭਰਿਆ ਹੈ। ਭਾਰਤੀ ਕੱਪੜਾ ਉਦਯੋਗ ਨੂੰ ਕੁਦਰਤੀ ਅਤੇ ਮਨੁੱਖ ਅਧਾਰੀ ਰੇਸ਼ਿਆਂ ਵਜੋਂ ਕੱਚੇ ਮਾਲ ਦੀ ਉਪਲਬਧਤਾ ਅਤੇ ਰੋਜ਼ਗਾਰ ਯੋਗ ਕਿਰਤ-ਸ਼ਕਤੀ ਦੀ ਉਪਲਬਧਤਾ ਦਾ ਵਾਧਾ ਹੈ। ਬੰਗਲਾਦੇਸ਼ ਅਤੇ ਵੀਅਤਨਾਮ ਵਰਗੇ ਦੇਸ਼ ਜਿਥੇ ਬਰਾਮਦ ਲਈ ਵਿਦੇਸ਼ੀ ਬਾਜ਼ਾਰ ਉਤੇ ਪੂਰੀ ਤਰ੍ਹਾਂ ਨਿਰਭਰ ਕਰਦੇ ਹਨ, ਉਥੇ ਭਾਰਤ ਦੀ ਇਸ ਖੇਤਰ ਦੀ ਘਰੇਲੂ ਖਪਤ ਬਰਾਮਦ ਤੋਂ ਵੀ ਵਧੇਰੇ ਹੈ।

**ਵਾਧੇ ਵਾਲੀਆਂ ਆਪਣੀਆਂ ਸਥਿਤੀਆਂ ਦਾ ਲਾਹਾ ਲੈਂਦਿਆਂ ਭਾਰਤ ਹੌਲੀ-ਹੌਲੀ ਕੱਪੜਾ ਅਤੇ ਵਸਤਰਾਂ ਦੀ ਬਰਾਮਦ ਵਾਲੇ ਦੇਸ਼ਾਂ ਦਰਮਿਆਨ ਪੂਰੀ ਦੁਨੀਆਂ ਵਿੱਚ ਦੂਜੇ ਸਭ ਤੋਂ ਵੱਡੇ ਬਰਾਮਦਕਾਰ ਵਜੋਂ ਉੱਭਰਿਆ ਹੈ, ਜਿਸ ਦੀ ਕੁੱਲ ਬਰਾਮਦ 40 ਅਰਬ ਅਮਰੀਕੀ ਡਾਲਰ ਤੱਕ ਚਲੀ ਗਈ ਹੈ ਜੋ ਕਿ ਵਿਸ਼ਵ ਵਪਾਰ ਦਾ ਅੰਦਾਜ਼ਨ 5 ਪ੍ਰਤਿਸ਼ਤ ਬਣਦਾ ਹੈ। ਕੱਪੜਾ ਖੇਤਰ ਦੇਸ਼ ਦੀ 2.3 ਖਰਬ ਅਮਰੀਕੀ ਡਾਲਰ ਦੇ ਕੁੱਲ ਘਰੇਲੂ ਉਤਪਾਦ ਦਾ 2 ਪ੍ਰਤਿਸ਼ਤ ਯੋਗਦਾਨ ਪਾਉਂਦਾ ਹੈ ਅਤੇ ਇਹ ਖੇਤੀ ਤੋਂ ਬਾਅਦ ਰੋਜ਼ਗਾਰ ਦੇਣ ਵਾਲਾ ਸਭ ਤੋਂ ਵੱਡਾ ਖੇਤਰ ਹੈ। ਇਹ ਉਦਯੋਗਿਕ ਉਤਪਾਦਨ ਵਿੱਚ 10 ਪ੍ਰਤਿਸ਼ਤ ਅਤੇ ਦੇਸ਼ ਦੀ ਸਮੁੱਚੀ ਬਰਾਮਦ ਵਿੱਚ 13 ਪ੍ਰਤਿਸ਼ਤ ਦਾ ਯੋਗਦਾਨ ਪਾਉਂਦਾ ਹੈ।**

## ਭਾਰਤ ਦਾ ਵਸੋਂ ਲਾਭ

1.28 ਅਰਬ ਲੋਕਾਂ ਦੀ ਵਸੋਂ ਨਾਲ ਭਾਰਤ ਦੁਨੀਆਂ ਦਾ ਦੂਜਾ ਸਭ ਤੋਂ ਵੱਧ ਵਸੋਂ ਵਾਲਾ ਦੇਸ਼ ਹੈ। ਭਾਰਤ ਦੀ ਕੁੱਲ ਵਸੋਂ ਦਾ ਲਗਭਗ 66 ਪ੍ਰਤਿਸ਼ਤ ਕਿਰਤ-ਸ਼ਕਤੀ ਯਾਨਿ ਕਿ ਲਗਭਗ 850 ਮਿਲੀਅਨ ਵਿਅਕਤੀ ਇਸ ਸਮੇਂ ਕਿਰਤਯੋਗ ਉਮਰ ਵਾਲੇ ਹਨ। ਇਸ ਗਿਣਤੀ ਵਿੱਚ 2030 ਦੇ ਅੰਤ ਤੱਕ 169 ਮਿਲੀਅਨ ਵਿਅਕਤੀ ਹੋਰ ਜੁੜਨ ਦੀ ਉਮੀਦ ਹੈ। ਵੱਡੀ ਵਸੋਂ ਸਕਦਾ ਭਾਰਤ, ਸਫਲਾਤਾ ਪੂਰਬਕ, ਕੱਪੜਾ ਅਤੇ ਵਸਤਰ ਨਿਰਮਾਣ ਜਿਹੇ ਕਿਰਤ-ਆਧਾਰਿਤ ਉਤਪਾਦਾਂ ਦੇ ਨਿਰਮਾਣ ਕਰਤਾ ਵਜੋਂ ਉੱਭਰ ਸਕਦਾ ਹੈ। ਵੱਡੀ ਵਸੋਂ ਦਾ ਫਾਇਦਾ ਲੈਣ ਲਈ ਦੇਸ਼ ਨੂੰ ਹਰ ਮਹੀਨੇ 10 ਲੱਖ ਰੋਜ਼ਗਾਰ ਦੇ ਮੌਕੇ ਪੈਦਾ ਕਰਨੇ ਹੋਣਗੇ ਅਤੇ ਸਾਲਾਨਾ 8 ਤੋਂ 10 ਪ੍ਰਤਿਸ਼ਤ ਦੀ ਵਿਕਾਸ ਦਰ ਦਰਜ਼ ਕਰਾਉਣੀ ਹੋਵੇਗੀ ਜਿਸ ਦਾ ਢਾਂਚਾ ਸਮੁੱਚਤਾ ਵਾਲਾ ਅਤੇ ਮੁੱਖ ਤੌਰ ਤੇ ਰੋਜ਼ਗਾਰ ਪੈਦਾ ਕਰਨ ਵਾਲਾ ਹੋਣਾ ਜ਼ਰੂਰੀ ਹੈ।

## ਕੱਪੜਾ ਖੇਤਰ 'ਚ ਰੋਜ਼ਗਾਰ ਸੰਭਾਵਨਾਵਾਂ

ਕੱਪੜਾ ਖੇਤਰ ਇਸ ਸਮੇਂ ਸਿੱਧੇ ਰੂਪ ਵਿੱਚ 5 ਕਰੋੜ ਲੋਕਾਂ ਨੂੰ ਰੋਜ਼ਗਾਰ ਦਿੰਦਾ ਹੈ ਅਤੇ ਇਸ ਨਾਲ ਜੁੜੇ ਹੋਰ ਖੇਤਰਾਂ ਜਿਵੇਂ ਕਪਾਹ ਅਤੇ ਨਾਰੀਅਲ ਦੀ ਖੇਤੀ, ਭੇਡ ਪਾਲਣ ਅਤੇ ਕੱਪੜਾ ਤਿਆਰ ਕਰਨ ਵਾਲੀ ਮਸ਼ੀਨਰੀ ਵਰਗੇ ਖੇਤਰਾਂ ਵਿੱਚ 6 ਕਰੋੜ 70 ਲੱਖ ਲੋਕਾਂ ਨੂੰ ਰੋਜ਼ਗਾਰ ਦਿੰਦਾ ਹੈ।

ਸਧਾਰਨ ਰੂਪ ਵਿੱਚ ਦੇਖਦਿਆਂ, ਇਹ ਅਨੁਮਾਨ ਹੈ ਕਿ ਪੂਰਨ ਰੂਪ ਵਿੱਚ ਸੰਗਠਿਤ ਕੱਪੜਾ ਅਤੇ ਵਸਤਰ ਨਿਰਮਾਣ ਇਕਾਈ ਵਿੱਚ 1 ਕਰੋੜ ਰੁਪਏ ਦੇ ਨਿਵੇਸ਼ ਨਾਲ 30 ਨਵੇਂ ਰੋਜ਼ਗਾਰ ਦੇ ਮੌਕੇ ਬਣਦੇ ਹਨ ਜਦ ਕਿ ਵਸਤਰ ਨਿਰਮਾਣ ਕਾਰਜ ਵਿੱਚ 1 ਕਰੋੜ ਰੁਪਏ ਦੇ ਨਿਵੇਸ਼ ਨਾਲ 70 ਰੋਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ। ਸਰਬ ਭਾਰਤੀ ਕੱਪੜਾ ਅਤੇ ਵਸਤਰ ਉਦਯੋਗ ਸਰਵੇਖਣ 2011-12 ਮੁਤਾਬਿਕ ਇਕ ਛੋਟੇ ਪੱਧਰ ਦੀਆਂ ਉਦਯੋਗਿਕ ਇਕਾਈਆਂ ਵਿੱਚ ਇਕ ਕਰੋੜ ਰੁਪਏ ਨਿਵੇਸ਼ ਨਾਲ ਰੋਜ਼ਗਾਰ ਦੇ ਮੌਕੇ 68 ਤੋਂ 169 ਤੱਕ ਚਲੇ ਗਏ ਹਨ।

ਤਾਲਿਕਾ-1 : ਕੱਪੜਾ ਅਤੇ ਵਸਤਰ ਨਿਰਮਾਣ ਖੇਤਰ ਵਿੱਚ ਅਨੁਮਾਨਤ ਰੋਜ਼ਗਾਰ (ਮਿਲੀਅਨ ਵਿੱਚ)

| **ਖੇਤਰ/ਉਦਯੋਗ** | **ਮਾਰਚ 2011** | **ਪ੍ਰੋਜੈਕਟਡ 2017** | **2015-16 (ਪੀ)** |
|---|---|---|---|
| **ਕੱਪੜਾ ਖੇਤਰ** | | | |
| ਕਪਾਹ/ਮਨੁੱਖ ਨਿਰਮਿਤ ਰੇਸ਼ੇ/ਧਾਗਾ/ ਮਿੱਲ ਖੇਤਰ (ਲਘੂ ਉਦਯੋਗ ਬੁਣਾਈ ਸਮੇਤ ਅਤੇ ਕਤਾਈ ਇਕਾਈਆਂ ਨੂੰ ਛੱਡ ਕੇ) | 1.4 | 1.61 | 1.58 |
| ਮਨੁੱਖ ਨਿਰਮਿਤ ਰੇਸ਼ੇ/ਧਾਗਾ ਉਦਯੋਗ (ਬੁਣਾਈ ਉਦਯੋਗ ਸਮੇਤ) | 0.24 | 0.28 | 0.27 |
| ਵਿਕੇਂਦਰਿਤ ਬਿਜਲੀ ਨਾਲ ਚੱਲਣ ਵਾਲੀਆਂ ਖੱਡੀਆਂ ਦਾ ਖੇਤਰ | 5.08 | 5.84 | 5.71 |
| ਹੱਥ ਨਾਲ ਚੱਲਣ ਵਾਲੀਆਂ ਖੱਡੀਆਂ ਦਾ ਖੇਤਰ | 7 | 8.05 | 7.88 |
| ਬੁਣਤੀ ਖੇਤਰ | 0.45 | 0.52 | 0.51 |
| ਅਮਲੀ ਖੇਤਰ (ਪ੍ਰਾਸੈਸਿੰਗ) | 0.44 | 0.51 | 0.50 |
| ਊਨੀ ਕੱਪੜਾ ਖੇਤਰ | 3.2 | 3.68 | 3.60 |
| ਤਿਆਰਸ਼ੁਦਾ ਬਸਤਰ ਖੇਤਰ (ਬੁਣਤੀ ਖੇਤਰ ਸਮੇਤ) | 11.22 | 12.9 | 12.62 |
| ਰੇਸ਼ਮ ਉਤਪਾਦਨ | 7.7 | 8.86 | 8.67 |
| ਦਸਤਕਾਰੀ ਖੇਤਰ | 8 | 9.2 | 9.00 |
| ਪਟਸਨ ਖੇਤਰ | | | |
| ਸੰਗਠਿਤ ਪਟਸਨ ਖੇਤਰ0.26 | 0.3 | 0.29 | |
| ਗੈਰ ਸੰਗਠਿਤ ਪਟਸਨ ਉਦਯੋਗ | 0.2 | 0.23 | 0.23 |
| **ਕੁੱਲ ਜੋੜ (1)** | **45.19** | **51.97** | **50.84** |
| **ਸੰਬੰਧਿਤ ਖੇਤਰ** | | | |
| **ਕਪਾਹ** | | | |
| ਕਪਾਹ ਖੇਤੀ | 20 | 23 | 22.50 |
| ਕਪਾਹ ਦੀ ਪਿੰਜਾਈ ਆਦਿ | 1.3 | 1.5 | 1.47 |
| ਕਪਾਹ ਦਾ ਵਪਾਰ | 19 | 21.85 | 21.38 |
| ਉਪਜੋੜ | 40.3 | 46.35 | 45.34 |
| ਭੇਡ ਪਾਲਣ | 2.8 | 3.22 | 3.15 |
| ਪਟਸਨ ਖੇਤੀ | 17 | 19.55 | 19.13 |
| ਕੱਪੜਾ ਮਸ਼ੀਨਰੀ ਅਤੇ ਹੋਰ ਸੰਦ-ਔਜ਼ਾਰ | 0.1 | 0.12 | 0.12 |
| **ਜੋੜ (2)** | **60.2** | **69.23** | **67.73** |
| **ਕੁੱਲ ਜੋੜ (1+2)** | **105.4** | **121.2** | **118.57** |

*ਸਰੋਤ :ਕੱਪੜਾ ਮੰਤਰਾਲਾ, ਭਾਰਤ ਸਰਕਾਰ ਦੇ 12ਵੇਂ ਯੋਜਨਾ ਕਾਰਜਕਾਰੀ ਗਰੁੱਪ ਦੀ ਰਿਪੋਰਟ।*

## ਕੱਪੜਾ ਅਤੇ ਸਮੁੱਚਾ ਵਿਕਾਸ

ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਨਾਲ-ਨਾਲ ਇਹ ਖੇਤਰ ਇਸਤਰੀ ਸਸ਼ਕਤੀਕਰਨ ਬਾਰੇ ਸਰਕਾਰ ਦੀਆਂ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਵਿੱਚ ਵੀ ਮਦਦਗਾਰ ਹੈ। ਇਕ ਅਨੁਮਾਨ ਮੁਤਾਬਕ ਵਸਤਰ ਨਿਰਮਾਣ ਖੇਤਰ ਵਿੱਚ 70 ਪ੍ਰਤਿਸ਼ਤ ਦੇ ਲਗਭਗ ਕਿਰਤ ਸ਼ਕਤੀ ਔਰਤਾਂ ਦੀ ਹੈ। ਇਹ ਖੇਤਰ ਮੁਥਾਜ ਸ਼੍ਰੇਣੀ ਦੇ ਲੱਖਾਂ ਲੋਕਾਂ ਨੂੰ

ਇਕ ਸਥਿਰਤਾ ਵਾਲੀ ਲਗਾਤਾਰ ਆਮਦਨ ਉਪਲਬਧ ਕਰਾਉਣ ਅਤੇ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਲਈ ਰੋਜ਼ਗਾਰ ਉਪਲਬਧ ਕਰਾਉਂਦਾ ਹੈ। ਭਾਵ ਇਹ ਕਿ ਭਾਰਤ ਵਰਗੇ ਦੇਸ਼ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਪੱਖੋਂ ਕੱਪੜਾ ਖੇਤਰ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਭਾਰਤ ਦੀ ਵਸੋਂ ਦਾ ਬਹੁਤ ਹਿੱਸਾ ਪਿੰਡਾਂ ਵਿੱਚ ਵਸਦਾ ਹੈ ਜਿਥੇ ਲੋਕਾਂ ਦੀ ਮਿਆਰੀ ਸਿੱਖਿਆ ਅਤੇ ਹੋਰ ਬੁਨਿਆਦੀ ਸਹੂਲਤਾਂ ਤੱਕ ਪਹੁੰਚ ਨਹੀਂ ਹੈ। ਕਿਉਂਕਿ ਕੱਪੜਾ ਖੇਤਰ ਵਿੱਚ ਸ਼ੁਰੂਆਤੀ ਪੱਧਰ ਦੀਆਂ ਨੌਕਰੀਆਂ ਲਈ ਵੱਡੀ ਤਕਨੀਕੀ ਮੁਹਾਰਤ ਜਾਂ ਵਿੱਦਿਅਕ ਪਿਛੋਕੜ ਦੀ ਲੋੜ ਨਹੀਂ ਹੁੰਦੀ। ਦਿਹਾਤੀ ਭਾਰਤ ਤੋਂ ਕੋਈ ਵਿਅਕਤੀ ਤਿੰਨ ਤੋਂ ਚਾਰ ਹਫ਼ਤਿਆਂ ਦੀ ਸਿਖਲਾਈ ਨਾਲ ਹੀ ਰੋਜ਼ਗਾਰ ਹਾਸਲ ਕਰਨ ਦੇ ਸਮਰੱਥ ਹੋ ਸਕਦਾ ਹੈ।

## ਅੰਤਰਰਾਸ਼ਟਰੀ ਉਦਯੋਗ 'ਚ ਢਾਂਚਾਗਤ ਪੱਧਰ ਉਤੇ ਬਦਲਾਅ

ਚੀਨ ਪਿਛਲੇ ਤਿੰਨ ਦਹਾਕਿਆਂ ਤੋਂ ਅੰਤਰਰਾਸ਼ਟਰੀ ਵਪਾਰ ਦਾ ਬਿਨਾ ਕਿਸੇ ਵਿਵਹਾਰ ਦੇ ਆਗੂ ਬਣਿਆ ਹੋਇਆ ਹੈ। ਵਿਸ਼ੇਸ਼ ਕਰਕੇ ਕੱਪੜਾ ਅਤੇ ਵਸਤਰ ਨਿਰਮਾਣ ਦੇ ਖੇਤਰ ਵਿੱਚ ਚੀਨ ਨੇ ਪੂਰੀ ਦੁਨੀਆਂ ਵਿੱਚ 40 ਪ੍ਰਤਿਸ਼ਤ ਤੋਂ ਵੱਧ ਯੋਗਦਾਨ ਰਾਹੀਂ ਆਪਣੀ ਚੜ੍ਹ ਮਚਾ ਕੇ ਰੱਖੀ ਹੈ। 2007 ਦੇ ਆਰਥਿਕ ਮੰਦਵਾੜੇ ਤੋਂ ਬਾਅਦ ਚੀਨ ਦਾ ਇਸ ਖੇਤਰ ਵਿੱਚ ਵਪਾਰ 2014 ਵਿੱਚ 15 ਪ੍ਰਤਿਸ਼ਤ ਤੋਂ ਘਟ ਕੇ 4 ਪ੍ਰਤਿਸ਼ਤ ਤੱਕ ਪਹੁੰਚ ਗਿਆ ਹੈ। ਇਸ ਸਮੇਂ ਚੀਨ ਕਿਰਤ ਦੀਆਂ ਉੱਚ ਕੀਮਤਾਂ ਕਾਰਨ ਵਿਸ਼ਵ ਬਾਜ਼ਾਰ ਵਿੱਚ ਪਿੱਛੇ ਹਟ ਕੇ ਘਰੇਲੂ ਉਦਯੋਗਾਂ ਉਤੇ ਧਿਆਨ ਕੇਂਦਰਿਤ ਕਰ ਰਿਹਾ ਹੈ। ਭਾਰਤ ਕੋਲ ਕੱਚੇ ਮਾਲ ਦੀ ਉਪਲਬਧਤਾ ਅਤੇ ਕਿਰਤ ਸ਼ਕਤੀ ਦਾ ਲਾਹਾ ਲੈਂਦਿਆਂ ਚੀਨ ਵਲੋਂ ਖਾਲੀ ਕੀਤੀ ਥਾਂ ਨੂੰ ਪੂਰ ਕਰਨ ਦਾ ਵਧੀਆ ਮੌਕਾ ਹੈ।

## ਕੱਪੜਾ ਮੰਡੀ ਵਿਕਾਸ ਦ੍ਰਿਸ਼

ਬਰਾਮਦ ਵਿੱਚ ਉੱਚ ਵਿਕਾਸ ਦਰ ਤੋਂ ਛੁੱਟ, ਖਪਤਕਾਰਾਂ ਦੀ ਖਰਚ ਯੋਗ ਆਮਦਨ ਵਿੱਚ ਵਾਧਾ ਅਤੇ ਵਸਤਰਾਂ ਉਪਰ ਖਰਚ ਕਰਨ ਦੇ ਉਨ੍ਹਾਂ ਦੇ ਵਧ ਰਹੇ ਰੁਝਾਨ ਕਾਰਨ ਘਰੇਲੂ ਮੰਡੀ ਦੀ ਵਿਕਾਸ ਦਰ ਵੀ ਦੂਹਰੇ ਅੰਕ ਵੱਲ ਜਾ ਰਹੀ ਹੈ। ਬਾਜ਼ਾਰ ਦੇ ਉੱਭਰ ਰਹੇ ਅੰਤਰਰਾਸ਼ਟਰੀ ਅਤੇ ਘਰੇਲੂ ਰੁਝਾਨਾਂ ਦੇ ਅਧਾਰ ਉਤੇ ਇਹ ਆਸ

ਤਾਲਿਕਾ-2 : ਹੋਰਨਾਂ ਖੇਤਰਾਂ ਦੇ ਮੁਕਾਬਲੇ ਕੱਪੜਾ ਖੇਤਰ ਵਲੋਂ ਰੋਜ਼ਗਾਰ ਪੈਦਾ ਕਰਨ ਦੀ ਸਥਿਤੀ ਦਰਸਾਉਂਦੀ ਹੈ

| ਨਿਰਮਾਣ ਖੇਤਰ | ਤੈਅਸ਼ੁਦਾ (ਲੱਖਾਂ ਵਿੱਚ) | ਰੋਜ਼ਗਾਰ ਪ੍ਰਾਪਤ ਵਿਅਕਤੀ | ਇਕ ਕਰੋੜ ਨਿਵੇਸ਼ ਬਦਲੇ ਰੋਜ਼ਗਾਰ |
|---|---|---|---|
| ਡੇਅਰੀ ਉਤਪਾਦ | 1203869 | 145601 | 12 |
| ਪੇਅ ਪਦਾਰਥ | 2675247 | 158507 | 6 |
| ਪਹਿਨਣ ਯੋਗ ਵਸਤਰ (ਫਰ ਵਾਲੇ ਕੱਪੜਿਆਂ ਨੂੰ ਛੱਡ ਕੇ) | 1280564 | 713833 | 56 |
| ਉਨਾਈ ਅਤੇ ਕੁਰੇਸ਼ੀਏ ਦੀ ਬੁਨਾਈ ਵਾਲੇ ਵਸਤਰ | 1369141 | 264261 | 19 |
| ਕਾਜ਼ਗ ਅਤੇ ਕਾਜ਼ਗ ਉਤਪਾਦ | 642536 | 248529 | 39 |
| ਰਬੜ ਉਤਪਾਦ | 2668512 | 218754 | 8 |
| ਮੂਲ ਲੋਹਾ ਅਤੇ ਇਸਪਾਤ | 40999661 | 650680 | 2 |
| ਇਲੈਕਟ੍ਰਾਨਿਕ ਹਿੱਸੇ ਪੁਰਜ਼ੇ | 421154 | 76619 | 18 |
| ਆਮ ਉਦੇਸ਼ ਵਾਲੀ ਮਸ਼ੀਨਰੀ | 3417453 | 338964 | 10 |
| ਮੋਟਰ ਵਾਹਨ | 7088020 | 176523 | 2 |

*ਅੰਕੜਾ ਸਰੋਤ : ਉਦਯੋਗਾਂ ਦਾ ਸਾਲਾਨਾ ਸਰਵੇਖਣ, 2013-14*

| ਤਾਲਿਕਾ-3 : ਭਾਰਤੀ ਕੱਪੜਾ ਅਤੇ ਵਸਤਰਾਂ ਬਾਰੇ ਮੰਡੀ ਦਾ ਵਿਕਾਸ | | | |
|---|---|---|---|
| | 2015-16 | 2025-26 | ਸੀ ਏ ਜੀ ਆਰ |
| ਬਰਾਮਦਾਂ | 40 ਅਰਬ ਅਮਰੀਕੀ ਡਾਲਰ | 150 ਅਰਬ ਅਮਰੀਕੀ ਡਾਲਰ | 14 ਪ੍ਰਤਿਸ਼ਤ |
| ਘਰੇਲੂ ਮੰਡੀ | 79 ਅਰਬ ਅਮਰੀਕੀ ਡਾਲਰ | 250 ਅਰਬ ਅਮਰੀਕੀ ਡਾਲਰ | 12 ਪ੍ਰਤਿਸ਼ਤ |
| ਕੁੱਲ | 119 ਅਰਬ ਅਮਰੀਕੀ ਡਾਲਰ | 400 ਅਰਬ ਅਮਰੀਕੀ ਡਾਲਰ | 13 ਪ੍ਰਤਿਸ਼ਤ |

*ਸਰੋਤ : ਅੰਦਰੂਨੀ ਅਨੁਮਾਨ, ਕੱਪੜਾ ਮੰਤਰਾਲਾ, ਭਾਰਤ ਸਰਕਾਰ*

ਕੀਤੀ ਜਾ ਸਕਦੀ ਹੈ ਕਿ ਭਾਰਤੀ ਕੱਪੜਾ ਅਤੇ ਵਸਰਤ ਬਾਜ਼ਾਰ ਦਾ ਵਿਕਾਸ ਮੌਜੂਦਾ 119 ਅਰਬ ਅਮਰੀਕੀ ਡਾਲਰ ਤੋਂ ਵਧ ਕੇ 2025-26 ਤੱਕ 400 ਅਰਬ ਅਮਰੀਕੀ ਡਾਲਰ ਹੋ ਜਾਵੇਗਾ।

## ਰੋਜ਼ਗਾਰ ਪੈਦਾ ਕਰਨ ਕਰਨ ਲਈ ਰਣਨੀਤੀਆਂ ਅਤੇ ਸਮੁੱਚਾ ਵਿਕਾਸ

ਕੱਪੜਾ ਖੇਤਰ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੀਆਂ ਵੱਡੀਆਂ ਸੰਭਾਵਨਾਵਾਂ ਅਤੇ ਅੰਤਰਰਾਸ਼ਟਰੀ ਪੱਧਰ ਉਤੇ ਉੱਭਰ ਰਹੇ ਮੌਕਿਆਂ ਨੂੰ ਸਾਹਮਣੇ ਰੱਖਦਿਆਂ ਸਰਕਾਰ ਨੇ ਕੱਪੜਾ ਅਤੇ ਵਸਤਰ ਨਿਰਮਾਣ ਖੇਤਰ ਵਿੱਚ ਵਿਕਾਸ ਤੇਜ਼ ਕਰਨ ਅਤੇ ਰੋਜ਼ਗਾਰ ਦੇ ਵੱਡੇ ਮੌਕੇ ਪੈਦਾ ਕਰਨ ਲਈ ਇਕ ਰਣਨੀਤੀ ਤਿਆਰ ਕੀਤੀ ਹੈ। ਮੌਜੂਦਾ ਸਕੀਮਾਂ ਜੋ ਕਿ ਤਕਨਾਲੋਜੀ ਨੂੰ ਉੱਚ ਦਰਜੇ ਦਾ ਕਰਨ, ਬੁਨਿਆਦੀ ਢਾਂਚਾ ਕਾਇਮ ਕਰਨ ਅਤੇ ਪ੍ਰੰਪਰਕ ਖੇਤਰਾਂ ਨੂੰ ਮਜਬੂਤ ਕਰਨ ਉਤੇ ਕੇਂਦਰਤ ਹਨ, ਤੋਂ ਇਲਾਵਾ ਸਰਕਾਰ ਨੇ ਮੁਹਾਰਤ ਵਿਕਾਸ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਭਾਰਤੀ ਵਸਤਰ ਨਿਰਮਾਣ ਖੇਤਰ ਨੂੰ ਮੁਕਾਬਲੇਬਾਜ਼ੀ ਯੋਗ ਬਣਾਉਣ ਲਈ ਇਸ ਵਿਸ਼ੇਸ਼ ਪੈਕੇਜ ਦਾ ਐਲਾਨ ਕੀਤਾ ਗਿਆ ਹੈ ਜਿਸ ਦਾ ਉਦੇਸ਼ ਉਤਪਾਦਕਤਾ ਬਾਰੇ ਮੌਜੂਦਾ ਰੁਕਾਵਟਾਂ ਨੂੰ ਦੂਰ ਕਰਨਾ ਅਤੇ ਰੋਜ਼ਗਾਰ

ਦੇ ਮੌਕੇ ਪੈਦਾ ਕਰਨ ਅਤੇ ਬਰਾਮਦਾਂ ਨੂੰ ਉਤਸ਼ਾਹਿਤ ਕਰਨਾ ਹੈ।

## ਲੋਕਾਂ ਨੂੰ ਕੁਸ਼ਲ ਬਣਾਉਣ ਲਈ ਸੁਖਾਵਾਂ ਮਾਹੌਲ ਕਾਇਮ ਕਰਨਾ

ਆਉਂਦੇ ਸਾਲਾਂ ਵਿੱਚ ਰੋਜ਼ਗਾਰ ਪੈਦਾ ਕਰਨ ਦੇ ਖੇਤਰ ਵਿੱਚ ਤੇਜ਼ੀ ਨਾਲ ਵਿਕਾਸ ਲੋੜੀਂਦਾ ਹੈ। ਇਸ ਵਿਕਾਸ ਨੂੰ ਹਾਸਲ ਕਰਨ ਲਈ ਨਿਰਮਾਣ ਖੇਤਰ ਵਿੱਚ ਵੱਡੇ ਪੱਧਰ ਦਾ ਨਿਵੇਸ਼ ਚਾਹੀਦਾ ਹੋਵੇਗਾ ਜਿਸ ਨਾਲ ਇਸ ਖੇਤਰ ਵਿੱਚ ਮੁਹਾਰਤ ਪ੍ਰਾਪਤ ਕਿਰਤ ਸ਼ਕਤੀ ਦੀ ਵੀ ਲੋੜ ਪਵੇਗੀ। ਇਸ ਮੰਗ ਨੂੰ ਪੂਰਾ ਕਰਨ ਲਈ ਦੇਸ਼ ਵਿੱਚ ਕੁਸ਼ਲਤਾ ਵਿਕਾਸ ਪਹਿਲਕਦਮੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਕੱਪੜਾ ਖੇਤਰ ਲਈ ਸੰਗਠਿਤ ਕੁਸ਼ਲਤਾ ਵਿਕਾਸ ਸਕੀਮ (ਆਈ ਐੱਸ ਡੀ ਐੱਸ) ਸ਼ੁਰੂ ਕੀਤੀ ਗਈ ਹੈ ਜਿਸ ਦਾ ਉਦੇਸ਼ ਕੁਸ਼ਲ ਕਿਰਤ ਸ਼ਕਤੀ ਦਾ ਵਿਕਾਸ ਕਰਨਾ ਹੈ। ਇਸ ਉਦੇਸ਼ ਲਈ ਮੌਜੂਦਾ ਕੱਪੜਾ ਸਿਖਲਾਈ ਅਦਾਰਿਆਂ ਦੀ ਮੁਹਾਰਤ ਦੀ ਵਰਤੋਂ ਕੀਤੀ ਗਈ ਹੈ ਅਤੇ ਰਾਜ ਸਰਕਾਰ ਦੀਆਂ ਏਜੰਸੀਆਂ ਅਤੇ ਨਿੱਜੀ ਖੇਤਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਕ ਸਤੰਬਰ 2016 ਤੱਕ 7.7 ਲੱਖ ਕਿਰਤੀਆਂ ਨੂੰ ਇਸ ਸਕੀਮ ਤਹਿਤ ਸਿਖਲਾਈ ਦਿੱਤੀ ਜਾ ਚੁੱਕੀ ਹੈ ਜਿਨ੍ਹਾਂ ਵਿੱਚੋਂ 5.06 ਲੱਖ (66 ਪ੍ਰਤਿਸ਼ਤ) ਨੂੰ ਉਦਯੋਗਿਕ ਇਕਾਈਆਂ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਸਕੀਮ ਦਾ ਕੁੱਲ ਟੀਚਾ 2016-17 ਤੱਕ 15 ਲੱਖ ਕਿਰਤੀਆਂ ਨੂੰ ਸਿਖਲਾਈ ਦੇਣਾ ਹੈ। ਇਸ ਤੋਂ ਇਲਾਵਾ ਸਰਕਾਰ ਵਲੋਂ ਗੈਰ ਸੰਗਠਿਤ ਖੇਤਰ ਵਿੱਚ ਹੱਥ ਖੱਡੀਆਂ ਅਤੇ ਦਸਤਕਾਰੀ ਖੇਤਰ ਦੀਆਂ ਸਕੀਮਾਂ ਤਹਿਤ ਮੁਹਾਰਤ ਦਿੱਤੀ ਜਾ ਰਹੀ ਹੈ। ਕੁਸ਼ਲ ਭਾਰਤ ਮਿਸ਼ਨ ਤਹਿਤ ਇਕ ਅਸਰਦਾਰ ਅਤੇ ਵਿਸ਼ਾਲ ਪ੍ਰੋਗਰਾਮ ਨੂੰ ਹਾਲ ਹੀ ਵਿੱਚ ਲਾਗੂ ਕੀਤਾ ਗਿਆ ਹੈ। ਕੱਪੜਾ ਅਤੇ ਵਸਤਰ ਨਿਰਮਾਣ ਖੇਤਰ ਵਿੱਚ ਦੋ ਕੌਂਸਲਾਂ ਕੱਪੜਾ ਖੇਤਰ ਮੁਹਾਰਤ ਕੌਂਸਲ ਅਤੇ ਵਸਤਰ, ਤਿਆਰਸ਼ੁਦਾ ਅਤੇ ਘਰ ਸਜਾਉਣ ਦੇ ਖੇਤਰ ਬਾਰੇ ਕੌਂਸਲ, ਕਾਇਮ ਕੀਤੀਆਂ ਗਈਆਂ ਹਨ।

## ਵਸਤਰ ਨਿਰਮਾਣ ਖੇਤਰ ਲਈ ਵਿਸ਼ੇਸ਼ ਪੈਕੇਜ

ਵਸਤਰ ਤਿਆਰ ਕਰਨ ਬਾਰੇ ਉਦਯੋਗ ਜਿਸ ਵਿੱਚ ਰੋਜ਼ਗਾਰ ਦੀਆਂ ਵੱਡੀਆਂ ਸੰਭਾਵਨਾਵਾਂ ਹਨ, ਕਈ ਰੁਕਾਵਟਾਂ, ਜਿਵੇਂ ਕਿ ਵਿਸ਼ਵ ਬਾਜ਼ਾਰ ਤੱਕ ਗੈਰ ਬਰਾਬਰੀ ਵਾਲੀ ਪਹੁੰਚ, ਮੁਕਾਬਲਤਨ ਵਧੇਰੇ ਕਿਰਤ ਲਾਗਤਾਂ, ਉਤਪਾਦਕਤਾ ਉਪਰ ਮਾੜਾ ਅਸਰ ਪਾਉਣ ਵਾਲੀਆਂ ਰੁਕਾਵਟੀ ਕਿਰਤ ਨੇਮਬੰਦੀਆਂ, ਨਿਵੇਸ਼ ਅਤੇ ਬਰਾਮਦਾਂ ਆਦਿ ਲਈ ਨਾਕਾਫੀ ਲਾਭ ਆਦਿ ਦਾ ਸ਼ਿਕਾਰ ਹੈ। ਇਸ ਖੇਤਰ ਵਿੱਚ ਵਿਕਾਸ ਤੇਜ਼ ਕਰਨ ਲਈ ਅਤੇ ਮੁਕਾਬਲੇਬਾਜ਼ੀ ਵਾਲਾ ਬਣਾਉਣ ਲਈ ਸਰਕਾਰ ਨੇ ਇਕ ਵਿਸ਼ੇਸ਼ ਪੈਕੇਜ ਜਾਰੀ ਕੀਤਾ ਹੈ ਜਿਸ ਵਿੱਚ ਵਸਤਰਾਂ ਦੀ ਬਰਾਮਦ ਲਈ ਵਾਧੂ ਲਾਭ, ਤੈਅਸ਼ੁਦਾ ਸਮੇਂ ਲਈ ਰੋਜ਼ਗਾਰ, ਓਵਰ ਟਾਈਮ ਹੱਦ ਵਿੱਚ ਵਾਧਾ ਅਤੇ ਆਮਦਨ ਕਰ ਦੀ ਧਾਰਾ 80 ਜੇ ਜੇ ਏ ਏ ਨੂੰ ਸੌਖਾ ਕਰਨਾ ਸ਼ਾਮਲ ਹੈ ਤਾਂ ਕਿ ਵਸਤਰ ਨਿਰਮਾਣ ਖੇਤਰ ਵਿੱਚ ਰੋਜ਼ਗਾਰ ਦੇ ਮੌਕੇ ਵਧਣ। ਸਰਕਾਰ ਸਾਰੇ ਨਵੇਂ ਕਰਮਚਾਰੀਆਂ ਦਾ 12 ਪ੍ਰਤਿਸ਼ਤ ਦਾ ਪੂਰਾ ਕਰਮਚਾਰੀ ਭਵਿੱਖਨਿਧੀ ਫੰਡ ਦਾ ਅੰਸ਼ ਤਿੰਨ ਸਾਲਾਂ ਤੱਕ ਸਰਕਾਰ ਵਲੋਂ ਦਿੱਤਾ ਜਾਵੇਗਾ। 15 ਹਜ਼ਾਰ ਰੁਪਏ ਤੋਂ ਘੱਟ ਤਨਖਾਹ ਵਾਲਿਆਂ ਦਾ ਫੰਡ ਨਹੀਂ ਕੱਢਿਆ ਜਾਵੇਗਾ ਤਾਂ ਕਿ ਇਹ ਵਧੇਰੇ ਰਕਮ ਨਗਦ ਰੂਪ ਵਿੱਚ ਲੈ ਸਕਣ। ਤੈਅਸ਼ੁਦਾ ਮਿਆਦ ਵਾਲੇ ਰੋਜ਼ਗਾਰ ਨਾਲ ਕਿਰਤ ਪੂਰਤੀ ਹੋਵੇਗੀ ਅਤੇ ਉਦਯੋਗ ਦੇ ਵਧੇਰੇ ਸਰਗਰਮੀ ਵਾਲੇ ਸਮੇਂ ਕਾਲ ਦੌਰਾਨ ਵੀ ਰੋਜ਼ਗਾਰ ਉਪਲਬਧ ਰਹੇਗਾ। ਕਾਰਜ ਦੇ ਘੰਟਿਆਂ, ਭੱਤਿਆਂ ਮਜ਼ਦੂਰੀ ਅਤੇ ਬਣਦੇ ਲਾਭਾਂ ਵਿੱਚ ਤੈਅਸ਼ੁਦਾ ਸਮੇਂ ਸੀਮਾ ਤਹਿਤ ਕੰਮ ਕਰਨ ਵਾਲੇ ਕਿਰਤੀਆਂ ਨੂੰ ਪੱਕੇ ਕਿਰਤੀ ਵਾਲੇ ਹੀ ਲਾਭ ਹਾਸਲ ਹੋਣਗੇ। ਤਿੰਨ ਮਹੀਨਿਆਂ ਵਿੱਚ ਓਵਰ ਟਾਈਮ ਦੀ ਹੱਦ ਵੀ 50 ਘੰਟਿਆਂ ਤੋਂ ਵਧਾ ਕੇ 100 ਘੰਟੇ ਕਰ ਦਿੱਤੀ ਗਈ ਹੈ। ਜਿਸ ਨਾਲ ਕਿਰਤੀਆਂ ਨੂੰ ਵਧੇਰੇ ਆਮਦਨ ਹੋਵੇਗੀ। ਵਸਤਰ ਨਿਰਮਾਣ ਖੇਤਰ ਨੂੰ ਦਿੱਤੇ ਗਏ ਇਸ ਵਿਸ਼ੇਸ਼ ਪੈਕੇਜ ਨਾਲ 3 ਸਾਲਾਂ ਦੇ ਸਮੇਂ ਕਾਲ ਦੌਰਾਨ 1 ਕਰੋੜ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ। ਜਿਵੇਂ ਕਿ ਤਾਲਿਕਾ ਵਿੱਚ ਦਿੱਤਾ ਗਿਆ ਹੈ।

| **ਖੇਤਰ** | **ਰੋਜ਼ਗਾਰ ਸਿੱਧਾ ਤੇ ਅਸਿੱਧਾ ਲੱਖਾਂ ਵਿੱਚ** |
|---|---|
| ਵਸਤਰ ਨਿਰਮਾਣ ਖੇਤਰ ਦੀ ਮੁਕਾਬਲੇਬਾਜ਼ੀ ਵਧਾਉਣ ਲਈ ਉਪਾਅ | 9.7 |
| 80 ਜੇ ਜੇ ਏ ਏ ਤਰਮੀਮਾਂ | 12.25 |
| ਵਸਤਰ ਨਿਰਮਾਣ ਲਈ ਵਾਧੂ ਲਾਭ | 9.5 |
| ਵਾਧੂ 3.67 ਪ੍ਰਤਿਸ਼ਤ ਭਵਿੱਖ ਨਿਧੀ ਯੋਗਦਾਨ | |
| ਵਾਧੂ ਡਿਊਟੀ ਵਾਪਸੀ | |
| ਕਿਰਤ ਕਾਨੂੰਨ ਸੁਧਾਰ | 1.75 |
| ਧਾਗਾ ਫੈਬਰਿਕ ਅਤੇ ਪ੍ਰਾਸੈਸਿੰਗ ਖੇਤਰ ਵਿੱਚ ਰੋਜ਼ਗਜਰ 35 ਪ੍ਰਤਿਸ਼ਤ | 10.7 |
| ਅਸਿੱਧਾ ਰੋਜ਼ਗਾਰ ‘ 1:1.3 | 56.4 |
| **ਕੁੱਲ** | **100.1** |

## ਸਿੱਟਾ

ਰੋਜ਼ਗਾਰ ਦੇ ਵਾਧੇ ਦੀਆਂ ਸੰਭਾਵਨਾਵਾਂ ਅਤੇ ਕੁਸ਼ਲ ਮਨੁੱਖੀ ਸ਼ਕਤੀ ਅਧਾਰ, ਘਰੇਲੂ ਅਤੇ ਸਿੱਧੇ ਵਿਦੇਸ਼ੀ ਨਿਵੇਸ਼ਾਂ ਦੋਹਾਂ ਪੱਧਰਾਂ ਉਤੇ ਵੱਡੇ ਪੱਧਰ ਦੇ ਨਿਵੇਸ਼ ਨੂੰ ਆਕਰਸ਼ਿਤ ਕਰਨਗੇ ਅਤੇ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ ਦੇ ਨਿਰਮਾਣ ਖੇਤਰ ਦਾ ਧੁਰਾ ਬਣਾਉਣ ਦਾ ਪ੍ਰਧਾਨ ਮੰਤਰੀ ਦਾ ਸੁਪਨਾ ਪੂਰਾ ਕਰਨਗੇ। ਭਾਰਤ ਰੂਪਾਂਤਰੀਕਰਨ ਬਾਰੇ ਭਾਸ਼ਨ ਲੜੀ ਦੇ ਉਦਘਾਟਨ ਸਮੇਂ ਸਿੰਗਾਪੁਰ ਦੇ ਉਪ ਪ੍ਰਧਾਨ ਮੰਤਰੀ ਨੇ ਕਿਹਾ ਕਿ 'ਭਾਰਤ ਵਿਸ਼ਵ ਆਰਥਿਕਤਾ ਵਿੱਚ ਜਾਰੀ ਨਾਂਹ ਪੱਖੀ ਰੁਝਾਨਾਂ ਅਤੇ ਨਿਰਾਸ਼ਾਵਾਦ ਦੇ ਮੁਕਾਬਲੇ ਲਈ ਨਿਸ਼ਚੇਬਧ ਖੜ੍ਹਾ ਹੈ, ਜਿਸ ਲਈ ਇਹ ਸਮਾਜਕ ਗਤੀਸ਼ੀਲਤਾ ਉਪਰ ਧਿਆਨ ਕੇਂਦਰਿਤ ਕਰ ਰਿਹਾ ਹੈ, ਲੰਮੇ ਸਮੇਂ ਦੇ ਟੀਚੇ ਮਿੱਥ ਰਿਹਾ ਹੈ ਅਤੇ ਸਮਾਜਕ ਅਤੇ ਮਨੁੱਖੀ ਪੂੰਜੀ ਵਿੱਚ ਨਿਵੇਸ਼ ਕਰ ਰਿਹਾ ਹੈ। ਕੱਪੜਾ ਅਤੇ ਵਸਤਰ ਨਿਰਮਾਣ ਦੀਆਂ ਆਪਣੀਆਂ ਹਾਲੀਆ ਪਹਿਲਕਦਮੀਆਂ ਨਾਲ ਭਾਰਤ ਸਰਕਾਰ ਨੇ ਆਸ਼ਾਵਾਦ, ਬਰਾਮਦਾਂ ਵਿੱਚ ਵਾਧੇ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਇਸ ਸਭ ਦੇ ਨਤੀਜੇ ਵਜੋਂ ਸਮਾਜਕ ਰੂਪਾਂਤਰਨ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਕੀਤੀ ਹੈ।

*(ਲੇਖਿਕਾ ਭਾਰਤ ਸਰਕਾਰ ਦੇ ਵਸਤਰ ਮੰਤਰਾਲੇ ਵਿੱਚ ਸਕੱਤਰ ਹਨ)*

*e-mail :secy_textiles@nic.in*

# ਕੱਪੜਾ ਅਤੇ ਵਸਤਰ ਨਿਰਯਾਤ ਲਈ ਉੱਭਰਦੇ ਹੋਏ ਬਾਜ਼ਾਰ

ਅਦਿੱਤੀ ਦਾਸ ਰਾਊਤ

ਪੂਰਵ ਉਦਯੋਗਿਕ ਯੁਗ ਵਿੱਚ ਭਾਰਤ ਆਪਣੇ ਵਿਭਿੰਨ ਪ੍ਰਕਾਰ ਦੇ ਕੱਪੜਿਆਂ ਦੇ ਵਪਾਰ ਲਈ ਜਾਣਿਆ ਜਾਂਦਾ ਸੀ। ਇਬਨ ਬਤੂਤਾ ਜਿਹੇ ਬਹੁਤ ਸਾਰੇ ਵਿਦੇਸ਼ੀ ਯਾਤਰੂਆਂ ਵਲੋਂ ਸਲਤਨਤ ਕਾਲ ਦੌਰਾਨ ਬਾਜ਼ਾਰਾਂ ਵਿੱਚ ਵੇਚੇ ਜਾਂਦੇ ਉੱਤਮ ਕਿਸਮ ਦੇ ਕੱਪੜਿਆਂ ਬਾਰੇ ਵੇਰਵੇ ਸਹਿਤ ਵਰਣਨ ਕੀਤੇ ਗਏ ਹਨ। ਪੁਰਾਤਨ ਸਮਿਆਂ ਵਿੱਚ ਭਾਰਤੀ ਕੱਪੜਿਆਂ ਦਾ ਵਪਾਰ ਚੀਨ, ਇੰਡੋਨੇਸ਼ੀਆ ਅਤੇ ਰੋਮਨ ਜਗਤ ਨਾਲ ਕੀਤਾ ਜਾਂਦਾ ਸੀ। ਬਾਅਦ ਵਿੱਚ ਰੋਮਨ ਵਪਾਰਕ ਸਮੁੰਦਰੀ ਫੌਜ ਦੀ ਥਾਂ ਅਰਬ ਵਪਾਰੀਆਂ ਅਤੇ ਉਸ ਤੋਂ ਉਪਰੰਤ ਪੁਰਤਗਾਲੀਆਂ ਨੇ ਲੈ ਲਈ ਜਦੋਂ 15ਵੀਂ ਸਦੀ ਦੇ ਅਖੀਰ ਵਿੱਚ ਵਾਸਕੋਡੀਗਾਮਾ ਭਾਰਤ ਆਇਆ। ਸਮਾਂ ਬੀਤਣ ਦੇ ਨਾਲ, ਸੋਲ੍ਹਵੀਂ ਸਦੀ ਦੌਰਾਨ ਯੂਰਪੀ ਕੰਪਨੀਆਂ ਨੇ ਉਪ-ਮਹਾਂਦੀਪ ਵਿੱਚ ਆਪਣੇ ਅੱਡੇ ਸਥਾਪਤ ਕਰ ਲਏ ਅਤੇ ਇਸ ਲਾਹੇਵੰਦ ਵਪਾਰਕ ਬਿੰਦੂ ਦਾ ਹਿੱਸਾ ਬਣ ਗਏ। ਭਾਰਤ ਦੁਨੀਆਂ ਦੇ ਇਤਿਹਾਸ ਵਿੱਚ ਕੱਪੜੇ ਦਾ ਸਭ ਤੋਂ ਵੱਡਾ ਨਿਰਯਾਤਕ ਬਣ ਗਿਆ। ਇਸ ਦਾ ਕੱਪੜਿਆਂ ਦਾ ਵਪਾਰ ਅਠ੍ਹਾਰਵੀਂ ਅਤੇ 19ਵੀਂ ਸਦੀ ਵਿੱਚ ਆਪਣੇ ਸਿਖਰ ਉਤੇ ਸੀ।

ਮੁਗ਼ਲ ਕਾਲ ਦੌਰਾਨ ਦੇਸ਼ ਦੀਆਂ ਮੁੱਖ ਆਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ ਵਿੱਚ ਸੋਨਾ, ਕੱਚਾ ਰੇਸ਼ਮ, ਘੋੜੇ, ਹਾਥੀ ਦੰਦ ਅਤੇ ਬੇਸ਼ਕੀਮਤੀ ਪੱਥਰ ਮਖਮਲ ਅਤੇ ਜ਼ਰੀ ਸ਼ਾਮਲ ਸਨ। ਆਯਾਤ ਵਿੱਚ ਵੱਖ-ਵੱਖ ਪ੍ਰਕਾਰ ਦੇ ਕੱਪੜੇ, ਨੀਲ ਜਾਂ ਲਾਜਵਰ, ਮਸਾਲੇ ਅਤੇ ਫੁਟਕਲ ਚੀਜ਼ਾਂ ਸ਼ਾਮਲ ਸਨ। ਜ਼ਮੀਨੀ ਮਾਰਗਾਂ ਤੇ ਆਵਾਜਾਈ ਸੀਮਤ ਅਤੇ ਅਸੁਰੱਖਿਅਤ ਸੀ, ਜਿਸ ਕਾਰਨ ਸਮੁੰਦਰੀ ਰਸਤੇ ਅਤੇ ਦਰਿਆ ਵਪਾਰਕ ਉਦੇਸ਼ਾਂ ਲਈ ਵੱਧ ਲਾਭਕਾਰੀ ਸਨ। ਭਾਰਤੀ ਕੱਪੜੇ ਦੀ, ਭਾਰਤੀ ਹਿੰਦ-ਮਹਾਂਸਾਗਰ ਦੀ ਦੱਖਣ ਪੂਰਬੀ ਏਸ਼ਿਆਈ ਦੇਸ਼ਾਂ ਨਾਲ ਵਪਾਰ ਵਿੱਚ ਸਦੀਆਂ ਤੱਕ ਸਰਦਾਰੀ ਰਹੀ।

**ਵਿਦੇਸ਼ੀ ਬਾਜ਼ਾਰ ਭਾਰਤ ਦਾ ਕੱਪੜਾ ਖਰੀਦਦੇ ਸਨ ਜੋ ਨਾ ਕੇਵਲ ਸਸਤਾ ਸੀ ਸਗੋਂ ਸੁੰਦਰ ਵੀ ਸੀ, ਬਚੇ ਹੋਏ ਮਾਲ ਦੀ ਸੂਚੀ ਤੋਂ ਪਤਾ ਲਗਦਾ ਹੈ ਕਿ ਭਾਰਤ ਦੇ ਡਿਜ਼ਾਈਨਰ ਬਾਜ਼ਾਰ ਦੀਆਂ ਲੋੜਾਂ ਮੁਤਾਬਕ ਡਿਜ਼ਾਈਨ ਬਣਾਉਂਦੇ ਸਨ ਅਤੇ ਨਵੀਆਂ ਬੁਣਤੀਆਂ ਅਤੇ ਡਿਜ਼ਾਈਨਾਂ ਦੇ ਤਜਰਬੇ ਕਰਦੇ ਰਹਿੰਦੇ ਸਨ। ਭਾਰਤ ਦੇ ਬੁਣਕਰ ਅਤੇ ਰੰਗਰੇਜ਼ ਵਿਦੇਸ਼ ਦੀਆਂ ਤਕਨੀਕਾਂ, ਜੋ ਮੰਗ ਵਿੱਚ ਬਦਲਾਅ ਆਉਣ ਕਰਕੇ ਤੇਜ਼ੀ ਨਾਲ ਬਦਲ ਜਾਂਦੀਆਂ ਸਨ, ਨਾਲ ਨਜਿੱਠਣ ਦੇ ਸਮਰੱਥ ਸਨ। ਭਾਰਤ ਦੇ ਕੱਪੜੇ ਦੀ ਪ੍ਰਸਿੱਧੀ ਦਾ ਅਨੁਮਾਨ ਉਨ੍ਹਾਂ ਸ਼ਬਦਾਂ ਦੀ ਸੰਖਿਆ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ ਜਿਨ੍ਹਾਂ ਨੇ ਅੰਗਰੇਜ਼ੀ ਸ਼ਬਦਕੋਸ਼ ਵਿੱਚ ਆਪਣੀ ਥਾਂ ਬਣਾ ਲਈ ਹੈ : ਕੈਕੀਕੋ (ਕੋਰਾ ਸੂਤੀ ਕੱਪੜਾ), ਪਜਾਮਾ, ਮੁਸਲਿਨ (ਮਲਮਲ), ਜਿੰਘਮ (ਚਾਰਖਾਨਾ ਸੂਤੀ ਕੱਪੜਾ), ਸ਼ਾਲ, ਡੂੰਗਰੀ, ਚਿੰਟਜ਼ (ਛੀਂਟ) ਅਤੇ ਖਾਕੀ।**

## ਵਿਸ਼ਵ ਵਪਾਰ : ਰੁਝਾਨ

ਭਾਰਤੀ ਕੱਪੜਿਆਂ ਨੂੰ ਇਤਿਹਾਸ ਦੇ ਉਤਾਰ ਚੜ੍ਹਾਵਾਂ ਦਾ ਸ਼ਿਕਾਰ ਹੋਣਾ ਪਿਆ। ਬਸਤੀਵਾਦ ਦੇ ਅਧੀਨ ਭਾਰਤ ਨੂੰ ਮਸ਼ੀਨ ਦਾ ਬਣਿਆ ਕੱਪੜਾ ਅਤੇ ਵਸਤਾਂ ਵੱਡੀ ਮਾਤਰਾ ਵਿੱਚ ਆਯਾਤ ਕਰਨੀਆਂ ਪਈਆਂ ਜਿਸ ਨੇ ਘਰੇਲੂ ਕਤਾਈ ਨੂੰ ਘੱਟ ਕਰ ਦਿੱਤਾ ਅਤੇ ਬੁਣਕਰਾਂ ਦਾ ਉਜਾੜਾ ਕੀਤਾ। ਹੋਰ ਵੱਧ ਪੁਰਾਤਨ ਸਮਿਆਂ ਵਿੱਚ, ਵਿਸ਼ਵੀਕਰਨ ਦੀਆਂ ਵਿਸ਼ੇਸ਼ਤਾਈਆਂ ਅਤੇ ਬਦਲਾਵਾਂ ਨੇ ਬਹੁ-ਨਿਰਮਾਣ ਕੇਂਦਰ ਬਿੰਦੂਆਂ ਅਤੇ ਏਕੀਕ੍ਰਿਤ ਵਿਸ਼ਵ ਪੂਰਤੀ ਲੜੀਆਂ ਵਲੋਂ ਇਕ ਚੁਨੌਤੀਆਂ ਦਾ ਯੁਗ ਸ਼ੁਰੂ ਕਰ ਦਿੱਤਾ। ਪਰ ਭਾਰਤ ਦੇ ਵਿਭਿੰਨ ਹੱਥ ਖੱਡੀ ਉਤਪਾਦ ਹਾਲੇ ਵੀ ਬੇਸ਼ਕੀਮਤੀ ਉਤਪਾਦ ਬਣੇ ਹੋਏ ਹਨ ਜੋ ਸਿਖਰਲੇ ਬਾਜ਼ਾਰਾਂ ਦਾ ਸ਼ਿੰਗਾਰ ਹਨ।

ਪਿਛਲੇ ਕੁੱਝ ਸਾਲਾਂ ਵਿੱਚ ਵਿਸ਼ਵ ਵਪਾਰ ਦਾ ਵਿਕਾਸ ਢਿੱਲਾ ਮੱਠਾ ਰਿਹਾ ਹੈ। ਮੁੱਖ ਵਿਕਸਤ ਦੇਸ਼ਾਂ ਵਿੱਚ ਵਸੂਲੀ ਧੀਮੀ ਅਤੇ ਅਸਾਵੀਂ ਰਹੀ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਵਿਕਾਸ ਦੀ ਦਰ ਸਧਾਰਨ ਰਹੀ ਹੈ। ਵਿਸ਼ਵ ਵਪਾਰ ਵਿੱਚ ਵਿਕਾਸ 2015 ਵਾਂਗ ਇਸ ਸਾਲ ਵੀ 2.8 ਪ੍ਰਤਿਸ਼ਤ ਦੀ ਦਰ ਨਾਲ ਧੀਮਾ ਰਹਿਣ ਦੀ ਉਮੀਦ ਹੈ। ਵਿਕਸਤ ਦੇਸ਼ਾਂ ਦਾ ਆਯਾਤ ਇਸ ਸਾਲ ਵੀ ਸਧਾਰਨ ਰਹਿਣ ਦੀ ਆਸ ਹੈ ਜਦ ਕਿ ਵਿਸ਼ਵ ਵਪਾਰ ਸੰਸਥਾ ਮੁਤਾਬਕ ਵਿਕਾਸਸ਼ੀਲ ਏਸ਼ਿਆਈ ਅਰਥਚਾਰਿਆਂ ਵਿੱਚ ਆਯਾਤ ਕੀਤੀਆਂ ਵਸਤਾਂ ਦੀ ਮੰਗ ਵਧਣ ਦੀ ਉਮੀਦ ਹੈ। ਵਿਸ਼ਵ ਵਪਾਰ ਸੰਸਥਾ ਮੁਤਾਬਕ ਦੋ ਅਰਥਸ਼ਾਸਤਰੀਆਂ ਦੇ ਦੱਸਣ ਅਨੁਸਾਰ 2017 ਵਿੱਚ ਵਿਸ਼ਵ ਵਪਾਰ ਵਿਕਾਸ ਦਰ ਵਧ ਕੇ 3.6 ਪ੍ਰਤਿਸ਼ਤ ਹੋਣੀ ਚਾਹੀਦੀ ਹੈ।

ਮੌਜੂਦਾ ਵਿਸ਼ਵ ਵਪਾਰ ਵਾਤਾਵਰਨ ਵੰਗਾਰਾਂ

ਭਰਿਆ ਹੈ। ਪਿਛਲੇ ਸਾਲਾਂ ਦੌਰਾਨ ਭਾਰਤ ਦੇ ਵਪਾਰ ਦੀ ਦਿਸ਼ਾ ਹੌਲੀ-ਹੌਲੀ ਬਦਲ ਕੇ ਉੱਭਰਦੇ ਬਾਜ਼ਾਰਾਂ ਵੱਲ ਹੋ ਗਈ ਹੈ ਭਾਵੇਂ ਕਿ ਅਮਰੀਕਾ ਅਤੇ ਯੂਰਪੀ ਸੰਘ ਵਰਗੇ ਰਵਾਇਤੀ ਬਾਜ਼ਾਰ ਹਾਲੇ ਵੀ ਸਾਡੇ ਕੱਪੜੇ ਅਤੇ ਵਸਤਰਾਂ ਦੇ ਨਿਰਯਾਤ ਦੇ ਅਹਿਮ ਸਥਾਨ ਬਣੇ ਹੋਏ ਹਨ। ਬਹੁਤ ਸਾਰੇ ਉੱਭਰ ਰਹੇ ਅਰਥਚਾਰਿਆਂ ਨੂੰ ਵੰਗਾਰ ਭਰੇ ਵਿਆਪਕ-ਆਰਥਿਕ ਵਾਤਾਵਰਨ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ। ਭਾਵੇਂ ਕਿ ਸਾਰੇ ਹੀ ਉੱਭਰ ਰਹੇ ਅਰਥਚਾਰਿਆਂ ਵਾਸਤੇ 2016 ਵਿੱਚ ਸਧਾਰਨ ਵਿਕਾਸ ਪ੍ਰਾਪਤੀ ਦਰ ਦੀ ਪੇਸ਼ੀਨਗੋਈ ਕੀਤੀ ਗਈ ਹੈ, ਜਿਸ ਵਿੱਚ ਬ੍ਰਾਜ਼ੀਲ, ਭਾਰਤ ਇੰਡੋਨੇਸ਼ੀਆ, ਮੈਕਸੀਕੋ, ਰੂਸੀ ਸੰਘ, ਦੱਖਣੀ ਅਫਰੀਕਾ ਅਤੇ ਤੁਰਕੀ ਸ਼ਾਮਲ ਹਨ, ਅਤੇ ਸਿਰਫ ਚੀਨ ਵਿੱਚ ਥੋੜ੍ਹਾ ਸੰਤੁਲਨ ਬਣੇਗਾ, ਤਾਂ ਵੀ ਕਮਜ਼ੋਰ ਵਿਕਾਸ ਦੇ ਸਮੇਂ ਦੇ ਕੁੱਝ ਚਿਰ ਹੋਰ ਚੱਲਣ ਦੀ ਸੰਭਾਵਨਾ ਬਣੀ ਰਹੇਗੀ। ਉਪਰੋਕਤ ਸੰਦਰਭ ਵਿੱਚ ਚੀਨੀ ਆਰਥਿਕਤਾ ਵਿੱਚ ਮੰਦੀ ਆਉਣਾ ਮਹੱਤਵਪੂਰਨ ਹੋ ਜਾਂਦਾ ਹੈ ਕਿਉਂਕਿ ਇਸ ਨਾਲ ਉੱਭਰ ਰਹੇ ਅਰਥਚਾਰੇ, ਛੋਟੇ ਵਿਕਾਸਸ਼ੀਲ ਦੇਸ਼ ਅਤੇ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਹੇ ਅਰਥਚਾਰੇ ਪ੍ਰਭਾਵਿਤ ਹੋ ਸਕਦੇ ਹਨ। ਇਹ ਡਰ ਵੀ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਇਸ ਨਾਲ ਵਿਕਸਤ ਦੇਸ਼ਾਂ ਵਿੱਚ ਪੈ ਰਿਹਾ ਨਾਜ਼ਕ ਮੋੜ ਪੈਰੋਂ ਉੱਖੜ ਸਕਦਾ ਹੈ, ਖ਼ਾਸ ਕਰਕੇ ਯੂਰੋ ਵਾਲੇ ਦੇਸ਼ਾਂ ਵਿੱਚ। ਇਤਿਹਾਸਕ ਤੌਰ ਤੇ, ਕੱਪੜਾ ਉਦਯੋਗ ਦਾ ਵਿਕਸਤ ਹੋਣਾ ਉਦਯੋਗੀਕਰਨ ਦੀ ਦਿਸ਼ਾ ਵਿੱਚ ਇਕ ਮਾਅਰਕੇ ਵਾਲਾ ਕਦਮ ਸੀ ਜਿਸ ਨੇ ਔਰਤਾਂ ਅਤੇ ਘੱਟ ਹੁਨਰਮੰਦ ਵਿਅਕਤੀਆਂ ਨੂੰ ਵੱਡੀ ਸੰਖਿਆ ਵਿੱਚ ਨੌਕਰੀਆਂ ਪ੍ਰਦਾਨ ਕੀਤੀਆਂ। ਜੇ ਕੱਪੜਾ ਖੇਤਰ ਚੀਨੀ ਆਰਥਿਕਤਾ ਦਾ ਇਕ ਛੋਟਾ ਭਾਗ ਬਣ ਜਾਂਦਾ ਹੈ, ਜੋ ਦੂਸਰੇ ਨਿਰਮਾਣ ਖੇਤਰਾਂ ਅਤੇ ਤੇਜ਼ੀ ਨਾਲ ਫੈਲ ਰਹੇ ਸੇਵਾਵਾਂ ਦੇ ਖੇਤਰ ਵਿੱਚ ਉੱਚ ਹੁਨਰਮੰਦੀ ਵਾਲੀਆਂ ਨੌਕਰੀਆਂ ਵੱਲ ਜਾ ਰਿਹਾ ਹੈ, ਤਾਂ ਇਹ ਵਿਸ਼ਵ ਕੱਪੜਾ ਵਪਾਰ ਵਿੱਚ ਇਕ ਨਵੇਂ ਦੌਰ ਦੀ ਸ਼ੁਰੂਆਤ ਕਰ ਸਕਦਾ ਹੈ। ਭਾਰਤ ਨੂੰ ਉੱਭਰ ਰਹੇ ਮੌਕਿਆਂ ਨੂੰ ਹੱਥੋ-ਹੱਥੀਂ ਲੈਣਾ ਚਾਹੀਦਾ ਹੈ, ਭਾਵੇਂ ਕਿ ਚੀਨ ਸਭ ਤੋਂ ਵੱਡਾ ਨਿਰਯਾਤਕ ਬਣਿਆ ਰਹੇਗਾ। ਸਾਡੀ ਪਸੰਦ ਦੇ ਬਾਜ਼ਾਰ ਚੁਣਨ ਵਿੱਚ ਖੇਤਰੀ ਵਪਾਰਕ ਸਮਝੌਤੇ ਅਹਿਮ ਭੂਮਿਕਾ ਨਿਭਾਉਣਗੇ। ਖੇਤਰੀ ਵਪਾਰਕ ਸਮਝੌਤਿਆਂ ਕਾਰਨ ਸੰਭਵਤਾ ਵਪਾਰਕ ਰੁਖ ਵੀ ਬਦਲ ਸਕਦਾ ਹੈ ਜੋ ਹੋ ਸਕਦਾ ਹੈ ਸਾਡੇ ਲਈ ਫਾਇਦੇਮੰਦ ਨਾ ਹੋਵੇ।

## ਵਿਸ਼ਵ ਕੱਪੜਾ ਨਿਰਯਾਤ

ਵਿਸ਼ਵ ਦੇ ਮੌਜੂਦਾ ਕੱਪੜਾ ਬਾਜ਼ਾਰ ਦੇ 1100 ਬਿਲੀਅਨ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਹੈ ਜਿਸ ਦੀ ਵਪਾਰਕ ਕੀਮਤ 750 ਬਿਲੀਅਨ ਅਮਰੀਕੀ ਡਾਲਰ ਤੋਂ ਵੱਧ ਹੈ। ਯੂਰਪੀ ਸੰਘ ਸਭ ਤੋਂ ਵੱਡਾ ਖਪਤਕਾਰ ਬਾਜ਼ਾਰ ਹੈ ਜੋ ਸਾਲਾਨਾ 350 ਬਿਲੀਅਨ ਅਮਰੀਕੀ ਡਾਲਰ ਤੱਕ ਪੁੱਜ ਗਿਆ ਹੈ। ਵਿਸ਼ਵ ਦੇ ਕੱਪੜਾ ਅਤੇ ਵਸਤਰ ਖੇਤਰ ਦੇ ਪ੍ਰਤਿ ਸਾਲ 5 ਪ੍ਰਤਿਸ਼ਤ ਮਿਸ਼ਰਤ ਸਾਲਾਨਾ ਵਿਕਾਸ ਦਰ (ਸੀ ਏ ਜੀ ਆਰ) ਨਾਲ ਵਿਕਸਤ ਹੋ ਕੇ 2025 ਤੱਕ 2100 ਬਿਲੀਅਨ ਅਮਰੀਕੀ ਡਾਲਰ ਦੇ ਲਗਭਗ ਹੋਣ ਦੀ ਭਵਿੱਖਬਾਣੀ ਹੈ।

**ਦੁਨੀਆਂ ਦਾ ਸਭ ਤੋਂ ਵੱਡਾ ਵਸਤਰ ਨਿਰਯਾਤਕ ਚੀਨ ਹੈ ਜਿਸ ਦੀ ਵਿਸ਼ਵ ਦੇ ਕੁੱਲ ਵਸਤਰ ਨਿਰਯਾਤ ਵਿੱਚ ਲਗਭਗ 35-39 ਪ੍ਰਤਿਸ਼ਤ ਹਿੱਸੇਦਾਰੀ ਹੈ। ਇਸ ਤੋਂ ਬਾਅਦ ਯੂਰਪੀ ਸੰਘ, ਬੰਗਲਾਦੇਸ਼, ਹਾਂਗਕਾਂਗ, ਵੀਅਤਨਾਮ, ਭਾਰਤ, ਤੁਰਕੀ, ਇੰਡੋਨੇਸ਼ੀਆ, ਅਮਰੀਕਾ ਅਤੇ ਕੰਬੋਡੀਆ ਦਾ ਨੰਬਰ ਆਉਂਦਾ ਹੈ। ਦੁਨੀਆਂ ਦਾ ਸਭ ਤੋਂ ਵੱਡਾ ਵਸਤਰ ਆਯਾਤਕ ਯੂਰਪੀ ਸੰਘ ਹੈ ਜਿਸ ਦੀ ਵਿਸ਼ਵ ਦੀ ਕੁੱਲ ਵਸਤਰ ਨਿਰਯਾਤ ਵਿੱਚ 35-38 ਪ੍ਰਤਿਸ਼ਤ ਹਿੱਸੇਦਾਰੀ ਹੈ, ਜਦ ਕਿ ਅਮਰੀਕਾ ਦੀ ਹਿੱਸੇਦਾਰੀ ਲਗਭਗ 18 ਪ੍ਰਤਿਸ਼ਤ ਅਤੇ ਜਾਪਾਨ ਦੀ 6 ਪ੍ਰਤਿਸ਼ਤ ਹੈ।**

ਅਗਲਾ ਮਹੱਤਵਪੂਰਨ ਦੇਸ਼ ਹਾਂਗਕਾਂਗ ਹੈ, ਜਿਸ ਤੋਂ ਬਾਅਦ ਕੈਨੇਡਾ, ਰੂਸ, ਦੱਖਣੀ ਕੋਰੀਆ, ਆਸਟ੍ਰੇਲੀਆ, ਸਵਿਟਜ਼ਰਲੈਂਡ ਅਤੇ ਚੀਨ ਹਨ। ਪਰ ਇਨ੍ਹਾਂ ਸੱਤ ਆਯਾਤਕਾਂ ਦਾ ਵਿਸ਼ਵ ਦੇ ਕੱਪੜਾ ਆਯਾਤ ਵਿੱਚ ਬਹੁਤ ਛੋਟਾ ਜਿਹਾ ਹਿੱਸਾ ਹੈ। ਅਗਲੇ ਲਗਭਗ ਪੰਜ ਸਾਲਾਂ ਤੱਕ ਚੀਨ ਕੱਪੜੇ ਅਤੇ ਵਸਤਰਾਂ ਦਾ ਸਭ ਤੋਂ ਵੱਡਾ ਪੂਰਤੀਕਾਰ ਬਣਿਆ ਰਹੇਗਾ। ਚੀਨ ਨੇ ਕੱਪੜਾ ਮਿੱਲਾਂ ਅਤੇ ਸਹੂਲਤਾਂ ਦੇ ਨਿਰਮਾਣ, ਆਧੁਨਿਕੀਕਰਨ ਅਤੇ ਉੱਨਤੀ ਲਈ ਨਿਵੇਸ਼ ਨੂੰ ਸਫਲਤਾ ਪੂਰਵਕ ਖਿੱਚਿਆ ਹੈ ਅਤੇ ਉਹ ਕੱਪੜਾ ਮਸ਼ੀਨਰੀ ਦਾ ਮੋਹਰੀ ਆਯਾਤਕ ਹੈ। ਇਸ ਕਰਕੇ ਵਿਸ਼ਵ ਬਾਜ਼ਾਰ ਦੇ ਪਸਾਰ ਦੀ ਲੋੜ ਪਵੇਗੀ ਪਰ ਵਧੀ ਹੋਈ ਘਰੇਲੂ ਮੰਗ ਵਿਸ਼ਵ ਬਾਜ਼ਾਰ ਵਿੱਚ ਕਿਸੇ ਵੀ ਸੁੰਗੜਾਉ ਨੂੰ ਰੋਕ ਸਕਦੀ ਹੈ।

## ਭਾਰਤ ਦਾ ਕੱਪੜਾ ਅਤੇ ਵਸਤਰ ਨਿਰਯਾਤ

ਵਿਸ਼ਵ ਵਪਾਰ ਸੰਸਥਾ ਦੇ ਅੰਤਰਰਾਸ਼ਟਰੀ ਵਪਾਰ ਅੰਕੜਿਆਂ (2015) ਮੁਤਾਬਕ, 5.8 ਪ੍ਰਤਿਸ਼ਤ ਹਿੱਸੇ ਨਾਲ ਭਾਰਤ ਦੁਨੀਆਂ ਵਿੱਚ ਕੱਪੜੇ ਦਾ ਤੀਜਾ ਵੱਡਾ ਨਿਰਯਾਤਕ ਹੈ। ਇਹ ਅੰਕੜੇ 2014 ਦੇ ਹਨ। 2014 ਵਿੱਚ 41 ਬਿਲੀਅਨ ਅਮਰੀਕੀ ਡਾਲਰ ਦੇ ਕੁੱਲ ਨਿਰਯਾਤ ਵਿੱਚੋਂ, 314 ਬਿਲੀਅਨ ਅਮਰੀਕੀ ਡਾਲਰ ਦੇ ਵਿਸ਼ਵ ਵਪਾਰ ਦੇ ਮੁਕਾਬਲੇ 18.3 ਬਿਲੀਅਨ ਡਾਲਰ ਦਾ ਕੱਪੜਾ ਨਿਰਯਾਤ ਕੀਤਾ ਗਿਆ। ਭਾਰਤ ਦੁਨੀਆਂ ਭਰ ਵਿੱਚ ਰੈਡੀਮੇਡ ਵਸਤਰਾਂ ਦਾ ਛੇਵਾਂ ਸਭ ਤੋਂ ਵੱਡਾ ਨਿਰਯਾਤਕ ਹੈ। ਵਿਸ਼ਵ ਵਪਾਰ ਵਿੱਚ ਇਸ ਦੀ ਹਿੱਸੇਦਾਰੀ 3.7 ਪ੍ਰਤਿਸ਼ਤ ਹੈ। 41 ਬਿਲੀਅਨ ਅਮਰੀਕੀ ਡਾਲਰ ਦੇ ਕੁੱਲ ਨਿਰਯਾਤ ਵਿੱਚੋਂ 2014 ਵਿੱਚ 18 ਬਿਲੀਅਨ ਡਾਲਰ ਦੇ ਰੈਡੀਮੇਡ ਵਸਤਰ ਨਿਰਯਾਤ ਕੀਤੇ ਗਏ ਜਦ ਕਿ 2014 ਵਿੱਚ ਵਿਸ਼ਵ ਅੰਦਰ 483 ਬਿਲੀਅਨ ਅਮਰੀਕੀ ਡਾਲਰ ਦਾ ਵਪਾਰ ਹੋਇਆ ਭਾਰਤ ਦੇ ਕੱਪੜਾ ਉਦਯੋਗ ਦੀ ਨਿਰਯਾਤ ਤੋਂ ਹੋਣ ਵਾਲੀ ਕਮਾਈ ਇਸ ਨੂੰ ਜ਼ਿਆਦਾ ਵੁੱਕਤ ਤੇ ਮਜਬੂਤੀ ਪ੍ਰਦਾਨ ਕਰਦੀ ਹੈ। ਪਰ, ਵਿਸ਼ਵ ਬਾਜ਼ਾਰ ਦੇ ਮਾੜੇ ਹਾਲਾਤ ਅਤੇ ਘਰੇਲੂ ਵੰਗਾਰਾਂ, ਜਿਸ ਵਿੱਚ ਊਰਜਾ ਦੀ ਵਧਦੀ ਹੋਈ ਲਾਗਤ, ਉੱਚ ਆਵਾਜਾਈ ਲਾਗਤ ਅਤੇ ਟੇਢੇ ਕਿਰਤ ਕਾਨੂੰਨ ਸ਼ਾਮਲ ਹਨ, ਇਸ ਸਭ ਦੇ ਬਾਵਜੂਦ ਕੱਪੜਾ ਉਦਯੋਗ ਨੇ ਨਿਰਯਾਤ ਦੇ ਮੋਰਚੇ ਉਤੇ ਬਾਕੀ ਖੇਤਰਾਂ ਨਾਲੋਂ ਬਿਹਤਰ ਕਾਰਗੁਜ਼ਾਰੀ ਦਿਖਾਈ

ਹੈ। 2015-16 ਦੌਰਾਨ ਭਾਰਤ ਦੇ ਕੁੱਲ ਨਿਰਯਾਤ ਵਿੱਚ ਕੱਪੜਾ ਉਦਯੋਗ ਦੀ ਭਾਗੀਦਾਰੀ 14 ਪ੍ਰਤਿਸ਼ਤ ਰਹੀ ਹੈ।

## ਨਿਰਮਾਣ ਦੇ ਨਵੇਂ ਕੇਂਦਰ ਬਿੰਦੂ

ਭਾਰਤ ਕੋਲ ਘੱਟ ਕਿਰਤ ਲਾਗਤਾਂ ਵਾਲਾ ਫਾਇਦਾ ਹੌਲੀ-ਹੌਲੀ ਦੂਸਰੇ ਦੇਸ਼ਾਂ, ਜਿਵੇਂ ਬੰਗਲਾਦੇਸ਼ ਅਤੇ ਵੀਅਤਨਾਮ ਆਦਿ ਤੋਂ ਮੁਕਾਬਲਾ ਮਿਲਣ ਕਾਰਨ ਘਟਦਾ ਜਾ ਰਿਹਾ ਹੈ। ਇਨ੍ਹਾਂ ਦੇਸ਼ਾਂ ਵਿੱਚ ਹੁਨਰਮੰਦ ਕਾਮਾ-ਸ਼ਕਤੀ ਅਤੇ ਮਜਦੂਰੀ ਸਸਤੀ ਹੈ। ਬੰਗਲਾਦੇਸ਼ ਦਾ ਨਿਰਯਾਤ ਮੁਖੀ ਨਿਰਯਾਤ ਖੇਤਰ ਪਹਿਲਾਂ ਹੀ ਇਸ ਦੇ ਕੁੱਲ ਘਰੇਲੂ ਉਤਪਾਦ ਦਾ ਇਕ ਚੌਥਾਈ ਹੈ ਅਤੇ ਇਸ ਦੇ ਵਿਸ਼ਵ ਨਿਰਮਾਣ ਦੇ ਕੇਂਦਰ ਬਿੰਦੂ ਵਜੋਂ ਵਿਕਸਤ ਹੁੰਦੇ ਰਹਿਣ ਦੀ ਆਸ ਹੈ।

**ਬੰਗਲਾਦੇਸ਼ ਤੇ ਵੀਅਤਨਾਮ ਤੋਂ ਇਲਾਵਾ ਕੰਬੋਡੀਆ, ਇਥੋਪੀਆ ਅਤੇ ਮਿਆਂਮਾਰ ਵਰਗੇ ਦੇਸ਼ ਵਿਸ਼ਵ ਦੇ ਰੈਡੀਮੇਡ ਵਸਤਰਾਂ ਦੇ ਕਾਰੋਬਾਰ ਵਿੱਚ ਨਵੇਂ ਮੁਕਾਬਲੇਬਾਜ਼ਾਂ ਵਜੋਂ ਸੰਭਾਵਨਾਵਾਂ ਵਿਖਾ ਰਹੇ ਹਨ। ਮਿਆਂਮਾਰ ਦੇ ਵਸਤਰ ਉਦਯੋਗ ਦੀ ਆਉਣ ਵਾਲੇ ਸਾਲਾਂ ਵਿੱਚ ਵੱਡੀ ਤਰੱਕੀ ਕਰਨ ਦੀ ਭਵਿੱਖਬਾਣੀ ਕੀਤੀ ਗਈ ਹੈ। ਇਕ ਪੇਸ਼ੀਨਗੋਈ ਮੁਤਾਬਕ 2015 ਦੇ 230,000 ਦੇ ਮੁਕਾਬਲੇ 2020 ਤੱਕ ਵਸਤਰ ਉਦਯੋਗ ਵਿੱਚ 1.5 ਮਿਲੀਅਨ ਨੌਕਰੀਆਂ ਹੋਣਗੀਆਂ।**

ਮਿਆਂਮਾਰ ਨੇ ਰਾਸ਼ਟਰੀ ਨਿਰਯਾਤ ਰਣਨੀਤੀ 2015-2019 ਨਾਮਕ ਦਸਤਾਵੇਜ਼ ਦੇ ਹਿੱਸੇ ਵਜੋਂ ਕੱਪੜੇ ਅਤੇ ਵਸਤਰ ਅਤੇ ਕੱਪੜਾ ਉਦਯੋਗ ਲਈ ਇਕ ਰਣਨੀਤੀ ਪ੍ਰਕਾਸ਼ਿਤ ਕੀਤੀ ਹੈ ਤਾਂ ਕਿ ਉਦਯੋਗ ਨੂੰ ਕਟਿੰਗ, ਬਣਾਉਣ ਅਤੇ ਪੈਕਿੰਗ (ਸੀ ਐੱਮ ਪੀ) ਆਧਾਰਤ ਸੰਚਾਲਨ ਤੋਂ ਹਟਾ ਕੇ ਐੱਫ ਓ ਬੀ (ਫਰੀ ਆਨ ਬੋਰਡ) ਅਧਾਰ ਉਤੇ ਸੰਚਾਲਨ ਲਈ ਹੁਲਾਰਾ ਦਿੱਤਾ ਜਾ ਸਕੇ ਤਾਂ ਕਿ ਵਧੇਰੇ ਮਾਤਰਾ ਵਿੱਚ ਉਤਪਾਦਨ ਹੋ ਸਕੇ, ਅਤੇ ਨਿਰਯਾਤ ਬਾਜ਼ਾਰ ਨਿਰਮਾਣ ਕਰਨ ਦੇ ਉਦੇਸ਼ ਨਾਲ ਬੁਣੇ ਜਾਣ ਵਾਲੇ ਉਤਪਾਦਾਂ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਜਾ ਸਕੇ।

ਇਥੋਪੀਆ ਕੋਲ ਮੁਕਾਬਲੇ ਵਾਲਾ ਕੱਪੜਾ ਉਦਯੋਗ ਬਣਨ ਲਈ ਸਾਰੇ ਜ਼ਰੂਰੀ ਤੱਤ ਮੌਜੂਦ ਹਨ : ਕੱਚਾ ਮਾਲ, ਘੱਟ ਉਜਰਤਾਂ ਅਤੇ ਊਰਜਾ ਦੀ ਘੱਟ ਲਾਗਤ। ਕੱਪੜਾ ਉਦਯੋਗ ਦੇ ਵਿਆਪਕ ਵਿਕਾਸ ਦਾ ਅਧਾਰ ਸਥਾਨਕ ਪੱਧਰ ਉਤੇ ਕਪਾਹ ਦਾ ਉਤਪਾਦਨ ਹੈ ਜੋ ਕੱਪੜਾ ਖੇਤਰ ਨਾਲ ਬਹੁਤ ਵਧੀਆ ਤਰੀਕੇ ਨਾਲ ਏਕੀਕ੍ਰਿਤ ਹੈ। ਵਸਤਰ ਬਣਾਉਣ ਵਾਲੇ ਕਾਰਖ਼ਾਨੇ, ਘਰੇਲੂ ਪੱਧਰ ਉਤੇ ਉਤਪਾਦਨ ਕੀਤੀ ਕਪਾਹ ਉਤੇ ਨਿਰਭਰ ਕਰਦੇ ਹਨ। ਇਥੋਪੀਆ ਸਰਗਰਮੀ ਨਾਲ ਕੱਪੜਾ ਖੇਤਰ ਦੇ ਆਧੁਨਿਕੀਕਰਨ ਨੂੰ ਉਤਸ਼ਾਹਿਤ ਕਰ ਰਿਹਾ ਹੈ ਜਿਸ ਦਾ ਨਿਸ਼ਾਨਾ ਵਿਦੇਸ਼ੀ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨਾ ਹੈ। ਏ ਜੀ ਓ ਏ (ਅਫਰੀਕਨ ਗਰੋਥ ਐਂਡ ਉਪੋਰਚੂਨਿਟੀ ਐਕਟ) ਸੀ ਓ ਐੱਮ ਈ ਐੱਸ ਏ (ਦਿ ਕਾਮਨ ਮਾਰਕੀਟ ਆਫ ਈਸਟਰਨ ਐਂਡ ਸਟਰਨ ਅਫਰੀਕਾ) ਅਤੇ ਬਹੁਤ ਸਾਰੇ ਦੁਵੱਲੇ ਵਪਾਰਕ ਸਮਝੌਤਿਆਂ ਰਾਹੀਂ ਨਿਰਯਾਤ ਦੇ ਨਵੇਂ ਮੌਕੇ ਪੈਦਾ ਕੀਤੇ ਗਏ। ਇਥੋਪੀਆ 'ਐਵਰੀਥਿੰਗ ਬਟ ਆਰਮਜ਼' ਪ੍ਰੋਗਰਾਮ ਦਾ ਵੀ ਹਿੱਸਾ ਹੈ ਜੋ ਘੱਟ ਵਿਕਸਤ ਲਾਭਪਾਤਰ ਦੇਸ਼ਾਂ ਲਈ ਯੂਰਪੀ ਸੰਘ ਤੱਕ ਪਹੁੰਚ ਪ੍ਰਦਾਨ ਕਰਨ ਲਈ ਬਣਾਇਆ ਗਿਆ ਹੈ।

ਵਿਸ਼ਵ ਬੈਂਕ ਵਲੋਂ ਪ੍ਰਕਾਸ਼ਿਤ ਕੀਤੇ ਅੰਕੜਿਆਂ ਮੁਤਾਬਕ 2015 ਵਿੱਚ ਬੰਗਲਾਦੇਸ਼, ਕੰਬੋਡੀਆ, ਮਿਆਂਮਾਰ ਅਤੇ ਵੀਅਤਨਾਮ ਦੀ ਸਾਲਾਨਾ ਕੁੱਲ ਘਰੇਲੂ ਉਤਪਾਦ ਵਿਕਾਸ ਦਰ ਕ੍ਰਮਵਾਰ 6.6 ਪ੍ਰਤਿਸ਼ਤ, 7 ਪ੍ਰਤਿਸ਼ਤ, 9.6 ਪ੍ਰਤਿਸ਼ਤ, 7 ਪ੍ਰਤਿਸ਼ਤ ਅਤੇ 6.7 ਪ੍ਰਤਿਸ਼ਤ ਸੀ। ਇਹ ਦੇਸ਼ ਨਿਰਮਾਣ ਅਤੇ ਨਿਰਯਾਤ ਮੁੱਖੀ ਵਪਾਰ ਦੇ ਨਵੇਂ ਕੇਂਦਰ ਬਿੰਦੂ ਹਨ, ਜੋ ਨੌਕਰੀ ਪੈਦਾ ਕਰਨ ਲਈ ਸਮਰੱਥਾਵਾਂ ਦਾ ਵਿਕਾਸ ਕਰ ਰਹੇ ਹਨ ਅਤੇ ਚੀਨ ਦੇ ਹੱਥੋਂ ਦੂਰ ਜਾ ਰਹੇ ਨਿਵੇਸ਼ ਤੇ ਨਿਰਮਾਣ ਤੋਂ ਫਾਇਦਾ ਚੁੱਕ ਰਹੇ ਹਨ। ਸੰਭਵ ਹੈ ਕਿ ਦੱਖਣੀ ਪੂਰਬੀ ਏਸ਼ਿਆਈ ਖੇਤਰ ਸਮੇਂ ਦੇ ਨਾਲ ਵੱਡਾ ਖਪਤਕਾਰ ਅਧਾਰ ਵਿਕਸਤ ਕਰ ਲਵੇਗਾ।

ਟੈਕਸਟਾਈਲ ਇੰਟੈਲੀਜੈਂਸ ਲਿ. 2016 ਦੇ ਮੁਤਾਬਕ ਸੰਨ 2000 ਵਿੱਚ ਅਫਰੀਕਨ ਗਰੋਥ ਐਂਡ ਉਪੋਰਚੂਨਿਟੀ ਐਕਟ (ਏ ਜੀ ਓ ਏ) ਲਾਗੂ ਹੋਣ ਨਾਲ ਅਫਰੀਕੀ ਕੱਪੜਾ ਨਿਰਯਾਤ ਬਾਜ਼ਾਰ ਕਾਫੀ ਵਿਕਸਤ ਹੋਇਆ ਹੈ। ਇਹ ਐਕਟ ਅੰਸ਼ਕ ਤੌਰ ਤੇ ਕੁੱਝ ਉਪ-ਸਹਾਰਾ ਅਫਰੀਕੀ ਦੇਸ਼ਾਂ ਦੇ ਨਿਰਯਾਤਕਾਂ ਨੂੰ ਅਮਰੀਕੀ ਬਾਜ਼ਾਰ ਤੱਕ ਡਿਊਟੀ ਫਰੀ ਤੇ ਕੋਟਾ ਮੁਕਤ ਰਸਾਈ ਦੇ ਕੇ, ਖੇਤਰ ਵਿੱਚ ਵਸਤਰ ਨਿਰਮਾਣ ਨੂੰ ਹੁਲਾਰਾ ਦੇਣ ਲਈ ਬਣਾਇਆ ਗਿਆ ਸੀ। ਇਸ ਦੇ ਪਾਸ ਹੋਣ ਤੋਂ ਲੈ ਕੇ ਬਹੁਤ ਸਾਰੇ ਉਪ ਸਹਾਰਾ ਅਫਰੀਕੀ ਦੇਸ਼ਾਂ ਤੋਂ ਵਸਤਰ ਨਿਰਯਾਤ ਵਿੱਚ ਕਾਫੀ ਵਾਧਾ ਹੋਇਆ ਹੈ। ਇਸੇ ਤਰ੍ਹਾਂ ਇਸ ਖਿੱਤੇ ਵਿੱਚ ਵਸਤਰ ਉਤਪਾਦਨ ਵਿੱਚ ਵੀ ਵਾਧਾ ਹੋਇਆ ਹੈ ਜਿਸ ਨਾਲ ਆਯਾਤ ਕੀਤੀ ਕੱਪੜਾ ਸਮੱਗਰੀ ਦੀ ਮੰਗ ਵਿੱਚ ਵੀ ਵੱਡਾ ਵਾਧਾ ਹੋਇਆ ਹੈ। ਪਰ, ਇਹ ਐਕਟ ਕਤਾਈ, ਬੁਣਾਈ, ਰੰਗਾਈ ਅਤੇ ਆਖਰੀ ਛੋਹਾਂ ਦੀਆਂ ਸਹੂਲਤਾਂ ਦੀ ਸਥਾਪਨਾ ਰਾਹੀਂ ਉਪ-ਸਹਾਰਾ ਅਫਰੀਕਾ ਵਿੱਚ ਮੁਕੰਮਲ ਪੂਰਤੀ ਕੜੀ ਵਿਕਸਤ ਕਰਨ ਨੂੰ ਉਤਸ਼ਾਹਿਤ ਕਰਨ ਦਾ ਟੀਚਾ ਰੱਖਦਾ ਹੈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਜ਼ਿਕਰ ਹੈ ਕਿ ਵਸਤਰ ਸਿਰਫ ਖਿੱਤੇ ਵਿੱਚ ਉਤਪਾਦਨ ਕੀਤੀ (ਜਾਂ ਅਮਰੀਕਾ ਵਿੱਚ) ਸਮੱਗਰੀ ਤੋਂ ਹੀ ਬਣਾਏ ਜਾਣ ਤਾਂ ਜੋ ਪ੍ਰਾਥਮਿਕਤਾ ਵਾਲੀ ਅਮਰੀਕਾ ਤੱਕ ਰਸਾਈ ਦੇ ਯੋਗ ਹੋਇਆ ਜਾ ਸਕੇ।

ਅਫਰੀਕਾ ਜੇ ਵਸਤਾਂ ਅਤੇ ਖੇਤੀਬਾੜੀ ਸਰੋਤ ਮੰਗਾਉਣ ਤੋਂ ਅਗਾਂਹ ਦੀ ਰਣਨੀਤੀ ਉਤੇ ਅਮਲ ਕਰੇ ਤਾਂ ਉਸ ਵਿੱਚ ਅਸੀਮ ਸੰਭਾਵਨਾਵਾਂ ਹਨ, ਜਿਵੇਂ ਕਿ ਨਾਈਜੀਰੀਆ ਤੇ ਇਥੋਪੀਆ ਵਲੋਂ ਕੀਤਾ ਜਾ ਰਿਹਾ ਹੈ। ਇਹ ਸਮਝਿਆ ਗਿਆ ਹੈ ਕਿ ਘੱਟੋ-ਘੱਟ 11 ਦੇਸ਼ਾਂ ਵਿੱਚ, ਜੋ ਅਫਰੀਕਾ ਦੇ ਕੁੱਲ ਘਰੇਲੂ ਉਤਪਾਦ ਦੇ 50 ਪ੍ਰਤਿਸ਼ਤ ਦੀ ਪ੍ਰਤਿਨਿਧਤਾ ਕਰਦੇ ਹਨ, ਮੱਧ ਵਰਗ ਦੇ ਲਗਭਗ 15 ਮਿਲੀਅਨ ਪਰਿਵਾਰ ਹਨ ਜਿਨ੍ਹਾਂ ਦੇ 2030 ਤੱਕ ਵਧ ਕੇ 42 ਮਿਲੀਅਨ ਹੋ ਜਾਣ ਦਾ ਅਨੁਮਾਨ ਹੈ। ਪਰ, ਅਫਰੀਕੀ ਚੁਨੌਤੀਆਂ ਸੁਰੱਖਿਆ ਤੌਖ਼ਲਿਆਂ, ਰਾਜਨੀਤਕ ਅਸਥਿਰਤਾ, ਸਿਹਤ ਲਈ ਖ਼ਤਰੇ ਅਤੇ ਬੁਨਿਆਦੀ ਢਾਂਚੇ ਦੀਆਂ ਸਮੱਸਿਆਵਾਂ ਦੇ ਨਾਲ-ਨਾਲ ਚੱਲਦੀਆਂ ਹਨ ਜਿਨ੍ਹਾਂ ਵਿੱਚ ਪਾਣੀ ਅਤੇ ਬਿਜਲੀ ਦੀ ਕਮੀ ਸ਼ਾਮਲ ਹੈ।

## ਭਾਰਤੀ ਕੱਪੜਾ ਅਤੇ ਵਸਤਰ ਉਦਯੋਗ ਲਈ ਉੱਭਰ ਰਹੇ ਬਾਜ਼ਾਰ ਕਿਹੜੇ ਹਨ?


ਦਿਲਚਸਪ ਗੱਲ ਹੈ ਕਿ ਸਾਡੇ ਕੱਪੜਾ ਨਿਰਯਾਤ ਲਈ 10 ਵੱਡੇ ਦੇਸ਼ਾਂ ਵਿੱਚ ਉਹ

ਦੇਸ਼ ਸ਼ਾਮਲ ਹਨ ਜਿਨ੍ਹਾਂ ਨਾਲ ਭਾਰਤ ਦਾ ਮੁਕਤ ਵਪਾਰ ਸਮਝੌਤਾ ਜਾਂ ਪ੍ਰਾਥਮਿਕ ਵਪਾਰ ਸਮਝੌਤਾ ਨਹੀਂ ਹੈ, ਸਿਰਫ ਬੰਗਲਾਦੇਸ਼ ਨੂੰ ਛੱਡ ਕੇ ਜੋ *ਸਾਫਟਾ* (ਐੱਸ ਏ ਐੱਫ ਟੀ ਏ) ਦਾ ਹਿੱਸਾ ਹੈ। ਵਿਸ਼ਵ ਆਰਥਿਕਤਾ ਵਿੱਚ ਵਿਕਾਸ ਦੇ ਬਦਲਦੇ ਹੋਏ ਆਯਾਮਾਂ ਉਤੇ ਆਧਾਰਤ ਬਾਜ਼ਾਰਾਂ ਦਾ ਵਿਭਿੰਨਤਾਕਰਨ ਨਿਰਯਾਤ ਦਾ ਸਥਿਰ ਵਿਕਾਸ ਯਕੀਨੀ ਬਣਾਉਣ ਲਈ ਅਹਿਮ ਹੈ।


**ਸਾਨੂੰ ਉਨ੍ਹਾਂ ਦੇਸ਼ਾਂ/ਖੇਤਰਾਂ ਨਾਲ ਸਾਂਝ ਵਧਾਉਣ ਬਾਰੇ ਸੋਚਣ ਦੀ ਲੋੜ ਹੈ ਜੋ ਸਾਡੇ ਵਪਾਰ ਲਈ ਆਸਵੰਦ ਬਾਜ਼ਾਰ ਹੋ ਸਕਦੇ ਹਨ। ਕੁਦਰਤੀ ਰੇਸ਼ੇ ਜਿਵੇਂ ਕਪਾਹ ਅਤੇ ਉੱਨ ਦੇ ਮੁਕਾਬਲੇ ਅੰਤਰਰਾਸ਼ਟਰੀ ਮੰਗ ਜ਼ਿਆਦਾਤਰ ਮਨੁੱਖ ਦੇ ਬਣਾਏ ਕੱਪੜੇ ਦੀ ਹੈ। ਇਸ ਨਾਲ ਗ਼ੈਰ-ਯਕੀਨੀ ਦਾ ਮਾਹੌਲ ਬਣ ਸਕਦਾ ਹੈ ਕਿਉਂਕਿ ਛੋਟੇ ਉੱਦਮਾਂ ਤੇ ਕੱਚੇ ਮਾਲ ਦੀ ਕੀਮਤ ਵਿੱਚ ਉਤਾਰ-ਚੜ੍ਹਾਅ ਅਤੇ ਉਜਰਤ ਲਾਗਤਾਂ ਦਾ ਅਸਰ ਪੈ ਸਕਦਾ ਹੈ। ਹੋਰ, ਵਿਦੇਸ਼ੀ ਬਾਜ਼ਾਰਾਂ ਵਿੱਚ ਮੁਕਾਬਲੇ ਦੇ ਸਮਰੱਥ ਬਣਨ ਲਈ ਇਸ ਖੇਤਰ ਨੂੰ ਤੇਜ਼ੀ ਨਾਲ ਬਦਲ ਰਹੇ ਫੈਸ਼ਨ ਰੁਝਾਨਾਂ ਅਤੇ ਖਪਤਕਾਰਾਂ ਦੀ ਚੋਣ ਦਾ ਤੇਜ਼ੀ ਨਾਲ ਹਾਣੀ ਬਣਨਾ ਹੋਵੇਗਾ, ਜੋ ਉਮਰ ਦੇ ਹਿਸਾਬ ਨਾਲ ਵੱਖ-ਵੱਖ ਹਨ।**

ਭਾਰਤੀ ਨਿਰਯਾਤਾਂ ਲਈ ਮੰਗ ਰਵਾਇਤੀ ਬਾਜ਼ਾਰਾਂ ਵਿੱਚ ਮਤਲਬ ਉੱਤਰੀ ਅਮਰੀਕਾ ਅਤੇ ਯੂਰਪ ਵਿੱਚ ਮੰਦੀ ਪੈਣ ਦੇ ਆਸਾਰ ਹਨ ਅਤੇ ਵਪਾਰਕ ਦ੍ਰਿਸ਼ਟੀਕੋਣ ਤੋਂ ਇਹ ਭਾਰਤੀ ਨਿਰਯਾਤਕਾਂ ਲਈ ਸਾਡੇ ਮੁਕਾਬਲੇਬਾਜ਼ਾਂ ਦੇ ਮੁਕਾਬਲੇ ਇਕ ਚੁਨੌਤੀ ਪੇਸ਼ ਕਰਦੀ ਹੈ, ਜੇ ਟੀ ਪੀ ਪੀ ਦੀ ਪੁਸ਼ਟੀ ਕਰ ਦਿੱਤੀ ਜਾਂਦੀ ਹੈ। ਇਸ ਦੀ ਤੁਲਨਾ ਵਿੱਚ ਭਵਿੱਖੀ ਵਿਕਾਸ ਦੀ ਗਤੀਸ਼ੀਲਤਾ ਸੰਭਵਤਾ ਵਿਕਾਸਸ਼ੀਲ ਅਤੇ ਉੱਭਰ ਰਹੀਆਂ ਆਰਥਿਕਤਾਵਾਂ ਦੇ ਹੱਥ ਹੋਵੇਗੀ ਜਿਨ੍ਹਾਂ ਵਲੋਂ ਮੁਕਾਬਲਤਨ ਉੱਚ ਵਿਕਾਸ ਦਰਾਂ ਦਰਜ ਕੀਤੇ ਜਾਣ ਦੀ ਆਸ ਹੈ। ਇਨ੍ਹਾਂ ਉੱਭਰ ਰਹੇ ਬਾਜ਼ਾਰਾਂ ਵਿੱਚ ਮਜਬੂਤ ਮੱਧ

ਚਿੱਤਰ-1 : ਭਾਰਤੀ ਨਿਰਯਾਤ – ਉੱਭਰਦੇ ਬਾਜ਼ਾਰ




ਚਿੱਤਰ-2 : ਦੂਜੇ ਵਿਕਸਤ ਬਾਜ਼ਾਰ – ਓਸ਼ਨੀਆ ਅਤੇ ਕੈਨੇਡਾ




ਵਰਗਾਂ ਦੇ ਉਭਾਰ ਕਰਕੇ ਵਿਕਾਸ ਦੀਰਘਕਾਲੀ ਮੰਗ ਵਲੋਂ ਤੈਅ ਕੀਤਾ ਜਾਵੇਗਾ। ਲਾਤੀਨੀ ਅਮਰੀਕਾ, ਆਸੀਆਨ, ਯੂਰੇਸ਼ੀਆ, ਵਾਨਾ ਅਤੇ ਤੁਰਕੀ, ਕੈਨੇਡਾ ਅਤੇ ਆਸਟ੍ਰੇਲੀਆ ਦੇ ਬਾਜ਼ਾਰ, ਬਾਜ਼ਾਰ ਵਿਭਿੰਨਤਾ ਦੀ ਕਿਸੇ ਵੀ ਰਣਨੀਤੀ ਲਈ ਧਿਆਨ ਦੇ ਕੇਂਦਰ ਬਿੰਦੂ ਹੋਣਗੇ। ਹੇਠਲਾ ਗ੍ਰਾਫ ਇਸ ਵੱਲ ਇਸ਼ਾਰਾ ਕਰ ਰਿਹਾ ਹੈ।

## ਉਪਰੋਕਤ ਗ੍ਰਾਫ ਰੁਝਾਨ ਦਾ ਮੁਲਾਂਕਣ ਦਰਸਾਉਂਦੇ ਹਨ।

ਪੱਛਮੀ ਏਸ਼ੀਆ ਅਤੇ ਉੱਤਰੀ ਅਫਰੀਕੀ ਖੇਤਰ (ਡਬਲਯੂ ਏ ਐੱਨ ਏ) ਤੇਜ਼ੀ ਨਾਲ ਵਿਕਸਤ ਹੋ ਰਿਹਾ ਖਿੱਤਾ ਹੈ। ਭਾਰਤ ਇਸ ਖੇਤਰ ਵਿੱਚ ਇਸਰਾਈਲ ਨਾਲ ਮੁਕਤ ਵਪਾਰ ਸਮਝੌਤਾ ਨੇਪਰੇ ਚੜ੍ਹਾਉਣ ਦੇ ਯਤਨ ਕਰ ਰਿਹਾ ਹੈ। ਇਸਰਾਈਲ ਦਾ ਵਸਤਰ ਉਦਯੋਗ ਧਾਗੇ ਅਤੇ ਬੁਣੇ ਹੋਏ ਵਸਤਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਿਆਦਾਤਰ ਆਯਾਤ ਉਤੇ ਨਿਰਭਰ ਕਰਦਾ ਹੈ। ਇਸਰਾਈਲ ਨੇ ਵਸਤਰਾਂ ਦੇ ਆਯਾਤ ਵਿੱਚ 5 ਪ੍ਰਤਿਸ਼ਤ ਸੀ ਏ ਜੀ ਆਰ ਦਾ ਵਾਧਾ ਦਰਜ ਕੀਤਾ ਸੀ (2015 ਵਿੱਚ 1.5 ਬਿਲੀਅਨ ਅਮਰੀਕੀ ਡਾਲਰ) ਅਤੇ ਭਾਰਤ ਦਾ ਇਸ ਵਿੱਚ ਹਿੱਸਾ ਸਿਰਫ 1 ਪ੍ਰਤਿਸ਼ਤ ਸੀ। ਭਾਰਤ ਦਾ ਇਸਰਾਈਲ ਦੇ ਘਰੇਲੂ ਕੱਪੜੇ ਵਿੱਚ ਨਿਰਯਾਤ ਦਾ ਹਿੱਸਾ (0.2 ਬਿਲੀਅਨ 2015 ਵਿੱਚ) ਕੁੱਝ ਵੱਧ 6 ਪ੍ਰਤਿਸ਼ਤ ਸੀ।

ਅਫਰੀਕੀ ਮਹਾਂਦੀਪ ਵਿੱਚ ਮਿਸਰ ਕੋਲ ਕਪਾਹ ਅਤੇ ਕੱਪੜੇ ਦੇ ਸਭ ਤੋਂ ਜ਼ਿਆਦਾ ਸਮੂਹ ਹਨ। ਮਿਸਰ ਦੇ ਅਰਥਚਾਰੇ ਵਿੱਚ ਸਭ ਤੋਂ ਵੱਡਾ ਕੱਪੜਾ ਉਦਯੋਗ ਵੀ ਧਾਗੇ, ਕੱਪੜੇ ਅਤੇ ਦੂਜੀਆਂ ਵਸਤਾਂ ਲਈ ਆਯਾਤ ਉਤੇ ਨਿਰਭਰ ਹੈ। ਮਿਸਰ ਦੇ ਕੱਪੜਿਆਂ ਦੇ ਆਯਾਤ ਵਿੱਚ 2015 ਅੰਦਰ 17 ਪ੍ਰਤਿਸ਼ਤ ਦਾ ਸੀ ਏ ਜੀ ਆਰ ਦਾ ਵਾਧਾ ਦਰਜ ਕੀਤਾ ਗਿਆ (0.2 ਬਿਲੀਅਨ) ਜਦ ਕਿ ਭਾਰਤ ਦਾ ਹਿੱਸਾ ਸਿਰਫ 1 ਪ੍ਰਤਿਸ਼ਤ ਸੀ। ਮਿਸਰ ਦਾ ਕੱਪੜਾ ਉਦਯੋਗ ਉਤੋਂ ਹੇਠਾਂ ਨੂੰ ਕੰਮ ਕਰਨ ਵਾਲੇ ਏਕੀਕ੍ਰਿਤ ਮਾਡਲ ਉਤੇ ਆਧਾਰਤ ਹੈ, ਕੱਪੜੇ ਤੋਂ ਲੈ ਕੇ ਵਸਤਰਾਂ ਦੇ ਤਿਆਰ

ਉਤਪਾਦ, ਘਰੇਲੂ ਕੱਪੜੇ ਜੋ ਉਤਪਾਦਨ ਦੇ ਸਾਰੇ ਪੜਾਵਾਂ ਵਿੱਚ ਅਤਿ ਆਧੁਨਿਕ ਤਕਨਾਲੋਜੀ ਨਾਲ ਤਿਆਰ ਕੀਤੇ ਜਾਂਦੇ ਹਨ : ਪੈਟਰਨ ਬਣਾਉਣਾ, ਤਾਣਨਾ, ਕਟਾਈ, ਸਿਲਾਈ ਅਤੇ ਪੈਕਿੰਗ। ਕੱਪੜਾ ਆਰਥਿਕਤਾ ਮੁੱਖ ਤੌਰ ਤੇ ਕਪਾਹ ਆਧਾਰਤ ਹੈ ਪਰ ਹਾਲੀਆ ਸਮੇਂ ਵਿੱਚ ਦੇਸ਼ ਅੰਦਰ ਆਦਮੀ ਦੁਆਰਾ ਬਣਾਇਆ ਰੇਸ਼ੇ ਦਾ ਕੱਪੜਾ ਵਧ ਰਿਹਾ ਹੈ। ਮਿਸਰ ਦੇ ਮਨੁੱਖ ਦੁਆਰਾ ਬਣਾਏ ਕੱਪੜੇ ਦਾ ਦੁਨੀਆਂ ਤੋਂ ਆਯਾਤ ਦਾ ਸੀ ਏ ਜੀ ਆਰ ਪਿਛਲੇ ਪੰਜ ਸਾਲਾਂ ਵਿੱਚ 3 ਪ੍ਰਤਿਸ਼ਤ ਦੇ ਲਗਭਗ ਰਿਹਾ ਹੈ। ਭਾਰਤ ਇਕ ਮੋਹਰੀ ਪੂਰਤੀਕਾਰ ਹੈ। ਮਿਸਰ ਦੀ 2015 ਵਿੱਚ ਕੁੱਲ ਘਰੇਲੂ ਉਤਪਾਦ ਵਿਕਾਸ ਦਰ 4.2 ਪ੍ਰਤਿਸ਼ਤ ਸੀ ਅਤੇ ਮਿਸਰ ਦੇ ਵਿਆਪਕ ਨਿਰਮਾਣ ਨਿਰਯਾਤ ਅਧਾਰ ਵਿੱਚ ਲਗਾਤਾਰ ਨਿਵੇਸ਼ ਦੀ ਆਸ ਕੀਤੀ ਜਾਂਦੀ ਹੈ। ਭਾਰਤ ਦੇ ਆਦਮੀ ਦੁਆਰਾ ਬਣਾਏ ਰੇਸ਼ੇ ਦੇ ਕੱਪੜੇ ਲਈ ਤੁਰਕੀ ਮੋਹਰੀ ਬਾਜ਼ਾਰਾਂ ਵਿੱਚੋਂ ਇਕ ਹੈ। ਕੱਚੇ ਮਾਲ ਅਤੇ ਮੱਧਵਰਤੀ ਵਸਤਾਂ ਜਿਵੇਂ ਰੇਸ਼ਾ, ਧਾਗਾ ਅਤੇ ਵਸਤਰ ਖੇਤਰ ਲਈ ਕੱਪੜੇ ਦੇ ਖੇਤਰ ਲਈ ਘਰੇਲੂ ਉਤਪਾਦਨ ਨਾਕਾਫੀ ਸਮਝਿਆ ਜਾਂਦਾ ਹੈ। ਇਸ ਕਰਕੇ ਰੇਸ਼ੇ, ਧਾਗੇ ਅਤੇ ਕੱਪੜੇ ਆਦਿ ਦਾ ਵੱਡੇ ਪੱਧਰ ਉਤੇ ਆਯਾਤ ਕਰਨਾ ਪੈਂਦਾ ਹੈ। ਘਰੇਲੂ ਉਤਪਾਦ ਦੇ ਪ੍ਰਤਿਸ਼ਤ ਦੇ ਤੌਰ ਤੇ ਤੁਰਕੀ ਦਾ ਵਪਾਰ ਲਗਭਗ 58 ਪ੍ਰਤਿਸ਼ਤ ਹੈ। 2015 ਵਿੱਚ ਤੁਰਕੀ ਦਾ ਕੱਪੜਿਆਂ ਅਤੇ ਵਸਤਰਾਂ ਦਾ ਆਯਾਤ 2.9 ਬਿਲੀਅਨ ਅਮਰੀਕੀ ਡਾਲਰ ਦੇ ਲਗਭਗ ਸੀ ਪਰ ਇਸ ਨੇ ਨਾਂਹ ਮੁਖੀ ਵਿਕਾਸ ਦਰ ਦਿਖਾਈ। ਇਸ ਲਈ ਤੁਰਕੀ ਉਤੇ ਧਿਆਨ ਕੇਂਦਰਿਤ ਕਰਨਾ ਲਾਭਕਾਰੀ ਹੋਵੇਗਾ ਕਿਉਂਕਿ ਭਾਰਤ ਦੀ ਬਾਜ਼ਾਰ ਵਿੱਚ ਹਿੱਸੇਦਾਰੀ ਸਿਰਫ 2-3 ਪ੍ਰਤਿਸ਼ਤ ਦੇ ਲਗਭਗ ਹੀ ਹੈ।

ਪਿਛਲੇ ਕੁੱਝ ਸਾਲਾਂ ਤੋਂ ਭਾਰਤ ਦੇ ਲਾਤੀਨੀ ਅਮਰੀਕਾ ਨਾਲ ਰਿਸ਼ਤੇ ਵਪਾਰ ਤੇ ਨਿਵੇਸ਼ ਤੋਂ ਅੱਗੇ ਵਧ ਕੇ ਊਰਜਾ, ਜਾਣਕਾਰੀ ਦਾ ਆਦਾਨ ਪ੍ਰਦਾਨ ਜਿਹੇ ਖੇਤਰਾਂ ਵਿੱਚ ਸਹਿਯੋਗ ਅਤੇ ਨਾਲ ਦੀ ਨਾਲ ਜੀ-20, ਬ੍ਰਿਕਸ ਅਤੇ ਇਬਸਾ (ਭਾਰਤ, ਬ੍ਰਾਜ਼ੀਲ, ਦੱਖਣੀ ਅਫਰੀਕਾ) ਜਿਹੇ ਬਹੁਧਿਰੀ ਮੰਚ ਤੇ ਸਹਿਯੋਗ ਆਦਿ ਖੇਤਰਾਂ ਵਿੱਚ ਵੀ ਮਜਬੂਤ ਹੋਏ ਹਨ। ਭਾਰਤ ਦੇ ਮਰਕੋਸੂਰ ਅਤੇ ਚਿਲੀ ਨਾਲ ਪ੍ਰਾਥਮਿਕ ਵਪਾਰ ਸਮਝੌਤੇ ਹਨ। ਇਹ ਸਮਝੌਤੇ ਭਾਰਤ ਅਤੇ ਲਾਤੀਨੀ ਅਮਰੀਕੀ ਖੇਤਰ ਦੇਸ਼ਾਂ ਦੇ ਵਪਾਰਕ ਭਾਈਚਾਰਿਆਂ ਲਈ ਵਿਸ਼ਾਲ ਮੌਕੇ ਪੇਸ਼ ਕਰਦੇ ਹਨ। ਮੈਕਸੀਕੋ, ਪੇਰੂ ਅਤੇ ਚਿਲੀ ਕੱਪੜੇ ਦੇ ਵਪਾਰ ਦੇ ਪੱਖ ਤੋਂ ਅਹਿਮ ਹਨ। ਮੈਕਸੀਕੋ ਅਤੇ ਚਿਲੀ ਕੱਪੜੇ ਅਤੇ ਵਸਤਰਾਂ ਦੇ ਸਭ ਤੋਂ ਵੱਡੇ ਆਯਾਤਕ ਹਨ। ਸੰਯੁਕਤ ਰਾਸ਼ਟਰ ਮੁਤਾਬਕ ਮੈਕਸੀਕੋ, ਚਿਲੀ ਅਤੇ ਪੇਰੂ ਦਾ 2015 ਵਿੱਚ ਵਸਤਰਾਂ ਅਤੇ ਘਰੇਲੂ ਕੱਪੜੇ ਦਾ ਕੁੱਲ ਆਯਾਤ ਕ੍ਰਮਵਾਰ 4.1 ਬਿਲੀਅਨ, 3.1 ਬਿਲੀਅਨ ਅਤੇ 0.7 ਬਿਲੀਅਨ ਅਮਰੀਕੀ ਡਾਲਰ ਦਾ ਸੀ। ਇਹ ਸਮਝਿਆ ਜਾਂਦਾ ਹੈ ਕਿ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਸਥਾਨਕ ਉਦਯੋਗ ਘੱਟ ਮੁਕਾਬਲੇਬਾਜ਼ੀ ਵਾਲੇ ਬਣ ਗਏ ਹਨ ਅਤੇ ਇਹ ਦੇਸ਼ ਚੀਨ ਉਤੇ ਲੋੜ ਤੋਂ ਵੱਧ ਨਿਰਭਰਤਾ ਘਟਾਉਣ ਤੇ ਲੱਗੇ ਹੋਏ ਹਨ। ਪਰ ਭਾਰਤ ਦੀ ਇਨ੍ਹਾਂ ਬਾਜ਼ਾਰਾਂ ਵਿੱਚ ਵਸਤਰਾਂ ਅਤੇ ਘਰੇਲੂ ਕੱਪੜਿਆਂ ਦੀ ਹਿੱਸੇਦਾਰੀ ਚਿਲੀ ਵਿੱਚ ਕ੍ਰਮਵਾਰ 1 ਪ੍ਰਤਿਸ਼ਤ ਤੇ 4 ਪ੍ਰਤਿਸ਼ਤ, ਮੈਕਸੀਕੋ ਵਿੱਚ 3 ਪ੍ਰਤਿਸ਼ਤ ਅਤੇ ਪੇਰੂ ਵਿੱਚ 2 ਪ੍ਰਤਿਸ਼ਤ ਸੀ ਜੋ ਵੱਡੇ ਪੱਧਰ ਉਤੇ ਵਿਕਾਸ ਦੀ ਸੰਭਾਵਨਾ ਵੱਲ ਇਸ਼ਾਰਾ ਕਰਦੀ ਹੈ।

## ਦੂਸਰੇ ਵਿਕਸਤ ਬਾਜ਼ਾਰ : ਓਸ਼ਨੀਆ ਅਤੇ ਕੈਨੇਡਾ

ਜਦ ਕਿ ਰਵਾਇਤੀ ਬਾਜ਼ਾਰਾਂ (ਵਿਕਸਤ ਦੇਸ਼ਾਂ) ਵਿੱਚ ਧਿਆਨ ਦਾ ਕੇਂਦਰ ਬਿੰਦੂ ਉੱਚ ਮੁੱਲ ਉਤਪਾਦਾਂ (ਵਸਤਰਾਂ) ਦਾ ਆਯਾਤ ਹੀ ਰਹੇਗਾ, ਕੈਨੇਡਾ ਇਕ ਅਜਿਹਾ ਬਾਜ਼ਾਰ ਹੈ ਜਿਥੇ ਵਸਤੂ ਕਿਸਮ ਦੇ ਕੱਪੜੇ ਦਾ ਹਿੱਸਾ ਘਟਿਆ ਹੈ ਜਦ ਕਿ ਤਕਨੀਕੀ ਕੱਪੜਾ ਸੱਨਅਤ ਦਾ ਤੇਜ਼ੀ ਨਾਲ ਪਸਾਰ ਹੋਇਆ ਹੈ। ਹਾਲੀਆ ਅੰਕੜਿਆਂ ਦੇ ਅਧਾਰ ਉਤੇ ਤਕਨੀਕੀ ਕੱਪੜੇ ਦਾ ਨਿਰਯਾਤ 2015 ਦੇ 8.6 ਬਿਲੀਅਨ ਡਾਲਰ ਤੋਂ ਵਧ ਕੇ 2017 ਵਿੱਚ 9.3 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ। ਤਕਨੀਕੀ ਕੱਪੜਾ ਉਦਯੋਗ ਅਜਿਹਾ ਹੈ ਜਿਥੇ ਵਰਤੋਂ ਅਤੇ ਤਕਨੀਕਾਂ ਲਗਾਤਾਰ ਬਦਲ ਰਹੀਆਂ ਹਨ ਜਿਸ ਕਰਕੇ ਆਯਾਤ ਵਿੱਚ ਵੀ ਬਦਲਾਅ ਆਉਂਦੇ ਹਨ। ਅੰਤਮ ਵਰਤੋਂ ਵਾਲੇ ਉਦਯੋਗਾਂ ਦੀ ਬਹੁਸੰਖਿਆ ਕਾਰਨ ਉੱਤਰੀ ਅਮਰੀਕਾ ਤਕਨੀਕੀ ਕੱਪੜੇ ਦਾ ਸਭ ਤੋਂ ਵੱਡਾ ਖੇਤਰੀ ਖਪਤਕਾਰ ਹੈ। ਭਾਰਤ ਕੈਨੇਡਾ ਵਿੱਚ ਤਕਨੀਕੀ ਕੱਪੜੇ ਦੇ ਆਯਾਤ ਦੇ ਮੌਕੇ ਤਲਾਸ਼ ਸਕਦਾ ਹੈ। ਜਿਸ ਨਾਲ ਵਿਆਪਕ ਆਰਥਿਕ ਭਾਈਵਾਲੀ ਸਮਝੌਤਾ (ਸੀ ਈ ਪੀ ਏ) ਸਹੀਬੰਦ ਕਰਨ ਲਈ ਯਤਨ ਕੀਤੇ ਜਾ ਰਹੇ ਹਨ।

**ਭਾਰਤ ਦੇ ਕੱਪੜਾ ਉਦਯੋਗ ਵਿੱਚ ਤਕਨੀਕੀ ਕੱਪੜਾ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਿਹਾ ਖੇਤਰ ਹੈ। ਮੌਜੂਦਾ ਸਮੇਂ ਦੁਨੀਆਂ ਵਿੱਚ ਤਕਨੀਕੀ ਕੱਪੜੇ ਦੀ ਕੁੱਲ ਖਪਤ ਦਾ 9 ਪ੍ਰਤਿਸ਼ਤ ਭਾਰਤ ਵਿੱਚ ਬਣਾਏ ਜਾਣ ਦਾ ਅਨੁਮਾਨ ਹੈ। ਤਕਨੀਕੀ ਕੱਪੜੇ ਦੇ ਖੇਤਰ ਵਿੱਚ ਭਾਰਤ ਦਾ ਬਾਜ਼ਾਰ ਹਿੱਸਾ 2013 ਦੇ 11.6 ਬਿਲੀਅਨ ਤੋਂ ਵਧ ਕੇ 2017 ਵਿੱਚ 26 ਮਿਲੀਅਨ ਡਾਲਰ ਹੋ ਜਾਣ ਦੀ ਉਮੀਦ ਹੈ। ਅਜਿਹਾ ਆਈ ਟੀ ਏ ਦੀ ਤਕਨੀਕੀ ਟੈਕਸਟਾਈਲ ਟਾਪ ਮਾਰਕੀਟਸ ਰਿਪੋਰਟ, 2016 ਵਿੱਚ ਆਖਿਆ ਗਿਆ ਹੈ।**

ਆਸਟ੍ਰੇਲੀਆ ਵਿੱਚ ਕੱਪੜੇ, ਵਸਤਰ ਅਤੇ ਜੁੱਤਿਆਂ (ਟੀ ਸੀ ਐੱਫ) ਦੇ ਨਿਰਮਾਣ ਉਦਯੋਗ ਕਾਫੀ ਭਿੰਨਤਾ ਵਾਲੇ ਹਨ ਜਿਥੇ ਕਈ ਪ੍ਰਕਾਰ ਦੇ ਉਤਪਾਦ ਬਣਾਏ ਜਾਂਦੇ ਹਨ ਜਿਸ ਵਿੱਚ ਵਰਤਣ ਲਈ ਤਿਆਰ ਕੱਪੜੇ, ਵਸਤਰ, ਗਲੀਚੇ, ਜੁੱਤੇ ਅਤੇ ਤਕਨੀਕੀ (ਗ਼ੈਰ-ਸੋਹਜਵਾਦੀ) ਕੱਪੜੇ ਜਿਵੇਂ ਕਿ ਗੱਡੀਆਂ ਲਈ ਕੱਪੜੇ। ਵਸਤਰਾਂ ਲਈ ਆਸਟ੍ਰੇਲੀਆਈ ਬਾਜ਼ਾਰ ਦਾ ਅਕਾਰ 5 ਪ੍ਰਤਿਸ਼ਤ ਸੀ ਏ ਜੀ ਆਰ ਦੀ ਦਰ ਤੇ 2025 ਤੱਕ 25 ਬਿਲੀਅਨ ਅਮਰੀਕੀ ਡਾਲਰ ਤੋਂ ਵਧ ਕੇ 45 ਬਿਲੀਅਨ ਅਮਰੀਕੀ ਡਾਲਰ ਹੋਣ ਦੀ ਆਸ ਹੈ। ਭਾਰਤ ਆਸਟ੍ਰੇਲੀਆ ਨਾਲ ਮੌਜੂਦਾ ਸਮੇਂ ਚੱਲ ਰਹੀ ਸੀ ਈ ਸੀ ਏ ਗੱਲਬਾਤ ਰਾਹੀਂ ਇਸ ਬਾਜ਼ਾਰ ਵਿੱਚ ਮੌਕਿਆਂ ਦਾ ਭਰਪੂਰ ਲਾਹਾ ਲੈ ਸਕਦਾ ਹੈ।

*(ਲੇਖਕ ਕੱਪੜਾ ਮੰਤਰਾਲਾ ਵਿੱਚ ਸਲਾਹਕਾਰ ਹੈ।)*

*e-mail :adrout@nic.in*

# ਤਕਨੀਕੀ ਵਸਤਰ : ਇਕ ਉੱਭਰਦਾ ਉਦਯੋਗ

✍ ਪ੍ਰਕਾਸ਼ ਵਾਸੂਦੇਵਨ

**ਜਾ**ਣ ਪਛਾਣ

ਕੱਪੜੇ ਮਨੁੱਖ ਦੇ ਜੀਵਨ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਉਂਦੇ ਹਨ। ਕੱਪੜੇ ਦਾ ਇਸਤੇਮਾਲ ਸਿਰਫ ਵਸਤਰ ਬਣਾਉਣ ਤੱਕ ਹੀ ਸੀਮਤ ਨਹੀਂ ਹੈ ਸਗੋਂ ਇਸ ਦਾ ਵੱਡੇ ਪੱਧਰ ਉਤੇ ਇਸਤੇਮਾਲ ਕੀਤਾ ਜਾਂਦਾ ਹੈ। ਪੰਘੂੜੇ ਤੋਂ ਕਫ਼ਨ ਬਣਾਉਣ ਤੱਕ। ਬਹੁਤ ਸਾਰੇ ਗ਼ੈਰ ਵਸਤਰ ਖੇਤਰਾਂ ਵਿੱਚ ਜਿਹੜੇ ਕੱਪੜੇ ਵਿਸ਼ੇਸ਼ ਲੋੜਾਂ ਨੂੰ ਮੱਦੇਨਜ਼ਰ ਰੱਖ ਕੇ ਬਣਾਏ ਜਾਂਦੇ ਹਨ, ਉਨ੍ਹਾਂ ਨੂੰ ਤਕਨੀਕੀ ਕੱਪੜੇ ਆਖਿਆ ਜਾਂਦਾ ਹੈ। "ਤਕਨੀਕੀ ਕੱਪੜੇ" ਉਹ ਸਮੱਗਰੀ ਅਤੇ ਉਤਪਾਦ ਹਨ ਜੋ ਉਨ੍ਹਾਂ ਦੀ ਤਕਨੀਕੀ ਅਤੇ ਕਾਰਗੁਜ਼ਾਰੀ ਵਾਲੀਆਂ ਖ਼ੂਬੀਆਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੇ ਜਾਂਦੇ ਹਨ, ਨਾ ਕਿ ਉਨ੍ਹਾਂ ਦੀਆਂ ਸੁਹਜ ਤੇ ਸਜਾਵਟੀ ਵਿਸ਼ੇਸ਼ਤਾਵਾਂ ਕਰਕੇ।

ਕੱਪੜੇ ਦੀ ਸਮੱਗਰੀ, ਢਾਂਚੇ, ਅੰਤਮ ਛੋਹਾਂ ਅਤੇ ਵਸਤਰੀਕਰਨ/ਬਦਲਾਅ ਦੀਆਂ ਤਕਨੀਕਾਂ ਦੇ ਸੁਮੇਲ ਨੂੰ ਵੱਖਰੇ ਪ੍ਰਕਾਰ ਦੇ ਤਕਨੀਕੀ ਕੱਪੜਾ ਉਤਪਾਦ ਬਣਾਉਣ ਲਈ ਵਰਤਿਆ ਜਾ ਸਕਦਾ ਹੈ ਜਿਸ ਵਿੱਚ ਸਧਾਰਨ ਸਫਾਈ ਕਰਨ ਵਾਲੇ ਪੋਚੇ ਤੋਂ ਲੈ ਕੇ ਮਜਬੂਤ ਢਾਂਚਾ ਅਤੇ ਜਟਿਲ ਟਿਸ਼ੂ ਤੋਂ ਬਣਿਆ ਪ੍ਰਤਿਰੋਪਣ ਸ਼ਾਮਲ ਹੈ। ਕੱਪੜੇ ਦਾ ਤਕਨੀਕੀ ਮੰਤਵਾਂ ਲਈ ਇਸਤੇਮਾਲ ਮਨੁੱਖ ਜਾਤੀ ਲਈ ਨਵਾਂ ਨਹੀਂ ਹੈ। ਅੱਜਕੱਲ੍ਹ ਵਰਤੇ ਜਾਂਦੇ ਤਕਨੀਕੀ ਕੱਪੜੇ ਦੇ ਮੁਕਾਬਲੇ ਪਿਛਲੇ ਸਮੇਂ ਵਿੱਚ ਵਰਤੇ ਜਾਂਦੇ ਅਜਿਹੇ ਕੱਪੜੇ ਢਾਂਚੇ ਵਜੋਂ ਸਾਦਾ ਹੁੰਦੇ ਸਨ। ਅੱਜਕੱਲ੍ਹ ਦੇ ਤਕਨੀਕੀ ਕੱਪੜੇ, ਕਾਰਗੁਜ਼ਾਰੀ ਅਤੇ ਸੰਚਾਲਨ ਦੀਆਂ ਲੋੜਾਂ ਦੇ ਹਿਸਾਬ ਨਾਲ ਕਿਤੇ ਜ਼ਿਆਦਾ ਆਧੁਨਿਕ ਹਨ। ਇਸ ਦਾ ਕਾਰਨ ਉਨ੍ਹਾਂ ਦੇ ਨਿਰਮਾਣ ਸਮੇਂ ਨਵੇਂ ਸਾਮਾਨ, ਢਾਂਚਿਆਂ, ਰਸਾਇਣਾਂ ਜਾਂ ਸੁਮੇਲਾਂ ਦੀ ਵਰਤੋਂ ਹੈ। ਤਕਨੀਕੀ ਇਸਤੇਮਾਲ ਲਈ ਕੱਪੜੇ ਨੂੰ ਪਲਾਸਟਿਕ, ਧਾਤੂ, ਕਾਗ਼ਜ਼, ਫ਼ਿਲਮਾਂ ਨਾਲੋਂ ਤਰਜੀਹ ਦਿੱਤੀ ਜਾਂਦੀ ਹੈ। ਇਸ ਦਾ ਕਾਰਨ ਕੱਪੜੇ ਦੇ ਵਿਸ਼ੇਸ਼ ਗੁਣ, ਮੁਸਾਮਾਂ ਵਾਲਾ ਢਾਂਚਾ, ਘੱਟ ਭਾਰ, ਲੰਬਾਈ ਤੇ ਮੋਟਾਈ ਦੇ ਹਿਸਾਬ ਨਾਲ ਉੱਚ ਅਨੁਪਾਤ, ਪਹਿਨਣਯੋਗਤਾ ਅਤੇ ਹੋਰ ਬਹੁਤ ਸਾਰੇ ਪੱਖ ਹਨ। ਆਧੁਨਿਕ ਤਕਨੀਕੀ ਕੱਪੜੇ ਜ਼ਿਆਦਾ ਸੰਚਾਲਿਤ ਹਨ ਪਰ ਢਾਂਚੇ ਵਜੋਂ ਜਟਿਲ ਹਨ ਕਿਉਂਕਿ ਇਨ੍ਹਾਂ ਕੱਪੜਿਆਂ ਦੀ ਬਨਾਵਟ ਪਾਲੀਮਰ/ਕੱਚਾ ਮਾਲ, ਰੇਸ਼ੇ ਦੇ ਢਾਂਚੇ ਅਤੇ ਗੁਣਾਂ, ਧਾਗਾ/ਰੇਸ਼ੇ ਦਾ ਢਾਂਚਾ ਅਤੇ ਗੁਣਾਂ, ਵਸਤਰ/ਉਤਪਾਦ ਦਾ ਢਾਂਚਾ ਅਤੇ ਗੁਣਾਂ ਦੀ ਚੋਣ ਤੋਂ ਸ਼ੁਰੂ ਹੁੰਦੀ ਹੈ ਤਾਂ ਕਿ ਵਿਸ਼ੇਸ਼ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ।

ਬਹੁਤ ਸਾਰੇ ਤਕਨੀਕੀ ਕੱਪੜਾ ਉਤਪਾਦ ਰੇਸ਼ੇਦਾਰ ਢਾਂਚਿਆਂ ਵਜੋਂ ਬਣਾਏ ਜਾਂਦੇ ਹਨ (ਮਿਸਾਲ ਦੇ ਲਈ ਸਰਜੀਕਲ ਕਾਟਨ ਉਤਪਾਦ ਜਿਵੇਂ ਰੂੰ ਦਾ ਗੋਲਾ, ਸੂਤੀ ਕੰਨਾਂ ਨੂੰ ਸਾਫ ਕਰਨ ਵਾਲੀਆਂ ਡੰਡੀਆਂ, ਖ਼ੂਨ ਦੇ ਵਗਣ ਨੂੰ ਰੋਕਣ ਵਾਲੇ ਰੇਸ਼ੇਦਾਰ ਪੈਡ, ਕੰਨਾਂ ਵਿੱਚ ਸ਼ੋਰ ਸ਼ਰਾਬੇ ਨੂੰ ਰੋਕਣ ਵਾਲੇ ਰੇਸ਼ੇਦਾਰ ਫੰਬੇ, ਗਰਮੀ ਰਹਿਤ ਸਿਰਹਾਣੇ, ਨਲੀਆਂ, ਫਿਲਟਰ, ਗੱਡੀਆਂ ਦੀਆਂ ਛੱਤਾਂ ਆਦਿ)। ਟਾਂਕੇ, ਰੱਸੀਆਂ ਆਦਿ ਵੀ ਧਾਗੇ/ਰੇਸ਼ਿਆਂ ਦੇ ਉਤਪਾਦਾਂ ਤੋਂ ਬਣਾਏ ਜਾਂਦੇ ਹਨ। ਤਕਨੀਕੀ ਕੱਪੜੇ ਦੇ ਉਤਪਾਦ ਵੀ ਵੱਖ-ਵੱਖ ਰੇਸ਼ੇ ਦੇ ਢਾਂਚਿਆਂ ਦੀ ਵਰਤੋਂ ਕਰਕੇ ਬਣਾਏ ਜਾਂਦੇ ਹਨ ਜਿਵੇਂ ਬੁਣੇ ਹੋਏ (ਬਿਸਤਰ ਦੀਆਂ ਚਾਦਰਾਂ, ਸਰਜੀਕਲ ਗਾਊਨ, ਕਾਰਬਨ/ਕੱਚ ਦੇ ਬੁਣੇ ਕੱਪੜੇ, ਗਲੀਚੇ, ਗੱਦੀਆਂ ਦੇ ਕੱਪੜੇ, ਪੱਟੀਆਂ ਜ਼ਖ਼ਮ ਉਤੇ ਬੰਨ੍ਹਣ ਵਾਲੇ ਕੱਪੜੇ), ਬੁਣੇ ਹੋਏ (ਹਰਨੀਆ ਜਾਲੀ, ਖੇਡਾਂ ਵਿੱਚ ਪਹਿਨਣ ਵਾਲੇ, ਦਬਾਅ ਵਾਲੇ ਕੱਪੜੇ, ਫਾਸਲਾ ਦੇਣ ਵਾਲੇ ਕੱਪੜੇ ਆਦਿ, ਨਾੜੀ ਪਾਉਣਾ, ਨਲੀਦਾਰ ਪੱਟੀਆਂ, ਮੱਛੀ ਫੜਨ ਵਾਲੇ ਜਾਲ, ਉਪਗ੍ਰਹਿ ਐਨੀਟੀਨਾ ਆਦਿ)। ਗ਼ੈਰ ਬੁਣੇ (ਜਿਵੇਂ ਟਿਸ਼ੂ ਇੰਜਨੀਅਰਿੰਗ ਲਈ ਮਚਾਨ, ਫਿਲਟਰ ਝਿਲੀ, ਪੋਚੇ, ਵਰਤੋਂ ਤੋਂ ਬਾਅਦ ਸੁੱਟਿਆ ਜਾਣ ਵਾਲਾ ਸਮਾਨ, ਫ਼ਸਲਾਂ ਨੂੰ ਢੱਕਣ ਲਈ ਤਰਪਾਲਾਂ, ਬੀਜ ਢੱਕਣ ਲਈ ਤਰਪਾਲਾਂ, ਨਦੀਨ ਨੂੰ ਰੋਕਣ ਵਾਲੇ ਕੱਪੜੇ, ਰੋਧਕ ਟੇਪਾਂ ਆਦਿ), ਲਪੇਟੇ ਹੋਏ (ਟਾਂਕੇ, ਰੱਸੀਆਂ, ਕੋਸ਼ਿਕਾਵਾਂ, ਯੋਜਕ, ਤੰਤੂ, ਦੰਦ ਸਾਫ ਕਰਨ ਵਾਲਾ ਧਾਗਾ, ਮਚਾਨ), ਕਢਾਈਦਾਰ (ਰੋਟੇਟਰ ਕਫ, ਕਢਾਈਦਾਰ ਬੂਟੀਆਂ) ਅਤੇ ਉਪਰੋਕਤ ਢਾਂਚਿਆਂ ਦਾ ਸੁਮੇਲ (ਬੱਚਿਆਂ ਦੇ ਡਾਇਪਰ, ਸੈਨਿਟਰੀ ਨੈਪਕਿਨ ਆਦਿ)।

ਬਹੁਤ ਸਾਰੇ ਤਕਨੀਕੀ ਕੱਪੜੇ (ਟੀ ਟੀ) ਦੇ ਉਤਪਾਦ ਵਿਸ਼ੇਸ਼/ਸੰਚਾਲਨ ਛੋਹਾਂ/ਤਹਿਆਂ, ਲੈਮੀਨੇਸ਼ਨ ਨਾਲ ਬਣਾਏ ਜਾਂਦੇ ਹਨ (ਜਿਵੇਂ ਅੱਗ ਰੋਧਕ, ਰੋਗਾਣੂ ਰੋਧੀ, ਪਾਣੀ ਰੋਧਕ, ਤਰਲ ਨੂੰ ਦੂਰ ਰੱਖਣ ਵਾਲੀ ਛੋਹ ਆਦਿ)।

## ਭਾਰਤ ਵਿੱਚ ਤਕਨੀਕੀ ਕੱਪੜਾ ਉਦਯੋਗ ਪਿਛੇ ਮੌਕੇ ਅਤੇ ਤੱਥ

- ਭਾਰਤ ਦੇ ਖਪਤਕਾਰ ਦੀ ਵਧੀ ਹੋਈ ਆਮਦਨ ਅਤੇ ਸਿੱਟੇ ਵਜੋਂ ਵਧੀ ਹੋਈ ਖਰੀਦ ਸ਼ਕਤੀ: ਭਾਰਤੀ ਖਪਤਕਾਰ ਹੁਣ ਬਿਹਤਰ ਅਰਾਮ, ਬਿਹਤਰ ਜੀਵਨ ਸ਼ੈਲੀ, ਵਿਲਾਸਤਾ, ਅਰੋਗਤਾ, ਸਾਫ-ਸਫਾਈ, ਸੁਰੱਖਿਆ ਆਦਿ ਲਈ ਜ਼ਿਆਦਾ ਖਰਚ ਕਰ ਰਿਹਾ ਹੈ। ਪੋਚੇ, ਸੈਨਿਟਰੀ ਨੈਪਕਿਨ ਅਤੇ ਬੱਚਿਆਂ ਦੇ ਡਾਇਪਰ ਆਦਿ ਦੀ ਵਰਤੋਂ ਵਿੱਚ ਵਾਧਾ ਹੋਇਆ ਹੈ ਜਦ ਕਿ ਕੁੱਝ ਸਾਲ ਪਹਿਲਾਂ ਅਜਿਹਾ ਨਹੀਂ ਸੀ।

- ਤਕਨੀਕੀ ਕੱਪੜੇ (ਟੀ ਟੀ) ਦੀ ਮੰਗ ਇਕ ਵਿਸ਼ੇਸ਼ ਖੇਤਰ ਦੇ ਵਿਕਾਸ ਉਤੇ ਨਿਰਭਰ ਕਰਦੀ ਹੈ। ਮਿਸਾਲ ਦੇ ਲਈ, ਗੱਡੀਆਂ ਵਾਸਤੇ

ਕੱਪੜੇ ਦੀ ਮੰਗ ਮੋਟਰ ਉਦਯੋਗ ਦੇ ਤੇਜ਼ ਵਾਧੇ ਨਾਲ ਵਧ ਰਹੀ ਹੈ। ਸ਼ਹਿਰੀ ਖੇਤਰਾਂ ਵਿੱਚ ਨਵੇਂ ਤੇ ਆਧੁਨਿਕ ਹਸਪਤਾਲਾਂ ਦਾ ਵਿਕਾਸ ਹੋਣ ਨਾਲ, ਮੈਡੀਕਲ ਸੈਰ-ਸਪਾਟਾ, ਮੈਡੀਕਲ ਕੱਪੜੇ ਦੇ ਵਿਕਾਸ ਵਿੱਚ ਸਹਾਈ ਹੋ ਰਿਹਾ ਹੈ।

• ਹੁਣ ਜ਼ਿਆਦਾਤਰ ਭਾਰਤੀ ਖਪਤਕਾਰ ਚੰਗੇ ਪੜ੍ਹੇ ਲਿਖੇ ਹਨ ਕਿਉਂਕਿ ਇੰਟਰਨੈੱਟ ਅਤੇ ਟੈਲੀਵੀਜ਼ਨ ਦੇ ਘਰ-ਘਰ ਦਾਖਲੇ ਕਾਰਨ ਉਹ ਤਕਨੀਕੀ ਕੱਪੜੇ ਅਤੇ ਇਸ ਦੇ ਲਾਗਤ ਪ੍ਰਭਾਵੀਕਰਨ ਦੇ ਲਾਭਾਂ ਬਾਰੇ ਜਾਗਰੂਕ ਹੋ ਰਹੇ ਹਨ। ਉਦਾਹਰਣ ਦੇ ਲਈ, ਭਾਰਤ ਦੇ ਕਿਸਾਨਾਂ ਨੇ ਖੇਤੀ ਕੱਪੜਾ ਉਤਪਾਦਾਂ ਦੇ ਫ਼ਾਇਦੇ ਨੂੰ ਸਮਝਣ ਤੋਂ ਬਾਅਦ ਪਹਿਲਾਂ ਹੀ ਖੇਤੀ ਕੱਪੜੇ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ ਹੈ।

• ਤਕਨੀਕੀ ਕੱਪੜਾ ਉੱਚ ਤਕਨੀਕ ਮੁਖੀ, ਬਹੁ-ਵਿਸ਼ੇਵਾਦੀ ਅਤੇ ਭਾਰਤ ਦੇ ਕੱਪੜਾ ਨਿਰਮਾਤਾਵਾਂ ਲਈ ਮੁਕਾਬਲਤਨ ਨਫਾ ਹੈ, ਇਸ ਕਰਕੇ ਨਵੇਂ ਉੱਦਮੀਆਂ ਨੂੰ ਘਰੇਲੂ ਮੁਕਾਬਲੇਬਾਜ਼ੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

• ਜਨਸੰਖਿਆ ਵਿੱਚ ਵਾਧਾ ਅਤੇ ਜੀਵਨ ਕਾਲ ਵਿੱਚ ਵਾਧਾ : ਭਾਰਤ ਦੁਨੀਆਂ ਭਰ ਵਿੱਚ ਦੂਜਾ ਸਭ ਤੋਂ ਵੱਡਾ ਜਨਸੰਖਿਆ ਵਾਲਾ ਦੇਸ਼ ਹੈ ਜਿਸ ਦਾ ਕਾਰਨ ਉੱਚ ਜਨਮ ਦਰ ਅਤੇ ਵਧਿਆ ਹੋਇਆ ਜੀਵਨ ਕਾਲ ਹੈ; ਜੋ ਬਦਲੇ ਵਿੱਚ ਤਕਨੀਕੀ ਕੱਪੜੇ ਦੀ ਮੰਗ ਪੈਦਾ ਕਰਕੇ ਇਸ ਨੂੰ ਬਣਾਈ ਰੱਖੇਗਾ ਜਿਵੇਂ ਅਰੋਗਤਾ ਅਤੇ ਸਿਹਤ ਸੰਭਾਲ ਵਾਲੇ ਕੱਪੜੇ।

• ਜ਼ਿਆਦਾ ਸੰਗਠਿਤ ਪ੍ਰਚੂਨ ਅਤੇ ਆਨਲਾਈਨ ਵਪਾਰ ਲਈ ਸੁਧਰੀ ਹੋਈ ਵੰਡ ਪ੍ਰਣਾਲੀ ਅਤੇ ਖਪਤਕਾਰ ਦੀ ਪਹੁੰਚ ਪ੍ਰਣਾਲੀ ਜਿਸ ਨਾਲ ਤਕਨੀਕੀ ਕੱਪੜੇ ਦੇ ਵਪਾਰ ਵਿੱਚ ਵਾਧਾ ਹੁੰਦਾ ਹੈ।

• ਰਵਾਇਤੀ ਕੱਪੜਿਆਂ ਦੇ ਮੁਕਾਬਲੇ ਜ਼ਿਆਦਾ ਮੁਨਾਫਾ ਉੱਦਮੀਆਂ ਨੂੰ ਆਕਰਸ਼ਿਤ ਕਰਦਾ ਹੈ।

• ਤਕਨੀਕੀ ਕੱਪੜਿਆਂ ਦੀ ਬਹੁਤ ਘੱਟ ਵਰਤੋਂ : ਭਾਰਤ ਵਿੱਚ ਤਕਨੀਕੀ ਕੱਪੜੇ ਦੀ ਖਪਤ ਦੁਨੀਆਂ ਵਿੱਚ ਤਕਨੀਕੀ ਕੱਪੜੇ ਦੀ ਔਸਤ ਖਪਤ ਦੇ ਮੁਕਾਬਲੇ ਬਹੁਤ ਘੱਟ ਹੈ, ਜਿਸ ਕਰਕੇ ਇਸ ਦੇ ਵਿਕਾਸ ਵਿੱਚ ਵੱਡੇ ਵਾਧੇ ਦੀਆਂ ਸੰਭਾਵਨਾਵਾਂ ਮੌਜੂਦ ਹਨ। ਭਾਰਤ ਦੇ ਖਪਤਕਾਰ ਦੀ ਸੱਭਿਆਚਾਰਕ ਭੁੱਖ ਵਿਸ਼ਵੀਕਰਨ/ਪੱਛਮੀਕਰਨ ਅਤੇ ਬਿਹਤਰ ਉਤਪਾਦਾਂ ਦੀ ਵਧੇਰੇ ਜਾਣਕਾਰੀ ਵੱਲ ਹੋਣ ਕਰਕੇ ਪਹਿਲਾਂ ਹੀ ਬਹੁਤ ਸਾਰੇ ਤਕਨੀਕੀ ਕੱਪੜੇ ਦੀ ਵਰਤੋਂ ਵਿੱਚ ਵਾਧਾ ਹੋ ਰਿਹਾ ਹੈ ਜਿਵੇਂ ਕਿ ਘਰੇਲੂ ਕੱਪੜੇ, ਆਵਾਜਾਈ ਸਾਧਨ ਅਤੇ ਖੇਡਾਂ ਦਾ ਸਮਾਨ ਆਦਿ।

• ਕੁੱਝ ਵਿਸ਼ੇਸ਼ ਤਕਨੀਕੀ ਕੱਪੜੇ ਦੇ ਉਤਪਾਦਾਂ ਲਈ ਉਦਯੋਗਾਂ ਦੀ ਵਧਦੀ ਮੰਗ।

• ਭਾਰਤ ਦੁਨੀਆਂ ਵਿੱਚ ਦੂਜਾ ਸਭ ਤੋਂ ਵੱਡਾ ਕੱਪੜੇ ਉਤੇ ਅਧਾਰਿਤ ਅਰਥਚਾਰਾ ਹੈ। ਇਸ ਕਰਕੇ ਇਥੇ ਪੂਰਤੀ ਲੜੀ ਦੀ ਮਜਬੂਤ ਹੋਂਦ, ਆਯਾਤ-ਨਿਰਯਾਤ ਦੇ ਮਜਬੂਤ ਸੰਬੰਧ, ਬੁਨਿਆਦੀ ਢਾਂਚੇ ਹਨ ਜਿਨ੍ਹਾਂ ਤੋਂ ਤਕਨੀਕੀ ਕੱਪੜਾ ਖੇਤਰ ਨੂੰ ਲਾਭ ਮਿਲ ਸਕਦਾ ਹੈ।

• ਲਗਾਤਾਰ ਵਿਕਸਤ ਅਤੇ ਵਿਸ਼ਵੀਕਰਨ ਦੇ ਦਾਇਰੇ ਹੇਠ ਆ ਰਿਹਾ ਅੰਤਰਰਾਸ਼ਟਰੀ ਬਾਜ਼ਾਰ।

• ਰਵਾਇਤੀ ਕੱਪੜਿਆਂ ਵਿੱਚ ਤਕਨੀਕੀ ਗਿਆਨ ਰੱਖਣ ਵਾਲੀ ਸਸਤੀ ਕਿਰਤ ਸ਼ਕਤੀ ਤਕਨੀਕੀ ਕੱਪੜੇ ਦੇ ਵਿਕਾਸ ਲਈ ਲਾਹੇਵੰਦ ਹੋ ਸਕਦੀ ਹੈ।

## ਤਕਨੀਕੀ ਕੱਪੜੇ ਦੀ ਮੰਗ

**ਮਾਤਰਾ ਦੇ ਆਧਾਰ ਉਤੇ ਤਕਨੀਕੀ ਕੱਪੜੇ ਦਾ ਬਾਜ਼ਾਰ 2015-2020 ਦੇ ਕਾਲਖੰਡ ਦੌਰਾਨ 4.68 ਪ੍ਰਤਿਸ਼ਤ ਸੀ ਏ ਜੀ ਆਰ ਦੀ ਦਰ ਨਾਲ 42.2 ਮਿਲੀਅਨ ਮੀਟਰਿਕ ਟਨ ਤੱਕ ਵਿਕਸਤ ਹੋਣ ਦੀ ਆਸ ਹੈ। ਇਕ ਹੋਰ ਰਿਪੋਰਟ ਭਵਿੱਖਬਾਣੀ ਕਰਦੀ ਹੈ ਕਿ 2014-2019 ਦੌਰਾਨ ਤਕਨੀਕੀ ਕੱਪੜਾ ਬਾਜ਼ਾਰ 3.71 ਪ੍ਰਤਿਸ਼ਤ ਸੀ ਏ ਜੀ ਆਰ ਦੀ ਦਰ ਨਾਲ ਤਰੱਕੀ ਕਰੇਗਾ।**

ਪਰ ਕੀਮਤ ਦੇ ਮਾਮਲੇ ਵਿੱਚ ਦੇਖੀਏ ਤਾਂ ਤਕਨੀਕੀ ਕੱਪੜੇ ਦੇ ਵੱਖ-ਵੱਖ ਵਰਗ ਭਾਰਤ ਵਿੱਚ ਸਾਲਾਨਾ 8 ਅਤੇ 19 ਪ੍ਰਤਿਸ਼ਤ ਦੀ ਦਰ ਵਿਚਕਾਰ ਵਿਕਸਤ ਹੋ ਰਹੇ ਹਨ, ਜਿਸ ਵਿੱਚ ਤਕਨੀਕੀ ਕੱਪੜੇ ਦੇ ਕੁੱਲ ਨਿਰਮਾਣ ਲਈ ਔਸਤ ਸੀ ਏ ਜੀ ਆਰ 11 ਪ੍ਰਤਿਸ਼ਤ ਹੈ। ਤਕਨੀਕੀ ਕੱਪੜੇ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿੱਚ 0.75 ਪ੍ਰਤਿਸ਼ਤ ਯੋਗਦਾਨ ਪਾਉਂਦੇ ਹਨ ਜੋ ਮੌਜੂਦਾ ਸਮੇਂ ਭਾਰਤ ਦੇ ਕੱਪੜਾ ਨਿਰਮਾਣ ਦਾ 12 ਪ੍ਰਤਿਸ਼ਤ ਹਨ। ਚੀਨ ਵਿੱਚ ਇਹ 20 ਪ੍ਰਤਿਸ਼ਤ ਹਨ।

ਤਕਨੀਕੀ ਕੱਪੜਾ ਉਦਯੋਗ ਭਾਰਤ ਵਿੱਚ 2017-18 ਤੱਕ ਵਧ ਕੇ 1,16,217 ਕਰੋੜ ਹੋਣ ਦੀ ਆਸ ਹੈ। ਵਿਸ਼ਵ ਦੇ ਤਕਨੀਕੀ ਕੱਪੜੇ ਦੇ ਨਿਰਮਾਣ ਵਿੱਚ ਭਾਰਤ ਦੀ ਹਿੱਸੇਦਾਰੀ ਮਹਿਜ਼ 3 ਪ੍ਰਤਿਸ਼ਤ ਹੈ ਜਦ ਕਿ ਚੀਨ ਅਤੇ ਯੂਰਪ ਵਿਸ਼ਵ ਦੇ ਤਕਨੀਕੀ ਕੱਪੜੇ ਦਾ 75 ਪ੍ਰਤਿਸ਼ਤ ਨਿਰਮਾਣ ਕਰਦੇ ਹਨ। ਤਕਨੀਕੀ ਕੱਪੜਾ ਉਤਪਾਦਾਂ ਨੂੰ ਹੇਠ ਲਿਖੇ 12 ਸਮੂਹਾਂ ਵਿੱਚ ਵੰਡਿਆ ਗਿਆ ਹੈ :

• ਐਗਰੋਟੈਕ (ਖੇਤੀਬਾੜੀ, ਬਾਗਬਾਨੀ ਅਤੇ ਜੰਗਲਾਤ)।

• ਬਿਲਡਟੈਕ (ਇਮਾਰਤਸਾਜ਼ੀ ਤੇ ਉਸਾਰੀ)।

• ਕਲਾਥਟੈਕ (ਜੁੱਤੀਆਂ ਅਤੇ ਕੱਪੜਿਆਂ ਦੇ ਤਕਨੀਕੀ ਹਿੱਸੇ)।

• ਜੀਉਟੈਕ (ਭੂ ਕੱਪੜੇ, ਸਿਵਲ ਇੰਜਨੀਅਰਿੰਗ)।

• ਹੋਮਟੈਕ (ਫਰਨੀਚਰ, ਘਰੇਲੂ ਕੱਪੜੇ ਅਤੇ ਫਰਸ਼ ਦੀ ਵਿਛਾਈ ਦੇ ਭਾਗ)।

• ਇੰਡਟੈਕ (ਸੋਧਣਾ, ਸਫਾਈ ਅਤੇ ਦੂਜੇ ਉਦਯੋਗਿਕ ਵਰਤਾਰੇ)।

• ਮੈਡੀਟੈਕ (ਅਰੋਗਤਾ ਅਤੇ ਮੈਡੀਕਲ)।

• ਮੋਬਿਲਟੈਕ (ਵਾਹਨ, ਜਹਾਜ਼ਰਾਨੀ, ਰੇਲਵੇ ਅਤੇ ਪੁਲਾੜ ਸੰਬੰਧਿਤ)।

• ਉਈਕੋਟੈਕ (ਵਾਤਾਵਰਨ ਸੁਰੱਖਿਆ)।

• ਪੈਕਟੈਕ (ਪੈਕਿੰਗ)

• ਪ੍ਰੋਟੈਕ (ਨਿੱਜੀ ਅਤੇ ਜਾਇਦਾਦ ਦੀ ਸੁਰੱਖਿਆ)।

• ਸਪੋਰਟੈਕ (ਖੇਡਾਂ ਅਤੇ ਮਨ ਪ੍ਰਚਾਵਾ)।

## ਚੁਨੌਤੀਆਂ

• ***ਵਿਸ਼ੇਸ਼ ਕੱਚੇ ਮਾਲ ਦੀ ਕਮੀ :*** ਚੰਗੀ ਤਰ੍ਹਾਂ ਸਥਾਪਿਤ ਪੂਰਤੀ ਲੜੀ ਦੇ ਚਲਦਿਆਂ

ਭਾਰਤ ਕੋਲ ਰਵਾਇਤੀ ਕੱਪੜਿਆਂ ਦੇ ਮਾਮਲੇ ਵਿੱਚ ਕੱਚੇ ਮਾਲ ਦੀ ਉਪਲਬਧਤਾ ਦਾ ਵਿਸ਼ੇਸ਼ ਲਾਭ ਹੈ। ਪਰ, ਤਕਨੀਕੀ ਕੱਪੜਿਆਂ ਲਈ, ਵਿਸ਼ੇਸ਼/ਉੱਚ ਕਾਰਗੁਜ਼ਾਰੀ ਵਾਲੇ ਕੱਚੇ ਮਾਲ, ਰੇਸ਼ੇ, ਧਾਗੇ ਅਤੇ ਕੱਪੜੇ ਦੀ ਗ਼ੈਰ ਉਪਲਬਧਤਾ ਇਸ ਲਈ ਘਾਟੇ ਵਾਲੀ ਗੱਲ ਵੀ ਹੈ। ਭਾਰਤ ਅਜਿਹਾ ਤਕਰੀਬਨ ਸਾਰਾ ਹੀ ਮਾਲ ਆਯਾਤ ਕਰ ਰਿਹਾ ਹੈ ਜਿਸ ਨਾਲ ਲਾਗਤ ਅਤੇ ਸਮੇਂ ਵਿੱਚ ਇਜ਼ਾਫਾ ਹੁੰਦਾ ਹੈ, ਸਿੱਟੇ ਵਜੋਂ ਮੁਕਾਬਲੇਬਾਜ਼ੀ ਪ੍ਰਭਾਵਿਤ ਹੁੰਦੀ ਹੈ।

- ***ਤਕਨਾਲੋਜੀ ਦੀ ਕਮੀ :*** ਭਾਰਤ ਕੋਲ ਰਵਾਇਤੀ ਕੱਪੜਿਆਂ ਦੇ ਨਿਰਮਾਣ ਲਈ ਲੋੜੀਂਦੀਆਂ ਤਕਨਾਲੋਜੀਆਂ ਦਾ ਦਬਦਬਾ ਹੈ ਪਰ ਆਧੁਨਿਕ ਤਕਨੀਕੀ ਕੱਪੜੇ ਦੇ ਨਿਰਮਾਣ ਲਈ ਜ਼ਰੂਰੀ ਆਧੁਨਿਕ ਤਕਨਾਲੋਜੀ ਦੀ ਇਸ ਕੋਲ ਕਮੀ ਹੈ। ਕੱਚੇ ਮਾਲ ਦੀ ਤਰ੍ਹਾਂ ਹੀ, ਤਕਨੀਕੀ ਕੱਪੜੇ ਦਾ ਨਿਰਮਾਣ ਕਰਨ ਵਾਲੀ ਜ਼ਿਆਦਾਤਰ ਮਸ਼ੀਨਰੀ ਬਾਹਰੋਂ ਆਯਾਤ ਕੀਤੀ ਜਾਂਦੀ ਹੈ ਜਿਸ ਨਾਲ ਪ੍ਰਾਜੈਕਟ ਲਾਗਤ ਵਿੱਚ ਕਾਫੀ ਵਾਧਾ ਹੋ ਜਾਂਦਾ ਹੈ।

- ***ਨਵੇਂ ਉਤਪਾਦਾਂ ਲਈ ਅੰਤਰ-ਅਨੁਸ਼ਾਸਨੀ ਪਹੁੰਚ ਮਿਣਤੀ ਅਤੇ ਪ੍ਰਭਾਵੀ ਬਾਜ਼ਾਰੀਕਰਨ :*** ਤਕਨੀਕੀ ਕੱਪੜਿਆਂ ਦੇ ਖੇਤਰ ਵਿੱਚ ਨਵੇਂ ਉਤਪਾਦ ਵਿਕਸਤ ਕਰਨ ਲਈ ਬਹੁ-ਅਨੁਸ਼ਾਸਨੀ ਪਹੁੰਚ ਦੀ ਜ਼ਰੂਰਤ ਹੈ। ਜਦੋਂ ਇਕ ਵਾਰੀ ਉਤਪਾਦ ਵਿਕਸਤ ਹੋ ਜਾਵੇ, ਤਾਂ ਲਾਗਤ ਪ੍ਰਭਾਵੀ ਉਦਯੋਗਿਕ ਪੱਧਰ ਦੇ ਨਿਰਮਾਣ ਲਈ ਤਕਨਾਲੋਜੀ ਅਤੇ ਬਾਜ਼ਾਰੀਕਰਨ ਦੂਸਰੀ ਚੁਣੌਤੀ ਹੋਣਗੇ।

- ***ਹੁਨਰਮੰਦ ਮਨੁੱਖੀ ਸ਼ਕਤੀ ਦੀ ਕਮੀ :*** ਕਿਉਂਕਿ ਤਕਨੀਕੀ ਕੱਪੜੇ ਜ਼ਿਆਦਾ ਸੰਚਾਲਕਤਾ ਅਧਾਰਤ ਜਟਿਲ ਢਾਂਚੇ ਹਨ ਜਿਨ੍ਹਾਂ ਲਈ ਉੱਚ ਅੰਤਰ-ਅਨੁਸ਼ਾਸਨੀ ਜਾਣਕਾਰੀ ਦੀ ਲੋੜ ਹੁੰਦੀ ਹੈ, ਇਸ ਕਰਕੇ ਕਾਮਿਆਂ ਤੋਂ ਲੈ ਕੇ ਪ੍ਰਬੰਧਕਾਂ ਤੱਕ ਹੁਨਰਮੰਦ ਮਨੁੱਖੀ ਸ਼ਕਤੀ ਵਿਕਸਤ ਕਰਨ ਦੀ ਵੀ ਲੋੜ ਹੈ। ਮਿਸਾਲ ਦੇ ਲਈ, ਮੈਡੀਕਲ ਕੱਪੜੇ ਦੇ ਲਈ ਮੈਡੀਕਲ ਵਿਗਿਆਨ ਅਤੇ ਕੱਪੜੇ ਦੇ ਗਿਆਨ ਦੀ ਲੋੜ ਹੈ, ਭੂ-ਕੱਪੜੇ ਦੇ ਨਿਰਮਾਣ ਲਈ ਸਿਵਲ ਇੰਜਨੀਅਰਿੰਗ ਅਤੇ ਕੱਪੜੇ ਆਦਿ ਦੀ ਜਾਣਕਾਰੀ ਹੋਣੀ ਲਾਜ਼ਮੀ ਹੈ।

- ***ਢੁੱਕਵੇਂ ਨਿਯਮਾਂ/ਮਿਆਰਾਂ ਦੀ ਕਮੀ :*** ਕਿਉਂਕਿ ਤਕਨੀਕੀ ਕੱਪੜਾ ਅਜੇ ਸ਼ੁਰੂਆਤੀ ਅਵਸਥਾ ਵਿੱਚ ਹੈ, ਜਿਸ ਕਾਰਨ ਬਹੁਤ ਸਾਰੇ ਤਕਨੀਕੀ ਕੱਪੜਾ ਉਤਪਾਦਾਂ ਲਈ ਨਿਯਮ/ਮਿਆਰ ਮੌਜੂਦਾ ਨਹੀਂ ਹਨ ਜਾਂ ਇਨ੍ਹਾਂ ਵਿੱਚੋਂ ਬਹੁਤ ਸਾਰੇ ਵੇਲਾ ਵਿਹਾਅ ਚੁੱਕੇ ਹਨ। ਨਵੇਂ ਨਿਯਮ/ਮਿਆਰ ਬਣਾਉਣ ਜਾਂ ਸੁਧਾਈ ਕਰਨ ਦੀ ਫੌਰੀ ਲੋੜ ਹੈ। ਇਸ ਨਾਲ ਉਦਯੋਗ ਨੂੰ ਅਜਿਹੇ ਉਤਪਾਦ ਬਣਾਉਣ ਵਿੱਚ ਮਦਦ ਮਿਲੇਗੀ ਜੋ ਖਪਤਕਾਰਾਂ ਲਈ ਢੁੱਕਵੇਂ ਹੋਣਗੇ।

- ਜਾਗਰੂਕਤਾ ਦੀ ਕਮੀ : ਭਾਵੇਂ ਕਿ ਭਾਰਤ ਵਿੱਚ ਸ਼ਹਿਰੀਕਰਨ ਅਤੇ ਸਿੱਖਿਆ ਵਧ ਰਹੀ ਹੈ, ਪਰ ਭਾਰਤ ਦੀ ਜਨਸੰਖਿਆ ਦਾ ਇਕ ਵੱਡਾ ਹਿੱਸਾ ਦਿਹਾਤੀ ਖੇਤਰਾਂ/ਮਾੜੇ ਹਾਲਾਤ ਵਿੱਚ ਰਹਿ ਰਿਹਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਜਾਂ ਤਾਂ ਜਾਗਰੂਕ ਨਹੀਂ ਹਨ ਜਾਂ ਤਕਨੀਕੀ ਕੱਪੜੇ ਦੇ ਉਤਪਾਦ ਖਰੀਦਣ ਜੋਗੇ ਹੀ ਨਹੀਂ ਹਨ।

- ***ਵਿਸ਼ਵ ਪੱਧਰੀ ਖੋਜ ਸਹੂਲਤਾਂ ਦੀ ਕਮੀ :*** ਭਾਰਤ ਦੇ ਵਿਸ਼ਵ ਵਿਦਿਆਲਿਆਂ/ਕਾਲਜਾਂ/ਖੋਜ ਤੇ ਵਿਕਾਸ ਕੇਂਦਰਾਂ ਨੂੰ ਵਿਸ਼ਵ ਪੱਧਰੀ ਖੋਜ ਤੇ ਵਿਕਾਸ ਕੇਂਦਰ ਸਥਾਪਤ ਕਰਨ ਲਈ ਹੋਰ ਜ਼ਿਆਦਾ ਨਿਵੇਸ਼ ਕਰਨ ਦੀ ਲੋੜ ਹੈ ਜਿਸ ਦਾ ਸਪੱਸ਼ਟ ਕੇਂਦਰ ਬਿੰਦੂ ਉਤਪਾਦ ਮੁਖੀ ਖੋਜ ਤੇ ਵਿਕਾਸ ਹੋਣਾ ਚਾਹੀਦਾ ਹੈ।

- ***ਇਕਸਾਰ ਸੰਕੇਤੀਕਰਨ ਪ੍ਰਣਾਲੀ ਦੀ ਕਮੀ :*** ਨਿਰਯਾਤ ਵਾਸਤੇ ਤਕਨੀਕੀ ਕੱਪੜੇ ਦੀ ਪਛਾਣ ਤੇ ਅੰਤਰ ਕਰਨ ਲਈ ਤਕਨੀਕੀ ਕੱਪੜਿਆਂ ਵਾਸਤੇ ਇਕ ਸਮਾਨ ਸੰਕੇਤੀਕਰਨ ਪ੍ਰਣਾਲੀ ਦੀ ਜ਼ਰੂਰਤ ਹੈ।

- ***ਚੰਗੀ ਤਰ੍ਹਾਂ ਸੰਗਠਿਤ ਤਕਨੀਕੀ ਕੱਪੜਾ ਖੇਤਰ ਦੀ ਕਮੀ :*** ਭਾਰਤ ਵਿੱਚ ਤਕਨੀਕੀ ਕੱਪੜਾ ਖੇਤਰ ਮੁੱਖ ਤੌਰ ਤੇ ਛੋਟੇ ਤੇ ਦਰਮਿਆਨੇ ਦਰਜੇ ਦੇ ਉੱਦਮਾਂ ਦੇ ਖੇਤਰ ਵਿੱਚ ਕੇਂਦਰਿਤ ਹੈ ਜੋ ਰਵਾਇਤੀ ਕੱਪੜਾ ਨਿਰਮਾਣ ਦੇ ਮੁਕਾਬਲੇ ਜ਼ਿਆਦਾ ਵਿਕੇਂਦਰੀਕ੍ਰਿਤ ਹੈ।

- ***ਵਪਾਰ ਮੁਖੀ ਬੁਨਿਆਦੀ ਢਾਂਚੇ ਦੀ ਕਮੀ :*** ਸਾਜ਼-ਸਮਾਨ, ਪਾਣੀ, ਕਚਰਾ ਪ੍ਰਬੰਧਨ, ਜਾਂਚ ਪ੍ਰਯੋਗਸ਼ਾਲਾਵਾਂ, ਦੂਰ-ਸੰਚਾਰ, ਤੇਜ਼ ਗਤੀ ਵਾਲੇ ਇੰਟਰਨੈੱਟ ਦੇ ਮਾਮਲੇ ਵਿੱਚ ਤਕਨੀਕੀ ਕੱਪੜੇ ਨੂੰ ਉਤਸ਼ਾਹਿਤ ਕਰਨ ਲਈ ਨਵੇਂ ਬੁਨਿਆਦੀ ਢਾਂਚੇ ਵਿਕਸਤ ਕਰਨ ਦੀ ਜ਼ਰੂਰਤ ਹੈ।

## ਚੀਨ ਵਰਗੇ ਵਿਸ਼ਵ ਦੇ ਦੇਸ਼ਾਂ ਤੋਂ ਮਿਲਣ ਵਾਲੀ ਮੁਕਾਬਲੇਬਾਜ਼ੀ

- ***ਕਚਰਾ ਪ੍ਰਬੰਧਨ ਪ੍ਰਣਾਲੀਆਂ ਅਤੇ ਨਿਯਮਾਂ ਦੀ ਕਮੀ :*** ਕੁੱਝ ਖ਼ਾਸ ਤਕਨੀਕੀ ਕੱਪੜੇ ਦੇ ਉਤਪਾਦਾਂ ਲਈ ਢੁਕਵੇਂ ਕਚਰਾ ਪ੍ਰਬੰਧਨ

| ਤਾਲਿਕਾ-1 : ਭਾਰਤ ਵਿੱਚ ਤਕਨੀਕੀ ਕੱਪੜਿਆਂ ਲਈ ਉੱਤਮਤਾ ਦੇ ਕੇਂਦਰਾਂ ਦੀ ਸੂਚੀ | | |
|---|---|---|
| ਸੰ.ਨੰ. | ਸੰਸਥਾਨ ਦਾ ਨਾਮ | ਤਕਨੀਕੀ ਕੱਪੜਾ ਵਰਗ |
| 1. | ਦਿ ਸਿੰਥੈਟਿਕ ਐਂਡ ਆਰਟ ਸਿਲਕ ਮਿੱਲਜ਼ ਰਿਸਰਚ ਐਸੋਸੀਏਸ਼ਨ (ਐੱਸ ਏ ਐੱਸ ਐੱਮ ਆਈ ਆਰ ਏ), ਮੁੰਬਈ | ਐਗਰੋਟੈਕ |
| 2. | ਅਹਿਮਦਾਬਾਦ ਟੈਕਸਟਾਈਲ ਇੰਡਸਟਰੀਜ਼ ਰਿਸਰਚ ਐਸੋਸੀਏਸ਼ਨ (ਏ ਟੀ ਆਈ ਆਰ ਏ), ਅਹਿਮਦਾਬਾਦ | ਕੰਪੋਜ਼ਿਟ/ਮਿਸ਼ਰਤ |
| 3. | ਬਾਂਬੇ ਟੈਕਸਟਾਈਲ ਰਿਸਰਚ ਐਸੋਸੀਏਸ਼ਨ (ਬੀ ਟੀ ਆਰ ਏ) ਮੁੰਬਈ। | ਭੂ-ਤਕਨੀਕੀ |
| 4. | ਪੀ ਐੱਸ ਜੀ ਕਾਲਜ ਆਫ ਤਕਨਾਲੋਜੀ, ਕੋਇੰਬਟੋਰ | ਇੰਡੂਟੈਕ |
| 5. | ਦਿ ਸਾਊਥ ਇੰਡੀਆ ਟੈਕਸਟਾਈਲ ਰਿਸਰਚ ਐਸੋਸੀਏਸ਼ਨ (ਐੱਸ ਆਈ ਟੀ ਆਰ ਏ) ਕੋਇੰਬਟੋਰ | ਮੈਡੀਟੈਕ |
| 6. | ਡੀ ਕੇ ਟੀ ਈ ਸੋਸਾਇਟੀਜ਼ ਟੈਕਸਟਾਈਲ ਐਂਡ ਇੰਜਨੀਅਰਿੰਗ ਇੰਸਟੀਚਿਊਟ, ਇੱਛਾਲਕਰਾਂਜੀ | ਗ਼ੈਰ-ਬੁਣਤੀ ਵਾਲੇ |
| 7. | ਨਾਰਦਰਨ ਇੰਡੀਆ ਟੈਕਸਟਾਈਲ ਰਿਸਰਚ ਐਸੋਸੀਏਸ਼ਨ (ਐੱਨ ਆਈ ਟੀ ਆਰ ਏ) ਗਾਜ਼ੀਆਬਾਦ | ਪ੍ਰੋਟੈਕ |
| 8. | ਵੂਲ ਰਿਸਰਚ ਐਸੋਸੀਏਸ਼ਨ, ਮੁੰਬਈ | ਸਪੋਰਟੈਕ |

ਹੱਲ ਅਮਲ ਵਿੱਚ ਲਿਆਉਣ ਦੀ ਫੌਰੀ ਜ਼ਰੂਰਤ ਹੈ, ਖ਼ਾਸ ਕਰਕੇ ਜ਼ਿਆਦਾ ਮਾਤਰਾ ਵਿੱਚ ਬਣਨ ਵਾਲੇ ਉਤਪਾਦਾਂ ਲਈ ਜਿਵੇਂ ਸੈਨਿਟਰੀ ਨੈਪਕਿਨ, ਬੱਚਿਆਂ ਦੇ ਡਾਇਪਰ, ਜ਼ਹਿਰੀਲਾ ਹਸਪਤਾਲ ਦਾ ਕਚਰਾ ਆਦਿ, ਜਿਸ ਨੂੰ ਵਾਤਾਵਰਨ ਪੱਖੀ ਤਰੀਕੇ ਨਾਲ ਸੁਰੱਖਿਅਤ ਤੌਰ ਤੇ ਲਾਂਭੇ ਕੀਤੇ ਜਾਣ ਦੀ ਲੋੜ ਹੈ।

• ***ਮੈਡੀਕਲ ਕੱਪੜਿਆਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਪਹਿਲਕਦਮੀਆਂ :*** ਹੇਠਾਂ ਕੁੱਝ ਸਕੀਮਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਜੋ ਸਰਕਾਰ ਵਲੋਂ ਤਕਨੀਕੀ ਕੱਪੜਾ ਖੇਤਰ ਨੂੰ ਹੁਲਾਰਾ ਦੇਣ ਲਈ ਐਲਾਨੀਆਂ ਗਈਆਂ ਹਨ :


• ਤਕਨਕੀ ਕੱਪੜਿਆਂ ਦੇ ਵਾਧੇ ਅਤੇ ਵਿਕਾਸ ਲਈ ਸਕੀਮ (ਐੱਸ ਜੀ ਡੀ ਟੀ ਟੀ) ਦਾ ਮੰਤਵ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਕੇਂਦਰ ਵਿਕਸਤ ਕਰਨਾ ਸੀ ਤਾਂ ਕਿ ਤਕਨੀਕੀ ਕੱਪੜਿਆਂ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ ਅਤੇ ਤਕਨੀਕੀ ਕੱਪੜਿਆਂ ਨਾਲ ਸੰਬੰਧਿਤ ਸਟੀਕ ਅੰਕੜੇ ਇਕੱਠੇ ਕਰਨ ਲਈ ਜ਼ਮੀਨੀ ਪੱਧਰ ਉਤੇ ਸਰਵੇਖਣ ਕਰਵਾਏ ਜਾ ਸਕਣ।

• ਤਕਨੀਕੀ ਕੱਪੜਿਆਂ ਬਾਰੇ ਤਕਨਾਲੋਜੀ ਮਿਸ਼ਨ (ਟੀ ਐੱਮ ਟੀ ਟੀ) : ਕੱਪੜਾ ਮੰਤਰਾਲਾ ਵਲੋਂ ਦੋ ਲਘੂ ਮਿਸ਼ਨਾਂ ਨਾਲ ਤਕਨੀਕੀ ਕੱਪੜਿਆਂ ਬਾਰੇ ਤਕਨਾਲੋਜੀ ਮਿਸ਼ਨ (ਟੀ ਐੱਮ ਟੀ ਟੀ) ਦੀ ਸ਼ੁਰੂਆਤ ਕੀਤੀ ਗਈ। ਲਘੂ ਮਿਸ਼ਨ-1 ਅਤੇ ਲਘੂ ਮਿਸ਼ਨ-2 ਸਕੀਮਾਂ ਦਾ ਟੀਚਾ ਜਾਂਚ ਸਹੂਲਤਾਂ, ਹੁਨਰਮੰਦ ਮਨੁੱਖੀ ਸ਼ਕਤੀ, ਖੋਜ ਤੇ ਵਿਕਾਸ, ਸੁਧਰੇ ਹੋਏ ਨਿਯਮ, ਮਾਪਦੰਡਾਂ ਅਤੇ ਮਿਆਰਾਂ ਦੀ ਤਿਆਰੀ, ਉੱਦਮਤਾ ਲਈ ਹੱਲਾਸ਼ੇਰੀ, ਬਾਜ਼ਾਰੀਕਰਨ ਵਿਕਾਸ ਸਹਾਇਤਾ, ਐੱਚ ਐੱਸ ਸੰਕੇਤਾਂ ਦੀ ਪਛਾਣ, ਫੋਕਸ ਇਨਕਿਊਬੇਸ਼ਨ ਕੇਂਦਰਾਂ (ਐੱਫ ਆਈ ਸੀ) ਦੇ ਮਾਮਲੇ ਵਿੱਚ ਬੁਨਿਆਦੀ ਢਾਂਚੇ ਅੰਦਰ ਸੁਧਾਰ ਲਿਆਉਣਾ ਹੈ।

(ੳ) ਐੱਫ ਆਈ ਸੀਜ਼ 'ਲਗਾਉ ਅਤੇ ਚਲਾਉ' ਦੇ ਮਾਡਲ ਤਹਿਤ, ਸਲਾਹ ਨਾਲ ਵਿਕਸਤ ਕੀਤੇ ਜਾਣੇ ਹਨ। ਸੰਬੰਧਤ ਸੀ ਓ ਈ ਵਲੋਂ ਵਪਾਰਕ ਪੱਧਰ ਦੇ ਉਤਪਾਦਨ ਵਾਸਤੇ ਪੂਰੇ ਪੈਮਾਨੇ ਦੀਆਂ ਉਤਪਾਦਨ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

(ਅ) ਨਵੇਂ ਉੱਦਮੀਆਂ ਨੂੰ ਉਦੋਂ ਤੱਕ ਐੱਫ

ਚਿੱਤਰ-1 : ਤਕਨੀਕੀ ਕੱਪੜਾ ਉੱਤਮਤਾ ਕੇਂਦਰਾਂ ਵਿੱਚ ਮਿਲਣ ਵਾਲੀਆਂ ਸੇਵਾਵਾਂ




ਆਈ ਸੀਜ਼ ਪ੍ਰਦਾਨ ਕੀਤੀਆਂ ਜਾਣਗੀਆਂ ਜਦੋਂ ਤੱਕ ਉਹ ਵਪਾਰ ਵਿੱਚ ਆਪਣੇ ਆਪ ਨੂੰ ਸਥਾਪਤ ਨਹੀਂ ਕਰ ਲੈਂਦੇ ਅਤੇ ਆਪਣੀਆਂ ਸਹੂਲਤਾਂ ਦਾ ਇਸਤੇਮਾਲ ਸ਼ੁਰੂ ਨਹੀਂ ਕਰ ਲੈਂਦੇ।

• ਭਾਰਤ ਅੰਦਰ ਐਗਰੋ-ਟੈਕਸਟਾਈਲ ਦੀ ਵਰਤੋਂ ਲਈ ਉਤਸ਼ਾਹਿਤ ਕਰਨ ਵਾਸਤੇ ਸਕੀਮ (ਉੱਤਰ ਪੂਰਬੀ ਖੇਤਰ ਨੂੰ ਛੱਡ ਕੇ)।

• ਉੱਤਰ ਪੂਰਬੀ ਖੇਤਰ ਵਿੱਚ ਐਗਰੋ-ਟੈਕਸਟਾਈਲ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਸਕੀਮ।

• ਨਾਲ ਦੀ ਨਾਲ, ਭਾਰਤ ਵਿੱਚ ਬਹੁਤ ਸਾਰੀਆਂ ਰਾਜ ਸਰਕਾਰਾਂ ਨਿਵੇਸ਼ਕਾਂ ਨੂੰ ਨਵੀਂ ਮਸ਼ੀਨਰੀ ਖਰੀਦਣ ਅਤੇ ਪੁਰਾਣੀ ਵਿੱਚ ਸੁਧਾਰ ਕਰਨ ਲਈ ਉਤਸ਼ਾਹ ਅਤੇ ਸਹਾਇਤਾ ਵੀ ਪ੍ਰਦਾਨ ਕਰਦੀਆਂ ਹਨ, ਜਿਵੇਂ ਕਿ ਟੀ ਯੂ ਐੱਫ ਐੱਸ (ਤਕਨਾਲੋਜੀ ਅਪਗ੍ਰੇਡੇਸ਼ਨ ਫੰਡ ਸਕੀਮ) ਅਤੇ ਏ ਟੀ ਯੂ ਐੱਫ (ਅਮੈਂਡਿਡ ਤਕਨਾਲੋਜੀ ਅਪਗ੍ਰੇਡੇਸ਼ਨ ਫੰਡ ਸਕੀਮਜ਼)।

• ਐੱਸ ਆਈ ਟੀ ਪੀ (ਏਕੀਕ੍ਰਿਤ ਕੱਪੜਾ ਪਾਰਕਾਂ ਲਈ ਸਕੀਮ)।

• ਭਾਰੀ ਤਕਨੀਕੀ ਕੱਪੜਾ ਨਿਰਮਾਣ ਮਸ਼ੀਨਰੀ ਲਈ ਰਿਆਇਤੀ ਸੀਮਾ ਸ਼ੁਲਕ।

• ਤਕਨੀਕੀ ਕੱਪੜੇ ਲਈ ਫੋਕਸ ਪ੍ਰਾਡਕਟ ਸਕੀਮ :- ਐੱਮ ਈ ਆਈ ਐੱਸ- ਸ਼ੁਲਕ ਵਾਲੇ ਸ਼ੇਅਰ ਪ੍ਰਦਾਨ ਕਰਕੇ ਤਕਨੀਕੀ ਕੱਪੜੇ ਦੇ ਨਿਰਯਾਤ ਨੂੰ ਹੁਲਾਰਾ ਦੇਣਾ।

• ਕੱਪੜਾ ਮੰਤਰਾਲਾ ਤਕਨੀਕੀ ਕੱਪੜਾ ਉਤਪਾਦਾਂ ਲਈ ਨਿਯਮਕ ਕਾਨੂੰਨ ਬਣਾਉਣ ਲਈ ਕੰਮ ਕਰ ਰਿਹਾ ਹੈ ਜੋ ਭਾਰਤ ਅੰਦਰ ਤਕਨੀਕੀ ਕੱਪੜਾ ਉਤਪਾਦਾਂ ਦੀ ਮੰਗ ਅਤੇ ਖਪਤ ਵਧਾਉਣ ਵਿੱਚ ਸਹਾਈ ਹੋਣਗੇ।

• ਤਕਨੀਕੀ ਕੱਪੜਿਆਂ ਲਈ ਉੱਤਮਤਾ ਕੇਂਦਰ (ਸੀ ਓ ਈ) : ਤਕਨੀਕੀ ਕੱਪੜਿਆਂ ਲਈ ਉੱਤਮਤਾ ਦੇ ਕੇਂਦਰ ਉਦਯੋਗ ਦੀ ਜਾਂਚ, ਸਿਖਲਾਈ, ਉਤਪਾਦ ਵਿਕਾਸ, ਜਾਣਕਾਰੀ ਸਰੋਤ ਆਦਿ ਵਿੱਚ ਸਹਾਇਤਾ ਕਰਨ ਲਈ ਸਥਾਪਤ ਕੀਤੇ ਗਏ ਹਨ।

ਉੱਤਮਤਾ ਕੇਂਦਰ ਵਿੱਚ ਬਣਾਈਆਂ ਗਈਆਂ ਲਾਜ਼ਮੀ ਸਹੂਲਤਾਂ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ :

• ਰਾਸ਼ਟਰੀ/ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਉਤਪਾਦਾਂ ਦੀ ਜਾਂਚ ਅਤੇ ਮੁਲਾਂਕਣ ਲਈ ਮਾਨਤਾ ਪ੍ਰਾਪਤ ਸਹੂਲਤਾਂ।

• ਕਿਤਾਬਾਂ, ਮਿਆਰਾਂ, ਨਮੂਨਿਆਂ ਆਦਿ ਵਾਲਾ ਸਰੋਤ ਕੇਂਦਰ।

• ਵਿਸ਼ਵ ਪੱਧਰੀ ਖੋਜ ਤੇ ਵਿਕਾਸ ਅਤੇ ਵਿਦੇਸ਼ੀ ਸੰਸਥਾਨਾਂ/ਪ੍ਰਯੋਗਸ਼ਾਲਾਵਾਂ ਦੀ ਭਾਈਵਾਲੀ

***ਬਾਕੀ ਸਫ਼ਾ 32 ਉੱਤੇ***

# ਭਾਰਤੀ ਕੱਪੜਾ ਵਿਕਾਸ ਨੂੰ ਗਤੀ

ਕਵਿਤਾ ਗੁਪਤਾ

ਭਾਰਤੀ ਕੱਪੜਾ ਉਦਯੋਗ, ਦੁਨੀਆਂ ਦੇ ਉਨ੍ਹਾਂ ਬਹੁਤ ਥੋੜ੍ਹੇ ਜਿਹੇ ਉਦਯੋਗਾਂ ਵਿੱਚ ਸ਼ਾਮਲ ਹੈ ਜੋ ਸਹੀ ਅਰਥਾਂ ਵਿੱਚ ਕੱਚੇ ਮਾਲ ਤੋਂ ਲੈ ਕੇ ਤਿਆਰ ਮਾਲ ਤੱਕ, ਧਾਗੇ ਤੋਂ ਖੁਦਰਾ ਵਪਾਰ ਤੱਕ ਜੁੜਿਆ ਹੋਇਆ ਹੈ ਜਾਂ ਦੂਸਰੇ ਸ਼ਬਦਾਂ ਵਿੱਚ 'ਖੇਤ ਤੋਂ ਫੈਸ਼ਨ ਤੱਕ' ਜੁੜਿਆ ਹੋਇਆ ਹੈ। ਭਾਰਤੀ ਕੱਪੜਾ ਉਦਯੋਗ ਨੇ ਆਪਣੀ ਮਜਬੂਤ ਉਤਪਾਦਨ ਸਥਿਤੀ ਨੂੰ ਨਿਰਯਾਤ ਵਿੱਚ ਸੁਧਾਰ ਲਿਆਉਣ ਲਈ ਵਰਤਿਆ ਹੈ। ਭਾਰਤੀ ਕੱਪੜਾ ਖੇਤਰ, ਖੇਤੀਬਾੜੀ ਤੋਂ ਬਾਅਦ ਦੂਸਰਾ ਸਭ ਤੋਂ ਵੱਡਾ ਰੋਜ਼ਗਾਰ ਪੈਦਾ ਕਰਨ ਵਾਲਾ ਖੇਤਰ ਹੈ ਜੋ 45 ਮਿਲੀਅਨ ਲੋਕਾਂ ਨੂੰ ਸਿੱਧਿਆਂ ਅਤੇ 60 ਮਿਲੀਅਨ ਲੋਕਾਂ ਨੂੰ ਅਸਿੱਧਿਆਂ ਰੋਜ਼ਗਾਰ ਦਿੰਦਾ ਹੈ। ਇਹ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਦਾ ਲਗਭਗ 4 ਪ੍ਰਤਿਸ਼ਤ ਹਿੱਸਾ ਦਿੰਦਾ ਹੈ ਅਤੇ ਭਾਰਤੀ ਵਿਕਾਸ ਦੇ ਪਰਿਪੇਖ ਉਪਰ ਮਹੱਤਵਪੂਰਨ ਅਸਰ ਪਾਉਂਦਾ ਹੈ। ਭਾਰਤੀ ਕੱਪੜਾ ਉਦਯੋਗ ਉਤਪਾਦਾਂ ਦੀ ਅਮੀਰ ਵਿਰਾਸਤ ਦੇ ਸੰਦਰਭ ਵਿੱਚ ਇਸਦੀਆਂ ਕੁੱਝ ਮੁੱਢ ਤੋਂ ਹੀ ਮਜ਼ਬੂਤੀਆਂ ਹਨ, ਇਸ ਦਾ ਬਹੁਤ ਭਾਂਤ ਦੇ ਧਾਗਿਆਂ ਦਾ ਮਜਬੂਤ ਕੱਚੇ ਮਾਲ ਦਾ ਅਧਾਰ ਹੈ। ਭਾਰੀ ਅਤੇ ਵਧ ਰਹੀ ਉਤਪਾਦਨ ਸਮਰੱਥਾ, ਬਹੁਤ ਘੱਟ ਆਯਾਤ ਗਤੀਵਿਧੀ, ਮੁਹਾਰਤ ਪ੍ਰਾਪਤ ਕਿਰਤੀਆਂ ਅਤੇ ਤਕਨੀਕੀ ਅਤੇ ਪ੍ਰਬੰਧਕੀ ਅਮਲੇ ਦੀ ਵੱਡੀ ਜਮਾਤ, ਉਤਪਾਦਨ ਪ੍ਰਣਾਲੀਆਂ, ਵਧ ਰਹੀ ਘਰੇਲੂ ਮਾਰਕੀਟ ਅਤੇ ਗਤੀਸ਼ੀਲ ਅਤੇ ਸੰਵੇਦਨਸ਼ੀਲ ਉੱਦਮੀ ਆਦਿ ਹਨ। ਪਰ ਇਸ ਉਦਯੋਗ ਦੀਆਂ ਇਨ੍ਹਾਂ ਮਜ਼ਬੂਤੀਆਂ ਨੂੰ ਕੁੱਝ ਹੋਰ ਖੇਤਰਾਂ ਵਿੱਚ ਧੱਕਾ ਲੱਗਾ ਹੈ ਜਿਸ ਨਾਲ ਇਸ ਦੀ ਉਪਜਾਇਕਤਾ, ਉੱਤਮਤਾ ਅਤੇ ਮੁਕਾਬਲਾ ਕਰਨ ਦੀ ਤਾਕਤ ਉਪਰ ਅਸਰ ਪਿਆ ਹੈ। ਇਹ ਖੇਤਰ ਹਨ - ਪੁਰਾਣੀ ਤਕਨਾਲੋਜੀ, ਢਾਂਚਾਗਤ ਵਿਸੰਗਤੀਆਂ, ਕਿਰਤੀ ਜਮਾਤ ਦੀ ਬਹੁਤ ਘੱਟ ਉਪਜਾਇਕਤਾ, ਵਿੱਤੀ ਨੀਤੀਆਂ ਵਿੱਚ ਤੁਲਨਾਤਮਕ ਗ਼ੈਰ ਨਿਰੰਤਰਤਾ, ਟੈਕਸਾਂ ਅਤੇ ਹੋਰ ਕਰਾਂ ਦੀ ਬਹੁਤਾਤ, ਪੂੰਜੀ ਦੀ ਉੱਚ ਕੀਮਤ, ਤੁਲਨਾਤਮਕ ਤੌਰ ਤੇ ਬੰਦਸ਼ੀ ਅਤੇ ਕਿਰਤੀ ਅਤੇ ਉਦਯੋਗਿਕ ਕਾਨੂੰਨ, ਪੁਰਜ਼ੋਰ ਮੰਡੀਕਰਨ ਦੀਆਂ ਕੋਸ਼ਿਸ਼ਾਂ ਦੀ ਕਮੀ, ਢੋਆ-ਢੁਆਈ ਦਾ ਮੁਕਾਬਲਤਨ ਘੱਟ ਬੁਨਿਆਦੀ ਢਾਂਚਾ, ਉੱਚ ਬਿਜਲੀ ਦਰਾਂ ਆਦਿ।

ਭਾਰਤੀ ਕੱਪੜਾ ਉਦਯੋਗ ਵਿੱਚ ਤਕਨਾਲੋਜੀ ਦੇ ਪੁਰਾਣੇ ਹੋਣ ਨੂੰ ਉਸ ਦੇ ਆਧੁਨਿਕੀਕਰਨ ਜੋ ਇਕ ਨਿਰੰਤਰ ਪ੍ਰਕਿਰਿਆ ਹੈ, ਨਾਲ ਪੂਰਾ ਕੀਤਾ ਜਾ ਸਕਦਾ ਹੈ। ਆਧੁਨਿਕੀਕਰਨ ਨਾਲ ਉਤਪਾਦਨ ਅਤੇ ਉੱਤਮਤਾ ਵਧਦੀ ਹੈ, ਉਤਪਾਦਨ ਲਾਗਤ ਵਿੱਚ ਕਮੀ ਆਉਂਦੀ ਹੈ, ਇਹ ਕਿਰਤੀ ਜਮਾਤ ਨੂੰ ਯੁਕਤ ਸੰਗਤ ਬਣਾਉਂਦਾ ਹੈ ਅਤੇ ਰਖ-ਰਖਾਅ ਦੀ ਲਾਗਤ ਅਤੇ ਪ੍ਰਤਿ ਯੂਨਿਟ ਉਤਪਾਦਨ ਲਈ ਬਿਜਲੀ ਖਪਤ ਵਿੱਚ ਕਮੀ ਕਰਦਾ ਹੈ, ਆਦਿ। ਇਹ ਆਮ ਤਜਰਬਾ ਹੈ ਕਿ ਜੋ ਇਕਾਈਆਂ ਨਵੀਨੀਕਰਨ ਦੀ ਪ੍ਰਕਿਰਿਆ ਨੂੰ ਸਿਲਸਿਲੇਵਾਰ ਅਤੇ ਲਗਾਤਾਰ ਜਾਰੀ ਰਖਦੀਆਂ ਹਨ, ਲੰਬੀ ਮਿਆਦ ਤੱਕ ਆਪਣਾ ਵਿਕਾਸ ਬਣਾ ਕੇ ਰੱਖ ਸਕਦੀਆਂ ਹਨ ਕਿਉਂਕਿ ਨਵੀਨੀਕਰਨ ਦੀਆਂ ਟਾਂਵੀਆਂ-ਟਾਂਵੀਆਂ ਕੋਸ਼ਿਸ਼ਾਂ ਸਥਾਈ ਨਤੀਜੇ ਨਹੀਂ ਦੇ ਸਕਦੀਆਂ। ਇਸ ਲਈ, ਲੰਬੀ ਮਿਆਦ ਦੀ ਨੀਤੀ ਦੇ ਤੌਰ ਤੇ ਇਸ ਉਦਯੋਗ ਨੂੰ ਤਕਨਾਲੋਜੀ ਸੁਧਾਰ ਲਈ ਲਗਾਤਾਰ ਕਾਫੀ ਸਰੋਤ ਬਣਾ ਕੇ ਰੱਖਣੇ ਪੈਣਗੇ।


ਇਸ ਮੁੱਦੇ ਨੂੰ ਧਿਆਨ ਵਿੱਚ ਰਖਦੇ ਹੋਏ, ਭਾਰਤ ਸਰਕਾਰ ਨੇ 1999 ਵਿੱਚ ਤਕਨਾਲੋਜੀ ਸੁਧਾਰ ਫੰਡ ਸਕੀਮ ਸ਼ੁਰੂ ਕੀਤੀ। ਵੱਖ-ਵੱਖ ਅਧਿਐਨਾਂ ਨੇ ਹੁਣ ਸਪੱਸ਼ਟ ਕੀਤਾ ਹੈ ਕਿ ਤਕਨਾਲੋਜੀ ਸੁਧਾਰ ਫੰਡ ਨੇ ਖੇਤਰ ਨੂੰ ਉਤਸ਼ਾਹ ਦੇਣ ਅਤੇ ਉਸ ਦੇ ਆਧੁਨਿਕੀਕਰਨ ਵਿੱਚ ਮਹੱਤਵਪੂਰਨ ਹਿੱਸਾ ਪਾਇਆ ਹੈ। ਇਸ ਦਾ ਲਾਭ ਮੁੱਖ ਤੌਰ ਤੇ ਕਤਾਈ ਖੇਤਰ ਨੇ ਉਠਾਇਆ ਹੈ ਅਤੇ ਉਸ ਤੋਂ ਬਾਅਦ ਸੰਯੁਕਤ ਖੇਤਰ ਨੂੰ ਲਾਭ ਮਿਲਿਆ ਹੈ। ਬਾਕੀ ਖੰਡ ਜਿਵੇਂ ਕਿ ਬੁਣਾਈ, ਪ੍ਰੋਸੈਸਿੰਗ ਅਤੇ ਪੁਸ਼ਾਕਾਂ ਬਣਾਉਣ ਦਾ ਕੱਪੜਾ ਤਕਨਾਲੋਜੀ ਸੁਧਾਰ ਫੰਡ ਸਕੀਮ ਦਾ ਲਾਭ ਉਠਾਉਣ ਤੋਂ ਕੁੱਝ ਪਛੜ ਗਏ ਹਨ ਜਿਸ ਦੇ ਸਿੱਟੇ ਵਜੋਂ ਇਹ ਖੇਤਰ, ਕੱਪੜਾ ਮੁੱਲ ਵਰਧਕ ਕੜੀ ਵਿੱਚ ਕਮਜ਼ੋਰ ਰਹੇ ਹਨ। ਇਸ ਦੇ ਨਾਲ-ਨਾਲ, ਇਸ ਦੇ ਸਿੱਟੇ ਵਜੋਂ ਕੱਪੜਾ ਮੁੱਲ ਵਰਧਕ ਕੜੀ ਦਾ ਅਸੰਤੁਲਿਤ ਵਿਕਾਸ ਹੋਇਆ ਹੈ।

ਜਿਵੇਂ ਕਿ ਚਿੱਤਰ-1 ਤੋਂ ਸਪੱਸ਼ਟ ਹੈ, ਪਿਛਲੇ 16 ਸਾਲਾਂ ਵਿੱਚ ਤਕਨਾਲੋਜੀ ਸੁਧਾਰ ਫੰਡ ਸਕੀਮ ਨੇ 2715 ਬਿਲੀਅਨ ਰੁਪਏ ਦੇ ਨਿਵੇਸ਼ ਨੂੰ ਉਤਪ੍ਰੇਰਿਤ ਕੀਤਾ ਹੈ।

ਵਿਕਾਸ ਦੇ ਇਕ ਪਰਿਪੇਖ ਪਥ ਤੋਂ ਦੂਸਰੇ ਪਰਿਪੇਖ ਪਥ ਵੱਲ ਵੱਡੀ ਪੁਲਾਂਘ ਨੂੰ ਹੁਣ ਸੋਧੀ ਹੋਈ ਤਕਨਾਲੋਜੀ ਸੁਧਾਰ ਫੰਡ ਸਕੀਮ ਜੋ 13 ਜਨਵਰੀ 2016 ਤੋਂ ਲਾਗੂ ਹੋਈ ਸੀ ਅਤੇ ਸਰਕਾਰ ਦੀ ਖੋਜ ਤੇ ਵਿਕਾਸ ਸਕੀਮ, ਜਿਸ ਲਈ ਸਰਕਾਰ ਬੁਨਿਆਦੀ ਖੋਜ ਲਈ ਪੂਰੀ ਮਦਦ, ਅਪਲਾਈਡ ਖੋਜ ਲਈ 70 ਪ੍ਰਤਿਸ਼ਤ ਮਦਦ ਅਤੇ ਉਦਯੋਗ ਵਲੋਂ ਠੇਕੇ ਉਤੇ ਕਰਾਈ ਖੋਜ ਲਈ 60 ਪ੍ਰਤਿਸ਼ਤ ਮਦਦ ਦਿੰਦੀ ਹੈ। ਦੋਹਾਂ ਵਲੋਂ ਨਵੀਨੀਕਰਨ ਦੀ ਪ੍ਰਕਿਰਿਆ ਰਾਹੀਂ ਹੋਰ ਹੁੰਗਾਰਾ ਮਿਲ ਰਿਹਾ ਹੈ। ਇਹ ਮਦਦ ਯੂਨੀਵਰਸਿਟੀਆਂ ਅਤੇ ਕੱਪੜਾ ਖੋਜ ਸੰਘਾਂ ਸਮੇਤ ਖੋਜ ਸੰਸਥਾਨਾਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਅਪਲਾਈਡ ਅਤੇ ਠੇਕੇ ਉਤੇ ਕਰਾਈ ਜਾਣ ਵਾਲੀ ਖੋਜ ਲਈ ਉਦਯੋਗਾਂ ਨਾਲ ਸਾਂਝ ਹੁੰਦੀ ਹੈ।

ਹਾਲ ਦੇ ਇਕ ਅਧਿਐਨ ਤੋਂ ਪਤਾ ਲੱਗਾ


**ਚਿੱਤਰ-1 : ਤਕਨਾਲੋਜੀ ਸੁਧਾਰ ਫੰਡ ਸਕੀਮ ਅਧੀਨ ਸਾਲ ਦਰ ਸਾਲ ਨਿਵੇਸ਼**




ਟੀ ਐੱਸ ਸੀ ਆਫਿਸ ਰਸਤੇ ਰਾਹੀਂ 2013-14 ਤੋਂ ਪਹਿਲਾਂ ਦਿੱਤੀਆਂ ਮਨਜ਼ੂਰੀਆਂ 20918.04 ਕਰੋੜ ਰੁਪਏ ਵਿੱਚ ਸ਼ਾਮਲ ਨਹੀਂ ਹਨ

*ਸਰੋਤ : ਟੈਕਸਟਾਈਲ ਕਮਿਸ਼ਨਰ ਦਾ ਦਫਤਰ*

**ਚਿੱਤਰ-2 : ਵੱਖ-ਵੱਖ ਸਮੇਂ, ਕੱਪੜਾ ਉਦਯੋਗ ਵਿੱਚ ਨਿਵੇਸ਼ ਅਤੇ ਤਕਨਾਲੋਜੀ ਸੁਧਾਰ ਫੰਡ ਸਕੀਮ ਰਾਹੀਂ ਨਿਵੇਸ਼**




ਨੋਟ : ਤਕਨਾਲੋਜੀ ਸੁਧਾਰ ਫੰਡ ਸਕੀਮ ਦੇ ਬਿਲਕੁਲ ਬੰਦ ਸਮੇਂ (28.6.10 ਤੋਂ 28.4.11 ਵਿਚਕਾਰ) ਆਰ ਟੀ ਯੂ ਐੱਫ ਐੱਸ ਅਤੇ ਆਰ ਆਰ ਟੀ ਯੂ ਐੱਫ ਐੱਸ ਦਾ ਘੱਟ ਹਿੱਸਾ ਹੋਣ ਉਪਰ ਅਸਰ ਪਾਇਆ - ਕੁੱਲ ਨਿਵੇਸ਼

*ਸਰੋਤ : ਆਰ ਟੀ ਯੂ ਐੱਫ ਐੱਸ ਅਤੇ ਆਰ ਆਰ ਟੀ ਯੂ ਐੱਫ ਐੱਸ ਉਪਰ ਅਸਰ ਦੀ ਵਜ਼ੀਰ ਅਧਿਐਨ ਰਿਪੋਰਟ*

ਹੈ ਕਿ ਤਕਨਾਲੋਜੀ ਸੁਧਾਰ ਫੰਡ ਸਕੀਮ ਨੇ ਆਪਣੀ ਹੋਂਦ ਤੋਂ 31.03.2015 ਤੱਕ ਭਾਰਤੀ ਕੱਪੜਾ ਉਦਯੋਗ ਵਿੱਚ ਕੁੱਲ ਨਿਵੇਸ਼ ਦਾ 79 ਪ੍ਰਤਿਸ਼ਤ ਹਿੱਸਾ ਪਾਇਆ ਹੈ।

ਕੱਪੜਾ ਉਦਯੋਗ ਦੇ ਆਧੁਨਿਕੀਕਰਨ ਅਤੇ ਇਸ ਵਿੱਚ ਵਧੇਰੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਤੇਜ਼ੀ ਲਿਆਉਣ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰੀ ਮੰਤਰੀ ਮੰਡਲ ਨੇ ਕੱਪੜਾ ਅਤੇ ਵਸਤਰਾਂ ਦੇ ਖੇਤਰ ਲਈ 6000 ਕਰੋੜ ਰੁਪਏ ਦੇ ਇਕ ਪੈਕੇਜ ਨੂੰ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਨਿਰਯਾਤ ਵਧਾਉਣ ਲਈ ਮਨਜ਼ੂਰੀ ਦਿੱਤੀ। ਇਸ ਪੈਕੇਜ ਵਿੱਚ ਕਈ ਮਦਾਂ ਸ਼ਾਮਲ ਹਨ ਜੋ ਕਿਰਤੀਆਂ ਦੀ ਭਲਾਈ ਲਈ ਹਨ ਅਤੇ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਨਗੀਆਂ, ਵੱਡੇ ਪੈਮਾਨੇ ਉਤੇ ਕਾਰਜ ਲਈ ਆਰਥਿਕ ਲਾਭ ਅਤੇ ਨਿਰਯਾਤ ਦਾ ਵਾਧਾ ਹੋਵੇਗਾ। ਇਨ੍ਹਾਂ ਕਦਮਾਂ ਨਾਲ, ਨਿਰਯਾਤ ਵਿੱਚ ਕੁੱਲ ਵਾਧਾ 30 ਬਿਲੀਅਨ ਅਮਰੀਕੀ ਡਾਲਰ ਤੱਕ ਹੋ ਸਕੇਗਾ ਅਤੇ ਅਗਲੇ ਤਿੰਨ ਸਾਲਾਂ ਵਿੱਚ 74,000 ਕਰੋੜ ਰੁਪਏ ਦਾ ਨਿਵੇਸ਼ ਹੋ ਸਕੇਗਾ। ਇਸ ਪੈਕੇਜ ਅਧੀਨ ਇਨਪੁਟ ਪ੍ਰੇਰਕਾਂ ਤੋਂ ਹਟ ਕੇ ਸਿੱਟਾ ਅਧਾਰਤ ਪ੍ਰੇਰਕਾਂ ਵੱਲ ਕਦਮ ਪੁੱਟੇ ਗਏ ਹਨ ਜਿਨ੍ਹਾਂ ਵਿੱਚ ਕੱਪੜਾ ਖੇਤਰ ਦੀਆਂ ਉਨ੍ਹਾਂ ਇਕਾਈਆਂ ਲਈ ਸਬਸਿਡੀ ਦੀ ਰਕਮ, ਸੋਧੀ ਹੋਈ ਤਕਨਾਲੋਜੀ ਸੁਧਾਰ ਫੰਡ ਸਕੀਮ ਅਧੀਨ 15 ਪ੍ਰਤਿਸ਼ਤ ਤੋਂ ਵਧਾ ਕੇ 25 ਪ੍ਰਤਿਸ਼ਤ ਕਰ ਦਿੱਤੀ ਗਈ ਹੈ ਜੋ ਉਤਪਾਦਨ ਅਤੇ ਰੋਜ਼ਗਾਰ ਪੈਦਾ ਕਰਨ ਵਿੱਚ ਵਾਧਾ ਦਿਖਾਉਂਦੇ ਹਨ।

ਭਾਰਤ ਕੋਲ ਵਰਤਮਾਨ ਵਿੱਚ ਤਕਨੀਕੀ ਕੱਪੜਾ ਉਦਯੋਗ ਨੂੰ ਉਤਸ਼ਾਹਿਤ ਕਰਨ ਦਾ ਇਕ ਬਹੁਤ ਸ਼ਾਨਦਾਰ ਮੌਕਾ ਹੈ ਜੋ ਭਾਰਤ ਦੇ ਕੱਪੜਾ ਉਦਯੋਗ ਲਈ ਇਕ ਚੜ੍ਹਦਾ ਖੇਤਰ ਹੈ। ਇਸ ਵੇਲੇ, ਭਾਰਤ ਵਿੱਚ ਤਕਨੀਕੀ ਖੇਤਰ ਸਿਰਫ 2200 ਇਕਾਈਆਂ ਨਾਲ ਸ਼ੁਰੂਆਤੀ ਪੜਾਅ ਉਤੇ ਹੈ। ਭਾਰਤ ਵਿੱਚ ਹੀ ਤਕਨੀਕੀ ਕੱਪੜਿਆਂ ਦੀ ਭਾਰੀ ਖਪਤ ਲਈ ਵੱਡੀ ਮਾਰਕੀਟ ਹੈ ਕਿਉਂਕਿ ਭੂ-ਕੇਂਦਰਤ ਕੱਪੜਿਆਂ ਦੀ ਵਰਤੋਂ ਸੜਕਾਂ ਮਜਬੂਤ ਕਰਨ ਅਤੇ ਦੇਸ਼ ਦੇ ਉੱਤਰ ਪੂਰਬੀ ਖੇਤਰ ਅਤੇ ਹੋਰ ਪਹਾੜੀ ਖੇਤਰਾਂ ਸਮੇਤ ਵਾਤਾਵਰਨਿਕ ਤੌਰ ਤੇ ਕਮਜ਼ੋਰ ਖੇਤਰਾਂ ਵਿੱਚ ਪਹਾੜੀ ਢਲਾਨਾਂ ਦੇ ਸਥਾਈਕਰਨ ਲਈ ਬਹੁਤ ਸੰਭਾਵਨਾਵਾਂ ਹਨ। ਭੂ-ਕੇਂਦਰਤ ਕੱਪੜਿਆਂ ਦੀ ਪਾਣੀ ਦੇ ਕੁਦਰਤੀ ਸਰੋਤਾਂ ਵਿੱਚ ਅਸਤਰ ਦੇ ਤੌਰ ਤੇ ਵਰਤੋਂ, ਭੂਮੀ ਮਜ਼ਬੂਤੀ ਤਕਨਾਲੋਜੀ ਅਤੇ ਵਾਤਾਵਰਨ ਸੁਰੱਖਿਆ ਲਈ ਮਲਬਾ ਸੁੱਟਣ ਦੇ ਸਥਾਨਾਂ ਵਿੱਚ ਵਰਤੋਂ ਦੇ ਸਭ ਬੁਨਿਆਦੀ ਢਾਂਚਾ ਪ੍ਰਜੈਕਟਾਂ ਲਈ ਤਸਦੀਕਸ਼ੁਦਾ ਮਾਰਕੀਟ ਹੈ। ਇਸੇ ਤਰ੍ਹਾਂ ਖੇਤੀਬਾੜੀ ਟੈਕਸਟਾਈਲ ਦੀ ਵਰਤੋਂ ਪ੍ਰਤਿ ਜੀਅ ਉਤਪਾਦਨ ਵਿੱਚ ਬਹੁਤ ਵਾਧਾ ਕਰ ਸਕਦੀ ਹੈ ਅਤੇ ਇਸ ਦੇ ਨਾਲ-ਨਾਲ ਪਾਣੀ ਦੀ ਮੰਗ ਘਟਾਉਂਦੀ ਹੈ ਅਤੇ ਫ਼ਸਲ ਦੀ ਉੱਤਮਤਾ ਵੀ ਵਧਾਉਂਦੀ ਹੈ। ਮੈਡੀਕਲ ਟੈਕਸਟਾਈਲ ਵੀ ਇਕ ਹੋਰ ਅਜਿਹਾ ਖੇਤਰ ਹੈ ਜਿਸ ਦੀ ਦੇਸ਼ ਵਿੱਚ ਬਹੁਤ ਵੱਡੀ ਮੰਗ ਹੈ ਖ਼ਾਸ ਤੌਰ ਤੇ ਮੈਡੀਕਲ ਸੇਵਾਵਾਂ ਦੇ ਸੁਧਾਰ ਹੋਣ ਨਾਲ, ਜੋ ਵੱਡੇ ਪੈਮਾਨੇ ਉਤੇ ਹੋ ਰਿਹਾ ਹੈ। ਇਸੇ ਤਰ੍ਹਾਂ ਰੱਖਿਆ ਦੇ ਖੇਤਰ ਵਿੱਚ, ਭਵਨ ਉਸਾਰੀ ਖੇਤਰ ਵਿੱਚ ਅਤੇ ਉਦਯੋਗਿਕ ਖੇਤਰ ਵਿੱਚ ਰੱਖਿਅਕ ਵਸਤਰਾਂ ਦੀ ਵੱਡੀ ਮੰਗ ਹੈ। ਅੱਜਕੱਲ੍ਹ ਤਕਨੀਕੀ ਵਸਤਰ ਜੋ ਦੇਸ਼ ਵਿੱਚ ਲੋੜੀਂਦੇ ਹਨ, ਉਹ ਆਯਾਤ ਕੀਤੇ ਜਾਂਦੇ ਹਨ। ਸਰਕਾਰ ਦੀ ਕੋਸ਼ਿਸ਼ ਹੈ ਕਿ ਸਾਂਝੇ ਅਦਾਰੇ ਸਥਾਪਤ ਕਰਨ ਅਤੇ ਘਰੇਲੂ ਫੰਡਾਂ ਨਾਲ ਇਕਾਈਆਂ ਸਥਾਪਤ ਕੀਤੀਆਂ ਜਾਣ ਤਾਂ ਕਿ ਵੱਡੀ ਭਾਰਤੀ ਮੰਡੀ ਲਈ ਲੋੜੀਂਦੇ ਤਕਨੀਕੀ

ਵਸਤਰਾਂ ਲਈ ਪੂੰਜੀ ਨਿਵੇਸ਼ ਆਕਰਸ਼ਿਤ ਕੀਤਾ ਜਾ ਸਕੇ।

ਅਸਲ ਵਿੱਚ, ਭਾਰਤ ਵਿੱਚ ਤਕਨੀਕੀ ਵਸਤਰ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਕੱਪੜਾ ਮੰਤਰਾਲੇ ਨੇ ਤਕਨੀਕੀ ਵਸਤਰਾਂ ਦੇ ਤਕਨਾਲੋਜੀ ਮਿਸ਼ਨ ਰਾਹੀਂ ਪੁਰਜ਼ੋਰ ਕੋਸ਼ਿਸ਼ਾਂ ਕੀਤੀਆਂ ਹਨ। ਲਘੂ ਮਿਸ਼ਨ-1 ਅਤੇ ਲਘੂ ਮਿਸ਼ਨ-2 ਵਿੱਚ ਅੱਠ ਉੱਤਮਤਾ ਕੇਂਦਰ ਖੋਲ੍ਹੇ/ਸੁਧਾਰੇ ਗਏ ਹਨ ਜੋ ਇਨ੍ਹਾਂ ਖੇਤਰਾਂ ਖੇਤੀ ਤਕਨਾਲੋਜੀ (ਸਾਸਮੀਰਾ), ਮੈਡੀ-ਤਕਨਾਲੋਜੀ (ਸਿਟਰਾ), ਪ੍ਰੋਟੈਕ (ਨੀਟਰਾ), ਭੂ-ਤਕਨਾਲੋਜੀ (ਅਟੀਰਾ ਅਤੇ ਬੀ ਟੀ ਆਰ ਏ), ਉਦਯੋਗਿਕ ਤਕਨਾਲੋਜੀ, ਇੰਡੂਟੈਕ (ਪੀ ਐੱਸ ਜੀ ਤਕਨਾਲੋਜੀ ਕਾਲਜ), ਖੇਲ੍ਹ ਤਕਨਾਲੋਜੀ (ਡਬਲਯੂ ਆਰ ਏ) ਅਤੇ ਗ਼ੈਰ ਬੁਣਤੀਦਾਰ (ਡੀ ਕੇ ਟੀ ਈ) ਅਤੇ ਸੰਯੁਕਤ (ਅਟੀਰਾ) ਵਿੱਚ ਹਨ ਅਤੇ ਆਪਣੇ-ਆਪਣੇ ਖੇਤਰਾਂ ਵਿੱਚ ਇਕੋ ਜਗ੍ਹਾ, ਟੈਸਟ ਕਰਨ, ਸਿਖਲਾਈ ਦੇਣ, ਮੁੱਢਲੀ ਅਵਸਥਾ ਕੇਂਦਰ, ਸੂਚਨਾ ਕੇਂਦਰ ਅਤੇ ਮੂਲ ਰੂਪ ਵਿਕਾਸ ਦੀਆਂ ਸਹੂਲਤਾਂ ਨਿਵੇਸ਼ਕਾਂ ਨੂੰ ਆਪਣੇ-ਆਪਣੇ ਖੇਤਰ ਵਿੱਚ ਮੁਹੱਈਆ ਕਰਦੇ ਹਨ।

ਇਨ੍ਹਾਂ ਉੱਤਮਤਾ ਕੇਂਦਰਾਂ ਵਿੱਚ, ਨਵੇਂ ਉੱਦਮੀਆਂ ਲਈ ਆਪਣੇ ਉਤਪਾਦਨਾਂ ਨੂੰ "ਪਲੱਗ ਲਗਾਉ ਅਤੇ ਖੇਡੋ" ਦੇ ਸਿਧਾਂਤ ਉਤੇ ਟੈਸਟ ਕਰਨ ਅਤੇ ਉਨ੍ਹਾਂ ਦੇ ਵਪਾਰੀਕਰਨ ਦੀਆਂ ਸਹੂਲਤਾਂ ਦੇਣ ਲਈ ਜ਼ੋਰ ਦੇਣ ਵਾਲੇ ਮੁੱਢਲੀ ਅਵਸਥਾ ਕੇਂਦਰ ਸਥਾਪਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਭਾਰਤ ਅੰਦਰ ਅਤੇ ਭਾਰਤ ਤੋਂ ਬਾਹਰ ਤਕਨੀਕੀ ਵਸਤਰਾਂ ਦੀ ਮਾਰਕੀਟ ਲੱਭਣ ਲਈ ਭਾਰਤ ਸਰਕਾਰ ਅੰਤਰਰਾਸ਼ਟਰੀ ਨੁਮਾਇਸ਼ਾਂ ਵਿੱਚ ਹਿੱਸਾ ਲੈਣ ਲਈ ਖਰੀਦਦਾਰਾਂ ਅਤੇ ਵੇਚਣ ਵਾਲਿਆਂ ਦੇ ਲਈ ਭਾਰਤੀ ਮੰਡੀਆਂ ਵਿੱਚ ਇਜਲਾਸਾਂ ਲਈ ਵੀ ਸਹਾਇਤਾ ਕਰਦੀ ਹੈ।



ਇਕ ਆਧੁਨਿਕ ਵਸਤਰ ਇਕਾਈ

ਇਸ ਤੋਂ ਇਲਾਵਾ, ਤਕਨੀਕੀ ਵਸਤਰਾਂ ਦੇ ਤਕਨਾਲੋਜੀ ਮਿਸ਼ਨ ਅਧੀਨ ਭਾਰਤ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿੱਚ ਭੂ-ਕੇਂਦਰਿਤ ਕੱਪੜਿਆਂ ਨੂੰ ਚਾਲੂ, ਨਵੇਂ ਸੜਕ ਪ੍ਰਾਜੈਕਟਾਂ, ਢਲਾਨਾਂ ਦੇ ਸਥਾਈਕਰਨ, ਪਾਣੀ ਦੇ ਕੁਦਰਤੀ ਸਰੋਤਾਂ ਵਿੱਚ ਅਸਤਰ ਲਗਾਉਣ ਲਈ ਲਗਭਗ 427 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਹੈ। ਕਈ ਪ੍ਰਾਜੈਕਟ ਜਿਨ੍ਹਾਂ ਨੂੰ ਭੂ-ਕੇਂਦਰਤ ਟੈਕਸਟਾਈਲਾਂ ਦੀ ਵਰਤੋਂ ਲਈ ਕੁੱਝ ਵਾਧੂ ਖਰਚੇ ਦੀ ਲੋੜ ਹੁੰਦੀ ਹੈ ਮਨੀਪੁਰ, ਮਿਜ਼ੋਰਮ, ਤ੍ਰਿਪੁਰਾ, ਸਿੱਕਮ ਅਤੇ ਅਸਾਮ ਵਿੱਚ ਸ਼ੁਰੂ ਹੋਏ ਹਨ ਅਤੇ ਇਨ੍ਹਾਂ ਖੇਤਰਾਂ ਵਿੱਚ ਇਸ ਤਕਨਾਲੋਜੀ ਦੀ ਵਰਤੋਂ ਨਾਲ ਬੁਨਿਆਦੀ ਢਾਂਚਾ ਸੁਧਾਰ ਅਤੇ ਢਿਗਾਂ ਡਿਗਣ ਨੂੰ ਰੋਕਣ ਅਤੇ ਹੋਰ ਆਫ਼ਤਾਂ ਤੋਂ ਬਚਾਅ ਕਰਨ ਵਿੱਚ ਵਿਸ਼ਵਾਸ ਵਧਿਆ ਹੈ। ਇਸੇ ਤਰ੍ਹਾਂ, 60 ਕਰੋੜ ਰੁਪਏ ਦੀ ਰਕਮ ਨਾਲ ਸ਼ੁਰੂ ਕੀਤੇ ਖੇਤੀਬਾੜੀ ਟੈਕਸਟਾਈਲਾਂ ਤੋਂ ਸਭ 53 ਪ੍ਰਦਰਸ਼ਨ ਕੇਂਦਰਾਂ ਵਿੱਚ ਅਤੇ ਸਭ ਖੇਤੀਬਾੜੀ ਫਾਰਮਾਂ ਵਿੱਚ ਜਿਥੇ ਕਿਸਾਨਾਂ ਨੂੰ ਖੇਤੀਬਾੜੀ ਟੈਕਸਟਾਈਲ ਕਿੱਟਾਂ ਮੁਹੱਈਆ ਕੀਤੀਆਂ ਗਈਆਂ ਸਨ, ਖ਼ਾਸ ਤੌਰ ਤੇ ਉੱਤਰ ਪੂਰਬੀ ਖੇਤਰ ਅਤੇ ਹੋਰ ਰਾਜਾਂ ਵਿੱਚ ਬਹੁਤ ਲਾਭ ਮਿਲਿਆ ਹੈ।

ਇਸ ਤੋਂ ਇਲਾਵਾ, ਇਕ ਮਹੱਤਵਪੂਰਨ ਦਖਲਅੰਦਾਜ਼ੀ ਦੇ ਤੌਰ ਤੇ, ਭਾਰਤ ਸਰਕਾਰ ਨੇ ਪ੍ਰੋਸੈਸਿੰਗ ਇਕਾਈਆਂ ਅਤੇ ਫੈਸ਼ਨ ਅਤੇ ਪੁਸ਼ਾਕ ਡਿਜ਼ਾਈਨ ਇਕਾਈਆਂ ਜੋ ਹੋਰ ਕੋਈ ਵੀ ਇਸੇ ਕਿਸਮ ਦੀ ਦਖਲਅੰਦਾਜ਼ੀ ਨੂੰ ਬਿਜਲੀ ਖੱਡੀ ਸਮੂਹ ਦੇ ਨੇੜੇ ਲਿਆਉਣ ਅਤੇ ਇਕ ਛੋਟੇ ਖੇਤਰੀ ਘੇਰੇ ਦੇ ਅੰਤਰ ਸਮੁੱਚਿਤ ਮੁੱਲ ਵਰਧਕ ਕੜੀ ਦੀਆਂ ਸੰਭਾਵਨਾਵਾਂ ਪੈਦਾ ਕਰਨ ਲਈ ਟੈਕਸਟਾਈਲ ਸਮੂਹ ਵਿੱਚ ਸਾਂਝੀਆਂ ਸਹੂਲਤਾਂ ਵਿਕਸਤ ਕਰਨ ਵਾਸਤੇ ਅਤੇ ਇਨ੍ਹਾਂ ਸਮੂਹਾਂ ਵਿੱਚ ਅਗਾੜੀ ਤੇ



ਇਕ ਤਕਨੀਕੀ ਟੈਕਸਟਾਈਲ ਯੂਨਿਟ



*ਇਕ ਆਧੁਨਿਕ ਪਾਵਰਲੂਮ ਇਕਾਈ*

ਪਿਛਾੜੀ ਦੇ ਜੋੜ-ਮੇਲ ਵੱਡੇ ਸਮੂਹ ਵਿਕਾਸ ਸਕੀਮ ਰਾਹੀਂ ਪੈਦਾ ਕਰਨ ਲਈ ਇਕ ਯੋਜਨਾ ਬਣਾਈ ਹੈ।

ਇਸ ਦੇ ਨਾਲ-ਨਾਲ, ਕੱਪੜਾ ਮੰਤਰਾਲੇ ਨੇ ਟੈਕਸਟਾਈਲ ਖੇਤਰ ਨੂੰ 89 ਕਰੋੜ ਰੁਪਏ ਦੀ ਰਕਮ 74,500 ਬਿਜਲੀ ਖੱਡੀਆਂ ਦੇ ਸਥਾਨ ਉਤੇ ਹੀ, ਸੁਧਾਰ ਲਈ ਦਿੱਤੀ ਹੈ ਅਤੇ ਟੈਕਸਟਾਈਲ ਖੇਤਰ ਦੇ ਆਧੁਨਿਕੀਕਰਨ ਅਤੇ ਸੁਧਾਰ ਲਈ ਹੋਰ ਕਈ ਪਹਿਲਾਂ ਵੀ ਕੀਤੀਆਂ ਹਨ। ਹੋਰ ਪਹਿਲਾਂ ਵਿੱਚ ਸ਼ਾਮਲ ਹਨ 44 ਗਰੁੱਪ ਵਰਕਸ਼ੈਡਾਂ ਨੂੰ 56.50 ਕਰੋੜ ਰੁਪਏ ਦੀ ਸਬਸਿਡੀ ਸਹਾਇਤਾ, ਬਿਜਲੀ ਖੱਡੀਆਂ ਦੇ ਸਮੂਹਾਂ ਦੇ ਵਿਕਾਸ ਲਈ ਸਾਂਝੇ ਸਹੂਲਤ ਕੇਂਦਰਾਂ ਰਾਹੀਂ ਸਾਂਝੀਆਂ ਸਹੂਲਤਾਂ ਪੈਦਾ ਕਰਨ ਲਈ 2 ਕਰੋੜ ਰੁਪਏ ਪ੍ਰਤਿ ਸਮੂਹ ਦੀ ਮਦਦ, ਵਿਸ਼ੇਸ਼ ਸਾਧਨ ਯੁਕਤ ਪ੍ਰੋਗਰਾਮਾਂ ਰਾਹੀਂ 29 ਧਾਗਾ ਬੈਂਕ ਸਥਾਪਤ ਕਰਨ ਲਈ 10.37 ਕਰੋੜ ਰੁਪਏ ਦੀ ਸੰਗ੍ਰਹਿ ਸਹਾਇਤਾ, ਸਮੁਚਿਤ ਟੈਕਸਟਾਈਲ ਪਾਰਕ ਸਕੀਮ ਅਧੀਨ 72 ਟੈਕਸਟਾਈਲ ਪਾਰਕਾਂ ਨੂੰ ਮਾਲੀ ਸਹਾਇਤਾ ਅਤੇ ਇਸ ਖੇਤਰ ਦੀਆਂ ਸਮਾਜਕ ਭਲਾਈ ਸਕੀਮਾਂ, ਜਿਵੇਂ ਕਿ ਟੈਕਸਟਾਈਲ ਕਿਰਤੀਆਂ ਦੀ ਪੁਨਰਵਾਸ ਫੰਡ ਸਕੀਮ, ਗਰੁੱਪ ਬੀਮਾ ਯੋਜਨਾ, ਪ੍ਰਧਾਨ ਮੰਤਰੀ ਰੋਜ਼ਗਾਰ ਪ੍ਰੋਤਸਾਹਨ ਯੋਜਨਾ ਆਦਿ।

ਇਸ ਤੋਂ ਇਲਾਵਾ, ਲਗਭਗ 5000 ਬੁਣਕਰਾਂ ਨੂੰ ਦੂਸਰੇ ਵਿਕਸਤ ਸਮੂਹਾਂ ਵਿੱਚ ਫੇਰਾ ਪਾਉਣ ਅਤੇ ਆਪਣੇ ਆਪ ਨੂੰ ਸੁਧਾਰੀ ਹੋਈ ਤਕਨਾਲੋਜੀ ਬਾਰੇ ਜਾਣੂ ਕਰਾਉਣ ਅਤੇ ਉਤਪਾਦਾਂ ਦੀਆਂ ਵੱਖ-ਵੱਖ ਕਿਸਮਾਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਪੱਧਰ ਉਤੇ ਉਪਜਾਇਕਤਾ ਅਤੇ ਆਮਦਨ ਵਧਾਉਣ ਲਈ ਆਧੁਨਿਕ ਤਕਨਾਲੋਜੀ ਦੀ ਕਿਸ ਤਰ੍ਹਾਂ ਵਰਤੋਂ ਕੀਤੀ ਜਾ ਸਕਦੀ ਹੈ, ਬਾਰੇ ਜਾਣੂ ਕਰਾਉਣ ਲਈ ਦੂਸਰੇ ਸਥਾਨਾਂ ਦੇ ਫੇਰੇ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਸਰਕਾਰ ਨੇ 2004 ਤੋਂ 20 ਪ੍ਰਤਿਸ਼ਤ ਦੀ ਦਰ ਉਤੇ ਕਰਜ਼ੇ ਨਾਲ ਜੋੜ-ਮੇਲ ਵਾਲੀ ਪੂੰਜੀ ਸਬਸਿਡੀ ਦੇ ਕੇ ਜੋ ਬਾਅਦ ਵਿੱਚ ਵਧਾ ਕੇ 30 ਪ੍ਰਤਿਸ਼ਤ ਜ਼ਮਾਨਤੀ ਜਮ੍ਹਾਂ ਸਬਸਿਡੀ (ਐੱਮ ਐੱਮ ਐੱਸ) ਕਰ ਦਿੱਤੀ ਗਈ ਸੀ, ਦੇ ਤੌਰ ਤੇ 2013 ਤੋਂ ਬਿਨਾਂ ਸ਼ਟਲ ਦੀਆਂ ਖੱਡੀਆਂ ਸਥਾਪਤ ਕਰਨ ਲਈ ਦਿੱਤੀ ਗਈ ਸੀ। ਇਸ ਅਧੀਨ 563 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ ਜਿਸ ਤੋਂ ਲਾਭ ਉਠਾ ਕੇ ਵਿਕੇਂਦਰੀਕ੍ਰਿਤ ਖੇਤਰ ਵਿੱਚ ਲਗਭਗ 50,000 ਆਧੁਨਿਕ ਬਿਨਾਂ ਸ਼ਟਲ ਦੀਆਂ ਖੱਡੀਆਂ ਲਗਭਗ 4700 ਇਕਾਈਆਂ ਵਿੱਚ ਸਥਾਪਤ ਕੀਤੀਆਂ ਗਈਆਂ ਸਨ।

ਟੈਕਸਟਾਈਲ ਖੇਤਰ ਸਾਹਮਣੇ ਵਾਤਾਵਰਨਿਕ ਖਦਸ਼ਿਆਂ ਦੀਆਂ ਚੁਨੌਤੀਆਂ ਖੜ੍ਹੀਆਂ ਹਨ ਅਤੇ ਟੈਕਸਟਾਈਲ ਉਦਯੋਗ ਨੂੰ ਤੇਜ਼ੀ ਨਾਲ ਨਿਕਾਸ ਪਦਾਰਥਾਂ ਦੇ ਸਾਂਝੇ ਉਪਚਾਰ ਕੇਂਦਰ ਇਨ੍ਹਾਂ ਚੁਨੌਤੀਆਂ ਨਾਲ ਨਜਿੱਠਣ ਲਈ ਸਥਾਪਤ ਕਰਨੇ ਪੈਣਗੇ ਜਿਸ ਨਾਲ ਅਦਾਲਤਾਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਹੋ ਸਕੇ ਅਤੇ ਟੈਕਸਟਾਈਲ ਉਤਪਾਦਕ ਆਪਣਾ ਮਾਲ ਦੂਸਰੇ ਦੇਸ਼ਾਂ ਵਿੱਚ ਵੇਚਣ ਦੀਆਂ ਤਕਨੀਕੀ ਬੰਦਸ਼ਾਂ ਤੋਂ ਬਚ ਸਕਣ। ਇਸੇ ਤਰ੍ਹਾਂ, ਭਾਰਤ ਨੂੰ ਆਪਣੇ ਧਾਗਾ ਅਧਾਰ ਨੂੰ ਸੂਤੀ ਅਤੇ ਮਾਨਵੀ ਉਤਪਾਦਤ, ਦੋਹਾਂ ਦੀ ਸੂਰਤ ਵਿੱਚ ਮਜ਼ਬੂਤ ਕਰਨ ਦੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਦੇ ਨਾਲ-ਨਾਲ, ਸਰਕਾਰ ਭਾਰਤੀ ਟੈਕਸਟਾਈਲਾਂ ਦੀਆਂ ਵੱਡੀਆਂ ਮੰਡੀਆਂ ਵਾਲੇ ਦੇਸ਼ਾਂ ਨਾਲ ਵਿਦੇਸ਼ੀ ਵਪਾਰ ਸਮਝੌਤੇ ਕਰਨ ਦੀ ਇੱਛੁਕ ਹੈ ਤਾਂ ਕਿ ਅੰਤਰਰਾਸ਼ਟਰੀ ਮੰਡੀਆਂ ਵਿੱਚ ਦਾਖਲ ਹੋਇਆ ਜਾ ਸਕੇ।

ਵਰਤਮਾਨ ਵਿੱਚ, ਭਾਰਤੀ ਟੈਕਸਟਾਈਲ ਕੋਲ ਵਿਸ਼ਵੀ ਮੰਡੀਆਂ ਵਿੱਚ ਦਾਖਲ ਹੋਣ ਦੇ ਸ਼ਾਨਦਾਰ ਮੌਕੇ ਹਨ ਕਿਉਂਕਿ ਚੀਨ ਨੇ ਇਥੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਹੈ ਜਿਥੇ ਇਹ ਹੁਣ ਤੱਕ ਰਾਜ ਕਰਦਾ ਰਿਹਾ ਹੈ। ਪਰ ਭਾਰਤ ਨੂੰ ਇਸ ਮੌਕੇ ਦਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਭਾਵੇਂ ਟੈਕਸਟਾਈਲ ਉਤਪਾਦਨ ਅਧਾਰ ਦਾ ਰੁਝਾਨ ਅਫਰੀਕਾ ਦੇਸ਼ਾਂ ਵੱਲ ਸਸਤੀ ਮਜ਼ਦੂਰੀ, ਘੱਟ ਬਿਜਲੀ ਖਰਚਾ ਅਤੇ ਵਾਧੂ ਲਾਭਾਂ ਕਾਰਨ ਜੋ ਉਸ ਨੂੰ ਵੱਡੇ ਪੱਛਮੀ ਦੇਸ਼ਾਂ ਨਾਲ ਵਿਦੇਸ਼ੀ ਵਪਾਰ ਸਮਝੌਤਿਆਂ ਤੋਂ ਮਿਲਦੇ ਹਨ, ਦੇ ਕਾਰਨਾਂ ਕਰਕੇ ਹੋਇਆ ਹੈ। ਇਸ ਲਈ ਇਹ ਭਾਰਤੀ ਟੈਕਸਟਾਈਲ ਉਦਯੋਗ ਦੇ ਵਿਕਾਸ ਨੂੰ ਪੁਖਤਾ ਕਦਮ ਉਠਾ ਕੇ ਤੁਰੰਤ ਤੇਜ਼ ਕਰਨ ਦਾ ਨਾਜ਼ੁਕ ਸਮਾਂ ਹੈ। ਅਜਿਹਾ ਕਰਨ ਵਿੱਚ ਨਾਕਾਮਯਾਬ ਰਹਿਣ ਦੀ ਸੂਰਤ ਵਿੱਚ ਭਾਰਤੀ ਮਾਰਕੀਟ ਦੇ ਵੱਡੇ ਉਪਭੋਗਤਾ ਅਧਾਰ ਉਪਰ ਬੰਗਲਾਦੇਸ਼, ਵੀਅਤਨਾਮ, ਕੰਬੋਡੀਆ, ਸ੍ਰੀਲੰਕਾ, ਇੰਡੋਨੇਸ਼ੀਆ, ਮਲੇਸ਼ੀਆ ਆਦਿ ਦੇ ਵਿਕਾਸਸ਼ੀਲ ਅਰਥਚਾਰਿਆਂ ਦਾ ਰਾਜ ਹੋ ਜਾਵੇਗਾ।

ਇਨ੍ਹਾਂ ਸਭ ਚੁਨੌਤੀਆਂ ਦੇ ਬਾਵਜੂਦ, ਭਾਰਤ ਟੈਕਸਟਾਈਲ ਵਿਕਾਸ ਦੇ ਖੇਤਰ ਵਿੱਚ ਇਕ ਜੀਵੰਤ ਉੱਦਮੀ ਅਧਾਰ ਅਤੇ ਕਿਰਿਆਸ਼ੀਲ ਸਰਕਾਰੀ ਸਹਾਇਤਾ ਰਾਹੀਂ, ਜੋ ਇਸ ਉਦਯੋਗਿਕ ਖੇਤਰ ਨੂੰ ਆਪਣੀ ਪੂਰੀ ਸਮਰੱਥਾ ਅਨੁਸਾਰ ਵਿਕਾਸ ਕਰਨ ਦੀ ਮਹੱਤਵਪੂਰਨ ਖੁੱਲ੍ਹ ਦਿੰਦੇ ਹਨ, ਰਾਹੀਂ ਪੂਰੀ ਤਰ੍ਹਾਂ ਤਿਆਰ ਹੈ।

*(ਲੇਖਿਕਾ ਭਾਰਤ ਸਰਕਾਰ ਦੇ ਕੱਪੜਾ ਮੰਤਰਾਲੇ ਵਿੱਚ ਭਾਰਤ ਦੀ ਟੈਕਸਟਾਈਲ ਕਮਿਸ਼ਨ ਹੈ।)*

*e-mail :kavita.gupta9@ias.nic.in, txc-otxc@nic.in*

*Website: www.txcindia.gov.in*

# ਹੱਥ ਖੱਡੀ : ਭੂਤ, ਵਰਤਮਾਨ ਅਤੇ ਭਵਿੱਖ

✍ ਜੈਯਾ ਜੇਟਲੀ

ਸਾੜੀਆਂ ਹੱਥ ਦੀਆਂ ਮੁਹਾਰਤਾਂ ਦਾ ਵਿਰਸਾ ਅਤੇ ਭਾਰਤ ਦਾ ਸੋਹਜਵਾਦੀ ਪ੍ਰਗਟਾਉ ਬਹੁਤ ਅਮੀਰ ਹੈ। ਆਮ ਤੌਰ ਤੇ ਇਸ ਨੂੰ ਅਸੀਂ ਅੱਖੋਂ-ਪਰੋਖੇ ਕਰ ਜਾਂਦੇ ਹਾਂ ਅਤੇ ਦੂਸਰੇ ਸਭਿਆਚਾਰਾਂ ਦੇ ਸੁਖਾਵੇਂਪਨ ਨੂੰ ਤਾਂਘ ਨਾਲ ਦੇਖਦੇ ਹਾਂ ਜੋ ਨੀਰਸਤਾ ਅਤੇ ਮਸ਼ੀਨੀਕਰਨ ਹੱਲਾਂ ਤੋਂ ਸਿਵਾਇ ਕੁਝ ਨਹੀਂ ਦਿੰਦਾ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਸਭਿਆਚਾਰਕ ਤੌਰ ਤੇ ਗੈਰ-ਮੁਲਕੀ ਪਰ ਹਾਲ ਦੀ ਦੁਨੀਆਂ ਵਿੱਚ ਝੂਠਾ ਵਿਸ਼ਵਾਸ ਅਤੇ ਸੁਰੱਖਿਆ ਲੱਭਦੇ ਹਾਂ। ਪਰ ਅਸੀਂ ਭੁੱਲ ਜਾਂਦੇ ਹਾਂ ਕਿ ਸਾਡੀਆਂ ਰਵਾਇਤਾਂ ਜਿਨ੍ਹਾਂ ਨਾਲ ਅਸੀਂ ਸਭਿਆਚਾਰਕ ਤੌਰ ਤੇ ਜੁੜੇ ਹੋਏ ਹਾਂ, ਹਰ ਹੀਲੇ ਦੇਸ਼ ਦੇ ਨਵੇਂ ਹਾਲਾਤ ਅਤੇ ਅਸਲੀਅਤਾਂ ਦਾ ਹਿੱਸਾ ਹਨ। ਇਹ ਹੀ ਉਹ ਰਵਾਇਤਾਂ ਹਨ ਜੋ ਅੰਤ ਵਿੱਚ ਸਾਨੂੰ ਅਸਲੀ ਮਾਅਨਿਆਂ ਵਿੱਚ ਸਾਡੀ ਭਾਰਤੀ ਹੋਣ ਦੀ ਪਛਾਣ ਨਿਸ਼ਚਿਤ ਕਰਦੀਆਂ ਹਨ।

## ਅਰਥ, ਪਛਾਣ ਅਤੇ ਸ਼ੈਲੀ

ਭਾਰਤ ਨੂੰ ਅਕਸਰ ਰੂਹਾਨੀ ਜਜ਼ਬੇ ਵਿੱਚ ਭਰਪੂਰ ਕਰਕੇ ਜਾਣਿਆ ਜਾਂਦਾ ਹੈ। ਭਾਰਤ ਵਿੱਚ ਕਾਫੀ ਕੱਪੜਿਆਂ ਉਪਰ ਬੁੱਧ ਦਾ ਸੰਦੇਸ਼ ਰੰਗਾਂ ਨਾਲ ਚਿੱਤਰਕਾਰੀ ਕੀਤਾ ਅਤੇ ਛਪਿਆ ਹੁੰਦਾ ਸੀ ਜੋ ਪੂਰਬ ਵੱਲ ਜਾਂਦੇ ਸਨ ਅਤੇ ਰੇਸ਼ਮ ਦੇ ਕੱਪੜਿਆਂ ਵਿੱਚ ਸੁਨਹਿਰੀ ਧਾਗੇ ਨਾਲ ਪਵਿੱਤਰ ਸ਼ਲੋਕ ਬੁਣੇ ਹੁੰਦੇ, ਜੋ ਮੰਦਰਾਂ ਵਿੱਚ ਪੱਥਰ ਦੀਆਂ ਮੂਰਤੀਆਂ ਉਪਰ ਸਜਾਏ ਜਾਂਦੇ ਅਤੇ ਰਾਜਿਆਂ ਮਹਾਰਾਜਿਆਂ ਦੇ ਮੋਢਿਆਂ ਉਤੇ ਵੀ ਪਵਿੱਤਰ ਕੱਪੜੇ ਸਜਾਏ ਜਾਂਦੇ ਸਨ। ਨਵੀਂ ਦੁਲਹਨ ਦੀ ਸਾੜ੍ਹੀ ਦੇ ਬਾਰਡਰ ਵਿੱਚ ਲੰਬੇ ਅਤੇ ਖੁਸ਼ੀਆਂ ਭਰੇ ਵਿਆਹੁਤਾ ਜੀਵਨ ਦੀਆਂ ਅਸੀਸਾਂ ਅਤੇ ਮਹਾਂਕਾਵਿਆਂ ਦੀਆਂ ਲਿਖਤਾਂ ਅਤੇ ਨਜ਼ਮਾਂ ਜਾਂ ਸਾਦੇ ਭਜਨ ਓਡੀਸ਼ਾ ਦੇ ਪਲਵਾ ਵੰਸ਼ ਦੀਆਂ ਇਕਤ ਸਾੜ੍ਹੀਆਂ ਦੀ ਸ਼ਾਨ ਬਣਦੀਆਂ ਸਨ। ਭਾਰਤ ਵਿੱਚ ਕਿਸੇ ਵੀ ਮੌਕੇ ਅਸੀਸ ਬਹੁਤ ਪਵਿੱਤਰ ਗਿਣੀ ਜਾਂਦੀ ਹੈ। ਇਥੋਂ ਤੱਕ ਕਿ ਇਕ ਨੌਜਵਾਨ ਜੋ ਆਪਣੀ ਮਾਂ ਲਈ ਆਪਣੀ ਸਭ ਤੋਂ ਪਹਿਲੀ ਖੁਦ ਦੀ ਕਮਾਈ ਵਿੱਚੋਂ ਹੱਥ ਨਾਲ ਬੁਣੀ ਸਾੜ੍ਹੀ ਲੈ ਕੇ ਆਉਂਦਾ ਹੈ, ਉਹ ਸ਼ੁਕਰਾਨੇ ਅਤੇ ਇੱਜ਼ਤ ਦੇ ਤੌਰ ਤੇ ਆਪਣੀ ਪਵਿੱਤਰ ਰਵਾਇਤੀ ਜ਼ਿੰਮੇਵਾਰੀ ਨਿਭਾਉਂਦਾ ਹੈ।

**ਸਭਿਆਚਾਰਕ ਅਤੇ ਬੁਨਿਆਦੀ ਸਮਾਜਕ ਰਹੁ-ਰੀਤਾਂ ਅਨੁਸਾਰ ਪਹਿਨੇ ਜਾਣ ਵਾਲੇ ਕੱਪੜਿਆਂ ਤੋਂ ਇਲਾਵਾ ਹੋਰ ਬਹੁਤੀਆਂ ਕਿਸਮਾਂ ਦੇ ਹੱਥ ਨਾਲ ਬੁਣੇ ਜਾਂ ਸਜਾਵਟੀ ਕੱਪੜਿਆਂ ਦਾ ਇਕ ਵਿਸ਼ੇਸ਼ ਅਰਥ ਜਾਂ ਉਦੇਸ਼ ਹੁੰਦਾ ਹੈ। ਇਹੋ ਭਾਰਤੀ ਕੱਪੜਿਆਂ ਨੂੰ ਵਿਸ਼ੇਸ਼ ਅਤੇ ਅਰਥਪੂਰਨ ਬਣਾਉਂਦਾ ਹੈ। ਦੱਖਣੀ ਅਮਰੀਕਾ, ਅਫਰੀਕਾ ਅਤੇ ਦੱਖਣੀ ਏਸ਼ੀਆ ਵਿੱਚ ਕੁੱਝ ਨਸਲੀ ਕਬੀਲੇ ਹਾਲੇ ਵੀ ਵਿਸ਼ੇਸ਼ ਮੌਕਿਆਂ ਲਈ ਅਜਿਹੇ ਕੱਪੜੇ ਬਣਾਉਂਦੇ ਹਨ ਵਰਤੋਂ ਕਰਦੇ ਹਨ ਪਰ ਉਹ ਅਜਿਹਾ ਉਨੇ ਵੱਡੇ ਪੱਧਰ ਉਤੇ ਨਹੀਂ ਕਰਦੇ ਜਿੰਨਾ ਭਾਰਤ ਦੇ ਲੋਕ ਕਰਦੇ ਹਨ। ਇਸ ਦੇ ਉਘੜਵੇਂ ਉਦਾਹਰਨ ਉੱਤਰ ਪੂਰਬੀ ਭਾਰਤ ਦੇ ਰਾਜਾਂ ਵਿੱਚ ਅਲਗ ਅਲਗ ਕਿਸਮ ਦੇ ਸ਼ਾਲਾਂ ਤੋਂ ਮਿਲਦੇ ਹਨ ਜਿਥੇ ਬੁਣਤੀ ਅਤੇ ਨਮੂਨੇ ਵਿਸ਼ੇਸ਼ ਸਮਾਜਕ ਸੰਬੰਧ ਅਤੇ ਸਮਾਜਕ ਦਰਜਾ ਦਰਸਾਉਂਦੇ ਹਨ। ਇਸੇ ਤਰ੍ਹਾਂ ਭਾਰਤ ਵਿੱਚ ਹਰ ਹੱਥ ਖੱਡੀ ਦੀ ਬੁਣਤੀ ਨੂੰ ਇਕ ਖ਼ਾਸ ਖੇਤਰ ਨਾਲ ਜੋੜਿਆ ਜਾ ਸਕਦਾ ਹੈ।**

ਭਾਰਤ ਵਿੱਚ ਮੁਗ਼ਲਾਂ ਦੇ ਆਉਣ ਤੋਂ ਪਹਿਲਾਂ, ਬਹੁਤੇ ਕੱਪੜੇ, ਬਿਨਾਂ ਸੀਤੇ ਹੁੰਦੇ ਸਨ ਅਤੇ ਉਨ੍ਹਾਂ ਨੂੰ ਓੜਨ ਲਈ ਬੁਣਿਆ ਜਾਂਦਾ ਸੀ। ਮਰਦਾਂ ਲਈ ਲੁੰਗੀ, ਧੋਤੀ, ਵੇਸ਼ਟੀ, ਅੰਗਵਸਤਰ, ਪਗੜੀ, ਚੋਗੇ, ਵਾਸਕਟ ਅਤੇ ਸ਼ਾਲ ਅਤੇ ਔਰਤਾਂ ਲਈ ਸਾੜ੍ਹੀ, ਲੁੰਗੀ, ਬੁਣੇ ਹੋਏ ਛਾਤੀ ਢੱਕਣ ਦੇ ਕੱਪੜੇ, ਸਿਰ ਢਕਣ ਦਾ ਪਰਦਾ, ਸਕਾਰਫ ਅਤੇ ਸ਼ਾਲ ਆਦਿ ਹੱਥ ਖੱਡੀਆਂ ਉਪਰ ਬੁਣੇ ਵਰਗੀਕ੍ਰਿਤ ਕੱਪੜਿਆਂ ਵਿੱਚੋਂ ਆਏ। ਮੁਗ਼ਲ ਰਾਜਿਆਂ ਨੇ ਕਈ ਮੁਹਾਰਤਾਂ ਵਾਲੇ ਕਾਰੀਗਰ ਲਿਆਂਦੇ ਜਿਨ੍ਹਾਂ ਵਿੱਚ ਦਰਜ਼ੀ ਵੀ ਸਨ। ਫਾਰਸੀ ਸ਼ੇਰਵਾਨੀਆਂ, ਪਜ਼ਾਮੇ, ਸਲਵਾਰਾਂ, ਕੁੜਤੇ, ਸ਼ਰਾਰੇ ਅਤੇ ਫਲੇਅਰ ਵਾਲੇ ਲਹਿੰਗਿਆਂ ਨੇ ਵਾਰਾਨਸੀ ਦੇ ਸ਼ਾਨਦਾਰ ਬੁਣੇ ਰੇਸ਼ਮੀ ਕੱਪੜੇ ਅਤੇ ਬੰਗਾਲ ਦੀ ਮੁਲਾਇਮ ਮਲਮਲ ਦੀ ਮੰਗ ਬਹੁਤ ਵਧਾ ਦਿੱਤੀ ਜੋ 14ਵੀਂ ਅਤੇ 15ਵੀਂ ਸਦੀ ਦੇ ਭਾਰਤ ਅਤੇ ਯੂਰਪ ਦਰਬਾਰੀਆਂ ਲਈ ਸਿਲ ਕੇ ਬਹੁਤ ਵਧੀਆ ਕੱਪੜੇ ਬੁਣੇ ਗਏ। ਬਾਅਦ ਵਿੱਚ ਜਦੋਂ ਭਾਰਤ ਵਿੱਚ ਅੰਗਰੇਜ਼ੀ ਹਕੂਮਤ ਆਈ, ਮਾਨਚੈਸਟਰ ਅਤੇ ਲੰਕਾਸ਼ਾਇਰ ਦੀਆਂ ਕੱਪੜੇ ਦੀਆਂ ਮਿੱਲਾਂ ਵਿੱਚ ਮਸ਼ੀਨੀਕਰਨ ਆ ਜਾਣ ਨਾਲ ਉਪਨਿਵੇਸ਼ ਹੁਕਮਰਾਨ ਭਾਰਤੀ ਹੱਥ ਖੱਡੀ ਬੁਣਕਰਾਂ ਨੂੰ ਟੈਕਸਾਂ ਵਿੱਚ ਅਸਮਾਨਤਾ ਅਤੇ ਹੋਰ ਹੱਥ-ਕੰਡਿਆਂ ਰਾਹੀਂ ਇਕ ਨੁਕਾਤੀ ਪ੍ਰੋਗਰਾਮ ਹੇਠ ਖਤਮ ਕਰਨ ਵਿੱਚ ਲੱਗ ਗਏ। ਜੋ ਮਜਬੂਤ ਸੀ, ਉਹ ਬਚ ਗਿਆ ਪਰ ਸਭ ਤੋਂ ਥੱਲੇ ਦੇ ਗਰੀਬ ਜੋ ਇਸ ਮੁਕਾਬਲੇ ਵਿੱਚੋਂ ਬਾਹਰ ਸਨ, ਉਹ ਵੀ ਬਚ ਗਏ। ਉਨ੍ਹਾਂ ਵਿੱਚ ਬਹੁਤ ਸਨ ਸਾਦਾ ਬਹੁਤ ਉਪਯੋਗੀ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੇ ਸਕਾਰਫ ਦੇ ਉਤਪਾਦਕ, ਜਿਸ ਨੂੰ ਸਿਰਹਾਣੇ, ਤੌਲੀਏ, ਕਮਰਕਸੇ, ਪਗੜੀ, ਅੱਧੀ ਲੁੰਗੀ, ਬਿਸਤਰ ਦੀ ਚੱਦਰ, ਢੱਕਣ ਜਾਂ ਬੁੱਕਲ ਮਾਰਨ ਦੇ ਕੱਪੜੇ



*ਕਾਂਜੀਵਰਮ ਸਿਲਕ ਵਿੱਚ ਸ਼ੁੱਧ ਜਰੀ ਦਾ ਕੰਮ*

ਦੇ ਤੌਰ ਤੇ ਵੀ ਵਰਤਿਆ ਜਾਂਦਾ ਸੀ। ਕੁੱਝ ਸੰਸਕਾਰਕ ਰਵਾਇਤਾਂ ਜਿਵੇਂ ਕਿ ਗਾੜ੍ਹੇ ਲਾਲ ਰੰਗ ਦਾ ਪੰਛੀਆਂ ਦੀਆਂ ਕਲਾ-ਕ੍ਰਿਤੀਆਂ ਵਾਲਾ ਹੱਥ ਨਾਲ ਬੁਣਿਆ ਮੋਢੇ ਉਤੇ ਰੱਖਣ ਵਾਲਾ ਕੱਪੜਾ ਜੋ ਕਰਨਾਟਕ ਦੇ ਥਿਗਾਲ੍ਹਰੂ ਕਬੀਲੇ ਧਰਮਰਾਜ (ਯੁਧਿਸਟਰ) ਦੀ ਪੂਜਾ ਦੀਆਂ ਰਸਮਾਂ ਜਿਵੇਂ ਕਿ ਆਪਣੀਆਂ ਗੱਲ੍ਹਾਂ ਛਿਦਵਾਉਣਾ ਜਾਂ ਆਪਣੇ ਤਿਉਹਾਰਾਂ ਮੌਕੇ ਅੱਗ ਉਪਰ ਚਲਣ ਲਈ ਪਹਿਨਦੇ ਹਨ।



## ਨਿਰੰਤਰਤਾ

ਭਾਰਤ ਵਿੱਚ ਨਿਰੰਤਰਤਾ ਨੇ ਹੱਥ ਖੱਡੀ ਨੂੰ ਜਿੰਦਾ ਰਹਿਣ ਵਿੱਚ ਮਦਦ ਦਿੱਤੀ ਹੈ, ਪਹਿਲਾਂ ਕੱਪੜੇ ਦੀ ਕਿਸਮ ਅਤੇ ਡਿਜ਼ਾਈਨ ਨੂੰ ਇਕ ਅਰਥ ਦੇ ਕੇ ਪਵਿੱਤਰਤਾ ਲਿਆਉਣ ਨਾਲ, ਦੂਜਾ ਵਿਅਕਤੀਗਤ ਬੁਣਕਰ ਨੂੰ ਇਕ ਸਮਾਜ, ਖੇਤਰ ਅਤੇ ਧਰਮ ਦੀ ਪਛਾਣ ਅਤੇ ਉਸ ਦਾ ਹਿੱਸਾ ਹੋਣ ਦਾ ਅਹਿਸਾਸ ਅਤੇ ਤੀਜਾ ਜਾਤੀ ਪ੍ਰਥਾ ਦੇ ਚਲਣ ਰਾਹੀਂ ਜਿਸ ਨਾਲ ਅਚਲਤਾ ਯਕੀਨੀ ਹੋ ਸਕੀ। ਇਸ ਨੇ ਬੁਣਕਰਾਂ ਨੂੰ ਆਪਣੇ ਹੀ ਕਿੱਤੇ ਵਿੱਚ ਬੰਨ੍ਹ ਕੇ ਰੱਖ ਦਿੱਤਾ ਜੋ ਆਪਣੀਆਂ ਜੱਦੀ ਮੁਹਾਰਤਾਂ ਅਨੁਸਾਰ ਹੀ ਕੰਮ ਕਰਦੇ ਰਹੇ ਅਤੇ ਹੋਰ ਕਿਸੇ ਕਿੱਤੇ ਨੂੰ ਜੋ ਵਧੇਰੇ ਚੰਗਾ ਸਮਝਿਆ ਜਾਂਦਾ ਸੀ ਅਪਣਾਉਣ ਲਈ ਸੁਹਜ ਤੌਰ ਤੇ ਅਸਮਰਥ ਰਹੇ। ਬੁਣਕਰਾਂ ਦੇ ਅਮੀਰ ਅਤੇ ਸ਼ਕਤੀਸ਼ਾਲੀ ਸੰਗਠਨਾਂ ਨੇ, ਜਿਨ੍ਹਾਂ ਨੇ ਮੰਦਰਾਂ ਅਤੇ ਹੁਕਮਰਾਨਾਂ ਨੂੰ ਅਜਿਹੇ ਸਮੇਂ ਜਿਵੇਂ ਕਿ ਦੱਖਣੀ ਭਾਰਤ ਵਿੱਚ ਵਿਜੇਨਗਰ ਅਤੇ ਬ੍ਰਾਹਮਣੀ ਹੁਕਮਰਾਨ, ਬਾਅਦ ਦੇ ਸਮੇਂ ਵਿੱਚ ਕਦੇ ਵੀ ਦੁਰਵਰਤੋਂ ਕਰਨ ਵਾਲੇ ਵਪਾਰੀਆਂ ਅਤੇ ਸਮਾਜਕ ਅਸਮਾਨਤਾ ਜੋ ਆ ਗਈ ਕਾਰਨ, ਇਹੋ ਜਿਹਾ ਕੁੱਝ ਕਦੇ ਵੀ ਨਾ ਹੋ ਸਕਿਆ। ਇੰਗਲੈਂਡ ਵਿੱਚ ਕੱਪੜਾ ਮਿੱਲਾਂ ਵਿੱਚ ਮਸ਼ੀਨਰੀਕਰਨ ਆ ਜਾਣਾ, ਇਸ ਵਿਆਪਕ ਅਤੇ ਨਿਰੰਤਰ ਚਲੀ ਆ ਰਹੀ ਰਵਾਇਤ ਨੂੰ ਇਕ ਵੱਡਾ ਧੱਕਾ ਸੀ।

## ਗਾਹਕੀ

ਭੂਤ ਬਾਰੇ ਅੰਦਾਜ਼ਾ ਲਗਾਉਂਦੇ ਹੋਏ ਸਾਨੂੰ ਉਸ ਵੇਲੇ ਦੀ ਗਾਹਕੀ ਦੀ ਵੀ ਖੋਜ ਕਰਨੀ ਹੋਵੇਗੀ। ਜਿਵੇਂ ਕਿ ਉਪਰ ਕਿਹਾ ਗਿਆ ਹੈ, ਪੰਜ ਸੌ ਸਾਲ ਪਹਿਲਾਂ ਜਦੋਂ ਕੱਪੜੇ ਦਾ ਥਾਨ, ਉਸ ਦੀ ਸ਼ਕਲ ਧਾਰਨ ਕਰਨ ਨਾਲੋਂ ਵਧੇਰੇ ਅਹਿਮੀਅਤ ਰਖਦਾ ਸੀ, ਹਰ ਕੋਈ ਆਪਣੇ ਆਪ ਦੁਆਲੇ ਹੱਥ ਨਾਲ ਬੁਣਿਆ ਕੱਪੜਾ ਲਪੇਟ ਲੈਂਦਾ ਸੀ। ਹੱਥ ਖੱਡੀ ਬੁਣਕਰ, ਹਰ ਕਿਸਮ ਦੇ ਗਾਹਕਾਂ ਨੂੰ ਮਾਲ ਸਪਲਾਈ ਕਰਦੇ ਸਨ। ਮੁਗ਼ਲਾਂ ਦੇ ਸੀਤੇ ਕੱਪੜਿਆਂ ਨਾਲ, ਦਰਬਾਰੀ ਅਤੇ ਉੱਚ ਸ਼੍ਰੇਣੀਆਂ ਨੇ ਮਹਿੰਗੇ ਕੱਪੜੇ ਵਰਤਨੇ ਸ਼ੁਰੂ ਕੀਤੇ ਜਦੋਂ ਕਿ ਗਰੀਬ ਤਬਕਾ ਆਮ ਕੱਪੜੇ ਹੀ ਵਰਤੋਂ ਵਿੱਚ ਲਿਆਉਂਦਾ ਰਿਹਾ ਅਤੇ ਉਹ ਕੁੱਝ ਸੀਤੇ ਹੋਏ ਕੱਪੜੇ, ਜਿਵੇਂ ਕਿ ਪਜਾਮੇ, ਬਲਾਊਜ਼ ਅਤੇ ਕੁੜਤੇ ਆਦਿ ਵੀ ਪਹਿਨਣ ਲੱਗੇ।

ਅੱਜ, ਸ਼ਹਿਰੀ ਦਰਮਿਆਨਾ ਦਰਜਾ ਲੋਕ ਦੂਸਰੇ ਸਭਿਆਚਾਰਕ ਰਹਿਣ-ਸਹਿਣ ਤੋਂ ਆਯਾਤ ਕੀਤੇ ਕੱਪੜੇ ਪਹਿਨਣ ਲੱਗੇ ਹਨ ਅਤੇ ਭਾਰਤ ਦੇ ਭਾਂਤ-ਭਾਂਤ ਦੇ ਕੱਪੜਿਆਂ ਦੇ ਆਪਣੇ ਵਿਰਸੇ ਨੂੰ ਭੁੱਲ ਗਏ ਹਨ। ਵਿਸ਼ਵੀ ਫੈਸ਼ਨ ਵੀ ਹੱਥਖੱਡੀ ਦੇ






ਕੱਪੜਿਆਂ ਦੀ ਵਰਤੋਂ ਨਹੀਂ ਕਰਦਾ ਅਤੇ ਸਿੰਥੈਟਿਕ ਕੱਪੜਿਆਂ ਦੀ ਚਮਕ ਦਮਕ ਗਾਹਕਾਂ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ। ਜਦੋਂ ਕਦੇ ਸਥਾਨਕ ਸਮਾਜਾਂ ਨੇ ਆਪਣੇ ਰਹਿਣ ਸਹਿਣ ਦੇ ਹਾਲਾਤ ਵਿੱਚ ਹੱਥ ਖੱਡੀ ਕੱਪੜਿਆਂ ਦੀ ਵਿਰਾਸਤ ਦੀ ਕਦਰ ਵੀ ਕੀਤੀ ਹੈ ਤਾਂ ਵੀ ਉਹ ਖੋਜ ਵਿੱਚ ਹੀ ਰਹੀ। ਹਾਲ ਹੀ ਦੇ ਸਮੇਂ ਵਿੱਚ ਦਿਲ ਨੂੰ ਤਸੱਲੀ ਦੇਣ ਵਾਲੀ ਪੁਨਰ ਸੁਰਜੀਤੀ ਜ਼ਰੂਰ ਹੋਈ ਹੈ ਜਿਸ ਦਾ ਜ਼ਿਕਰ ਇਸ ਲੇਖ ਵਿੱਚ ਬਾਅਦ ਵਿੱਚ ਕੀਤਾ ਜਾਵੇਗਾ।

**ਅਜ਼ਾਦ ਭਾਰਤ ਵਿੱਚ ਪ੍ਰਸ਼ਾਸਨ**

ਅਜ਼ਾਦੀ ਤੋਂ ਪਹਿਲਾਂ, ਭਾਰਤ ਵਿੱਚ ਕਿਸੇ ਕਿਸਮ ਦੇ ਕੱਪੜੇ ਦੀ ਮੰਡੀ, ਉਸ ਸਮੇਂ ਦੇ ਹੁਕਮਰਾਨਾਂ ਵਲੋਂ ਲਾਗੂ ਕੀਤੇ ਕੁੱਝ ਕਾਨੂੰਨਾਂ ਨਾਲ ਮੰਡੀ ਦੀਆਂ ਤਾਕਤਾਂ ਵਲੋਂ ਚਲਾਈ ਜਾ ਰਹੀ ਸੀ। 1947 ਤੋਂ ਬਾਅਦ, ਸਰਕਾਰ ਵਲੋਂ ਮੁਹੱਈਆ ਲੋਕ ਭਲਾਈ, ਵਿਕਾਸ ਅਤੇ ਮੱਦਦਗਾਰੀ ਪ੍ਰਨਾਲੀ ਮਹਾਤਮਾ ਗਾਂਧੀ ਅਤੇ ਰਾਸ਼ਟਰੀ ਖਾਦੀ ਲਹਿਰ ਦੀਆਂ ਕੋਸ਼ਿਸ਼ਾਂ ਨਾਲ ਚਲਾਈ ਗਈ ਜਿਸ ਤੋਂ ਬਾਅਦ ਕਮਲਾਦੇਵੀ ਚਟੋਪਾਧਿਆਏ ਅਤੇ ਬਾਅਦ ਵਿੱਚ ਪੁਪਲ ਜਯਾਕਰ ਜੋ ਅਸਰ ਪਾਉਣ ਯੋਗ ਸਥਿਤੀ ਵਿੱਚ ਸਨ, ਨੇ ਇਸ ਦੇ ਢਾਂਚਾਗਤ ਪੁਨਰ ਸੁਰਜੀਤੀ ਦੀਆਂ ਕੋਸ਼ਿਸ਼ਾਂ ਕੀਤੀਆਂ। ਪਰ ਅਜ਼ਾਦੀ ਤੋਂ ਬਾਅਦ ਉਦਯੋਗੀਕਰਨ ਨਾਲ ਮਿੱਲਾਂ ਦੇ ਬਣੇ



ਕੱਪੜੇ, ਸਿੰਥੈਟਿਕ ਅਤੇ ਬਿਜਲੀ ਖੱਡੀ ਦੇ ਕੱਪੜਿਆਂ ਨੇ ਜੋ ਕੰਮਕਾਜੀ ਵਰਗ ਨੂੰ ਵਧੇਰੇ ਸਹੂਲਤ ਵਾਲੇ ਲੱਗੇ, ਬੁਣਕਰਾਂ ਦੀ ਅਬਾਦੀ ਨੂੰ ਬਹੁਤ ਘਟਾ ਦਿੱਤਾ।

ਪਹਿਲਾਂ ਪੁਨਰ ਸੁਰਜੀਤੀ ਅਤੇ ਬਾਅਦ ਦੇ ਦਹਾਕਿਆਂ ਵਿੱਚ ਮੰਡੀਆਂ, ਨਿਰਯਾਤ ਅਤੇ ਸਬਸਿਡੀਆਂ ਉਪਰ ਬਿਨਾਂ ਢੰਗ ਨਾਲ ਇਹ ਜਾਣੇ ਕਿ ਕੀ ਕੁੱਝ ਹੈ, ਕੀ ਵਿਕਾਸ ਕਰ ਰਿਹਾ ਹੈ ਜਾਂ ਖਤਮ ਹੋ ਰਿਹਾ ਹੈ ਜਾਂ ਅਸਲ ਵਿੱਚ ਜੀਵਨ ਵਰਧਕ ਮੱਦਦ ਦੀ ਲੋੜ ਹੈ ਜਾਂ ਨਹੀਂ, ਉਪਰ ਜ਼ੋਰ ਦਿੱਤਾ ਗਿਆ। ਜਿਥੇ ਕਈ ਵੱਖ-ਵੱਖ ਸਰੋਤਾਂ ਤੋਂ ਤਾਜ਼ਾ ਸਥਿਤੀ ਬਾਰੇ ਗਿਆਨ ਉਪਲਬਧ ਹੈ, ਇਸ ਨੂੰ ਮਜ਼ਬੂਤ ਕਰਨ, ਪੜਚੋਲ ਅਤੇ ਇਸ ਦਾ ਮੁਲਾਂਕਣ ਇਕ ਸਹੀ ਵਿਵਸਾਇਕ ਤਰੀਕੇ ਨਾਲ ਨਹੀਂ ਕੀਤਾ ਗਿਆ। ਜਦੋਂ ਫੰਡਾਂ ਦਾ ਟੀਚਾ ਅਟਕਲਪੱਚੂ ਤਰੀਕੇ ਅਤੇ ਬਿਨਾਂ ਪਾਰਦਰਸ਼ਿਤਾ ਦੇ ਮਿਥਿਆ ਜਾਂਦਾ ਹੈ, ਉਹ ਆਮ ਤੌਰ ਤੇ ਅਸਲ ਲਾਭਪਾਤਰ ਕੋਲ ਨਹੀਂ ਪਹੁੰਚਦੇ ਜਿਨ੍ਹਾਂ ਨਾਲ ਇਨ੍ਹਾਂ ਤੋਂ ਵਾਂਝੇ ਬੁਣਕਰ ਹੋਰ ਗਰੀਬੀ ਦੀ ਦਿਸ਼ਾ ਵਿੱਚ ਰਹਿ ਜਾਂਦੇ ਹਨ। ਉਹ ਹਾਰ ਕੇ ਆਪਣੇ ਪੇਂਡੂ ਪਰਵਾਸ ਵਿੱਚ ਬੁਣਨਾ ਛੱਡ ਦਿੰਦੇ ਹਨ ਅਤੇ ਸ਼ਹਿਰਾਂ ਵਿੱਚ ਰਿਕਸ਼ਾ ਚਲਾਉਣ ਜਾਂ ਮੂੰਗਫਲੀ ਵੇਚਣ ਲੱਗ ਜਾਂਦੇ ਹਨ।

1980 ਦੇ ਦਹਾਕੇ ਦੇ ਮੱਧ ਤੋਂ ਹੋਏ ਬਿਜਲੀ ਖੱਡੀ ਦੇ ਤੇਜ਼ ਵਿਕਾਸ ਦਾ ਮੁਕਾਬਲਾ ਉਪਭੋਗਤਾ ਨੂੰ ਇਹ ਸਿੱਖਿਆ ਦੇ ਕੇ ਨਹੀਂ ਕੀਤਾ ਗਿਆ ਕਿ ਫਰਕ ਕਿਵੇਂ ਪਛਾਣਿਆ ਜਾਵੇ ਅਤੇ ਅਯੋਗ ਦਖਲ ਅੰਦਾਜ਼ੀ ਨੂੰ ਕਿਸ ਤਰ੍ਹਾਂ ਨਿਯਮਬੱਧ ਕੀਤਾ ਜਾਵੇ। ਇਸ ਨੇ ਹੱਥ ਖੱਡੀ ਨੂੰ ਨੁਕਸਾਨ ਪਹੁੰਚਾਇਆ। ਨਿੱਜੀ ਖੇਤਰ ਦੇ ਚਮਕ ਦਮਕ ਵਾਲੇ ਵਿਗਿਆਪਨਾਂ ਅੱਗੇ ਸਰਕਾਰੀ ਏਜੰਸੀਆਂ ਵੀ ਬੇਅਸਰਦਾਰ ਹੁੰਦੀਆਂ ਗਈਆਂ। ਬਦਕਿਸਮਤੀ ਨਾਲ, ਮੁੱਢਲੀ ਵਚਨਬੱਧਤਾ ਅਤੇ ਜਜਬਾ ਖਤਮ ਹੋ ਗਿਆ ਅਤੇ ਸਮਾਜਕ ਅਤੇ ਵਪਾਰਕ ਕਾਰਜਾਂ ਦੀਆਂ ਛੋਟੀਆਂ ਛੋਟੀਆਂ ਚੈਨਲਾਂ, ਰਾਜ ਮੰਡੀਕਰਨ ਸੰਸਥਾਵਾਂ ਅਤੇ ਸਰਕਾਰੀ ਢਾਂਚਿਆਂ ਵਿੱਚ ਫੈਲ ਗਿਆ। ਸਰਕਾਰੀ ਦਖਲ ਅੰਦਾਜ਼ੀਆਂ ਬਹੁਤ ਸਹੀ ਪਰ ਅਣਮਨੇ ਤਰੀਕੇ ਲਾਗੂ ਕੀਤੀਆਂ, ਤੋਂ ਲੈ ਕੇ ਗ਼ੈਰ ਸੋਚੀਆਂ ਸਮਝੀਆਂ ਅਤੇ ਨਜ਼ਰਅੰਦਾਜ਼ ਕਰ ਦੇਣ ਵਾਲੀਆਂ ਰਹੀਆਂ।


ਪਿਛਲੇ ਕੁੱਝ ਦਹਾਕਿਆਂ ਵਿੱਚ, ਰਾਜ ਦਰਬਾਰ



*ਹੱਥ-ਖੱਡੀ ਨਾਲ ਵਸਤਰ ਨਿਰਮਾਣ ਵਿੱਚ ਲੱਗੀ ਇਕ ਔਰਤ*

ਦੀ ਸਰਪ੍ਰਸਤੀ ਅਤੇ ਦੁਨੀਆਂ ਦੇ ਬਜ਼ਾਰਾਂ ਵਿੱਚ ਬੇਰੋਕਟੋਕ ਮੌਕਿਆਂ ਦੀ ਗ਼ੈਰ ਮੌਜੂਦਗੀ ਵਿੱਚ, ਇਹ ਮੰਨਣਾ ਢੁਕਵਾਂ ਹੋਵੇਗਾ ਕਿ ਇਹ ਕਈ ਕਿਸਮ ਦੀਆਂ ਸਰਕਾਰੀ ਦਖਲਅੰਦਾਜ਼ੀਆਂ ਹੀ ਸਨ ਜਿਨ੍ਹਾਂ ਨੇ ਹੱਥ ਖੱਡੀ ਅਤੇ ਖਾਦੀ ਨੂੰ ਹਰ ਪੱਧਰ ਉਤੇ ਜ਼ਿੰਦਾ ਰਖਿਆ, ਭਾਵੇਂ ਇਹ ਗਿਣਤੀ ਵਿੱਚ ਬਹੁਤ ਘੱਟ ਰਹਿ ਗਈ।

ਇਸ ਖੇਤਰ ਵਿੱਚ, ਪੁਨਰ ਸੁਰਜੀਤੀ ਅਤੇ ਨਵੀਆਂ ਖੋਜਾਂ ਦੀਆਂ ਸਭ ਤੋਂ ਵਧੀਆ ਦਖਲ ਅੰਦਾਜ਼ੀਆਂ ਦੀ ਪਛਾਣ ਤਜਰਬਾਕਾਰ ਸਿਰਜਨਾਤਮਕ ਵਿਅਕਤੀਆਂ ਅਤੇ ਸੰਸਥਾਨਾਂ ਤੱਕ ਕੀਤੀ ਜਾ ਸਕਦੀ ਹੈ ਜੋ ਸ਼ਿਲਪਾਂ ਅਤੇ ਕੱਪੜਾ ਉਦਯੋਗ ਵਿੱਚ ਜੁੜੇ ਹਨ। ਇਸ ਦੀਆਂ ਕੁਝ ਉਦਾਹਰਣਾਂ ਹਨ ਸਰਕਾਰ ਦਾ ਵਿਸ਼ਵਕਰਮਾ ਪ੍ਰਾਜੈਕਟ ਅਤੇ 1980 ਦੇ ਦਹਾਕੇ ਦੀਆਂ ਨੁਮਾਇਸ਼ਾਂ ਅਤੇ ਸੈਂਕੜੇ ਹੀ ਹੱਥ ਖੱਡੀ ਐਕਸਪੋਰਟ ਜੋ ਸਰਕਾਰ ਨੇ 70 ਅਤੇ 80 ਦੇ ਦਹਾਕਿਆਂ ਦੇ ਬਾਅਦ ਦੇ ਸਾਲਾਂ ਵਿੱਚ ਸਮੁੱਚੇ ਦੇਸ਼ ਵਿੱਚ ਲਗਾਏ। ਪਿਛਲੇ ਦੋ ਦਹਾਕਿਆਂ ਵਿੱਚ ਮੰਡੀ ਦੀਆਂ ਸ਼ਕਤੀਆਂ ਫਿਰ ਹੌਲੀ-ਹੌਲੀ ਆ ਰਹੀਆਂ ਹਨ। ਇਸ ਨੇ ਹੱਥ ਖੱਡੀ ਨੂੰ ਅਜਿਹੇ ਹਾਲਾਤ ਵਿੱਚ ਮੁੜ ਤੋਂ ਸੁਰਜੀਤ ਕੀਤਾ ਹੈ ਜਿਥੇ ਉਨ੍ਹਾਂ ਦਾ ਜੋੜ-ਮੇਲ ਅਸਰਦਾਰ ਮੰਡੀਕਰਨ ਪਲੇਟਫਾਰਮਾਂ, ਫੈਸ਼ਨ ਉਦਯੋਗ ਦੇ ਤੱਤਾਂ ਨਾਲ ਕੀਤਾ ਗਿਆ ਹੈ ਅਤੇ ਭਾਰਤੀ ਬੁਣੇ ਕੱਪੜਿਆਂ ਦਾ ਕਾਰੋਬਾਰ ਵਧਾਉਣ ਵਾਲਿਆਂ ਦੀ ਵਧ ਰਹੀ ਗਿਣਤੀ ਵਲੋਂ ਮਾਨਤਾ ਦਿੱਤੇ ਜਾ ਰਹੇ ਹਨ।



## ਮਦਦਗਾਰ ਪ੍ਰਣਾਲੀਆਂ ਨੂੰ ਤਾਜ਼ਾ ਦਮ ਕਰਨ ਲਈ ਸੰਭਾਵਤ ਨਵੀਆਂ ਪਹੁੰਚਾਂ

ਹੱਥ ਖੱਡੀ ਖੇਤਰ ਨੂੰ ਤਾਜ਼ਾ ਦਮ ਕਰਨ ਦੀਆਂ ਪ੍ਰਸ਼ਾਸਨਕ ਪ੍ਰਣਾਲੀਆਂ ਦੀ ਕਾਰਗੁਜ਼ਾਰੀ ਉਪਰ ਤੁਰੰਤ ਮੁੜ ਵਿਚਾਰ ਕਰਨ ਦੀ ਲੋੜ ਹੈ। ਇਸ ਨੂੰ ਵੱਡੀਆਂ ਸੰਭਾਵਨਾਵਾਂ ਵਾਲੇ ਖੇਤਰ ਦੇ ਤੌਰ ਤੇ ਦੇਖਣਾ ਚਾਹੀਦਾ ਹੈ ਨਾ ਕਿ ਇਕ ਖਤਮ ਹੋ ਰਹੇ ਖੇਤਰ ਦੇ ਤੌਰ ਤੇ ਜਿਸ ਨੂੰ ਦਇਆ ਦੀ ਲੋੜ ਹੈ। ਇਸ ਦੇ ਵਿਕਾਸ ਲਈ ਚਾਲੂ ਸਕੀਮਾਂ ਅਤੇ ਯੋਜਨਾਵਾਂ ਨੂੰ ਵਧੇਰੇ ਅਸਲੀਅਤ ਨਾਲ ਜੁੜੀਆਂ ਕਿਸਮਾਂ ਨਾਲ ਬਦਲ ਦੇਣਾ ਚਾਹੀਦਾ ਹੈ। ਇਸ ਗ਼ੈਰ ਸੰਗਠਤ, ਵਧੇਰੇ ਕਰਕੇ ਖੁਦ ਰੋਜ਼ਗਾਰੀ ਖੇਤਰ ਲਈ ਵਧੇਰੇ ਲਚੀਲੀ ਪਹੁੰਚ ਦੀ ਲੋੜ ਹੈ ਤਾਂ ਕਿ ਸ਼ਿਲਪਕਾਰਾਂ ਨੂੰ ਜਾਣਕਾਰੀ ਦਿੱਤੀ ਜਾ ਸਕੇ ਕਿ ਉਹ ਮੁਦਰਾ ਕਰਜ਼ਿਆਂ ਅਤੇ ਸਟਾਰਟ ਅਪ ਅਤੇ ਸਕਿਲ ਇੰਡੀਆ ਪ੍ਰੋਗਰਾਮਾਂ ਤੋਂ ਕਿਸ ਤਰ੍ਹਾਂ ਲਾਭ ਉਠਾ ਸਕਦੇ ਹਨ। ਇਸ ਖੇਤਰ ਵੱਲ ਢੁਕਵੇਂ ਤਰੀਕੇ ਹੁੰਗਾਰਾ ਭਰਨ ਲਈ, ਬੈਂਕਰਾਂ ਨੂੰ ਵੀ ਵਧੇਰੇ ਸਿਖਲਾਈ ਦੇਣ ਅਤੇ ਸੰਵੇਦਨਸ਼ੀਲ ਕਰਨ ਦੀ ਲੋੜ ਹੈ। ਮਹਾਤਮਾ ਗਾਂਧੀ ਨਰੇਗਾ ਪ੍ਰੋਗਰਾਮ ਬੁਣਕਰਾਂ ਨੂੰ ਲਾਭ ਨਹੀਂ ਦਿੰਦੇ ਅਤੇ ਖੋ ਰਹੀਆਂ ਮੁਹਾਰਤਾਂ ਬਾਰੇ ਸਿੱਖਿਆ ਨਹੀਂ ਦਿੰਦੇ। ਮੁਹਾਰਤਾਂ ਬਣਾ ਕੇ ਰੱਖਣਾ, ਆਮ ਤੌਰ ਤੇ ਘਾਟੇ ਦਾ ਕੰਮ ਹੈ। ਮੁਹਾਰਤ ਦੇਣ ਵਾਲੇ ਕਰਮਚਾਰੀਆਂ, ਹੱਥ ਖੱਡੀਆਂ ਅਤੇ ਮਹਾਤਮਾ ਗਾਂਧੀ ਨਰੇਗਾ ਕਰਮਚਾਰੀਆਂ ਵਿੱਚ ਵਧੇਰੇ ਚੰਗਾ ਤਾਲਮੇਲ, ਉਨ੍ਹਾਂ ਨੂੰ ਇਕ ਦੂਜੇ ਦੇ ਖਿਲਾਫ ਜਾਣ ਤੋਂ ਰੋਕ ਸਕਦਾ ਹੈ।

ਵਾਜਬ ਕੀਮਤਾਂ ਉਤੇ ਉੱਤਮ ਕਿਸਮ ਦੇ ਧਾਗੇ ਤੱਕ ਪਹੁੰਚ ਵਿੱਚ ਆਉਣ ਵਾਲੀਆਂ ਕਠਿਨਾਈਆਂ ਬਦਲਵੇਂ ਧਾਗੇ ਜਿਵੇਂ ਕਿ ਪਟਸਨ, ਸਜੀਵੀ ਸੂਤ ਅਤੇ ਲਿਨਨ ਬਾਰੇ ਗਿਆਨ ਦੀ ਕਮੀ ਨੂੰ ਦੂਰ ਕਰਨ ਦੀ ਲੋੜ ਹੈ। ਇਹ ਉਹ



ਖੇਤਰ ਹੈ ਜਿਥੇ ਕੱਪੜਾ ਮਾਹਰ ਅਤੇ ਫੈਸ਼ਨ ਡਿਜ਼ਾਈਨਰ ਨਵੇਂ ਡਿਜ਼ਾਈਨਾਂ ਨਾਲ ਨਵੇਂ-ਨਵੇਂ ਕੱਪੜੇ ਬਣਾ ਸਕਦੇ ਹਨ ਅਤੇ ਨਵੀਂ ਬੁਣਤੀ ਪਾ ਸਕਦੇ ਹਨ ਜੋ ਹੱਥ ਖੱਡੀਆਂ ਉਪਰ ਬੁਣਨਯੋਗ ਹੋਣ ਅਤੇ ਫੈਸ਼ਨ ਉਦਯੋਗ ਦੀਆਂ ਲੋੜਾਂ ਅਨੁਸਾਰ ਬਣਾਏ ਹੋਣ। ਤੁਰਤੋ-ਫੁਰਤੀ ਕੀਤੇ ਜਾਣ ਵਾਲੇ ਫੈਸ਼ਨ ਸ਼ੋ ਅਤੇ ਤੁਰੰਤ ਨਤੀਜੇ ਮਿਲ ਜਾਣ ਵਾਲੇ ਉਤਸ਼ਾਹਿਤ ਕਰਨ ਵਾਲੇ ਪ੍ਰੋਗਰਾਮਾਂ ਨਾਲੋਂ 2 ਸਾਲ ਇਸ ਕੰਮ ਵਿੱਚ ਸਖਤ ਮਿਹਨਤ ਕਰਕੇ ਚੰਗੇ ਤਰੀਕੇ ਹਾਸਲ ਕੀਤੇ ਜਾ ਸਕਦੇ ਹਨ।

ਕੁਦਰਤੀ ਰੰਗਾਈ ਕਰਨ ਦੀ ਸਿਖਲਾਈ, ਉਸ ਦੀ ਪੁਨਰ ਸੁਰਜੀਤੀ ਅਤੇ ਉਸਨੂੰ ਅਪਣਾਉਣ ਉਪਰ ਸਿੱਧਿਆਂ ਜ਼ੋਰ ਦੇਣ ਨਾਲ ਵਾਤਾਵਰਨ ਪ੍ਰਦੂਸ਼ਨ ਨੂੰ ਬਹੁਤ ਘੱਟ ਕਰਨ ਵਿੱਚ ਮਦਦ ਮਿਲੇਗੀ ਅਤੇ ਦੁਨੀਆਂ ਵਿੱਚ ਇਸ ਦੀ ਪਸੰਦਗੀ ਵਿੱਚ ਵਾਧਾ ਹੋਵਗਾ। ਕੁਦਰਤੀ ਰੰਗਾਈ ਪ੍ਰਕਿਰਿਆ ਦੇ ਨਿਕਾਸ ਪਦਾਰਥ ਭੂਮੀ ਵਿੱਚ ਜਜ਼ਬ ਹੋਣ ਵਾਲੇ ਹੁੰਦੇ ਹਨ। ਕੁਦਰਤੀ ਰੰਗਾਈ ਭਵਿੱਖ ਵਿੱਚ ਇਕ ਵੱਡੀ ਸੰਪਤੀ ਬਣ ਸਕਦੀ ਹੈ ਕਿਉਂਕਿ ਸਮੁੱਚੇ ਦੇਸ਼ ਵਿੱਚ ਕੁਦਰਤੀ ਰੰਗਾਈ ਦੇ ਗਿਆਨ ਦਾ ਇਕ ਵੱਡਾ ਭੰਡਾਰ ਹੈ।

ਪਹਾੜਾਂ ਅਤੇ ਸਮੁੰਦਰੀ ਤਟ ਖੇਤਰਾਂ ਵਿੱਚ ਵੱਖ-ਵੱਖ ਕੁਦਰਤੀ ਰੇਸ਼ਿਆਂ ਦੀ ਵਰਤੋਂ ਦਾ ਬਾਂਸ, ਅਨਾਨਾਸ ਅਤੇ ਕੇਲੇ ਦੇ ਰੇਸ਼ਿਆਂ ਦੀ ਅੰਤਰਰਾਸ਼ਟਰੀ ਸਾਂਝ ਨਾਲ ਵਿਕਾਸ ਕੀਤਾ ਜਾ ਸਕਦਾ ਹੈ। ਅਜਿਹਾ ਨਵਾਂ ਕੱਚਾ ਮਾਲ, ਬੁਣਕਰਾਂ ਨੂੰ ਹੱਥ ਖੱਡੀ ਖੇਤਰ ਵਿੱਚ ਨਵੇਂ ਜੀਵਕ ਸਰੋਤ ਤਿਆਰ ਕਰਨ ਲਈ ਆਕਰਸ਼ਤ ਕਰ ਸਕਦਾ ਹੈ।

ਵਿਸ਼ਾਲ ਆਨ ਲਾਈਨ ਪੇਸ਼ਾਵਰਾਂ ਜਿਵੇਂ ਕਿ ਅਮਾਜ਼ੋਨ, ਫਲਿਪਕਾਰਟ ਰਾਹੀਂ ਮੰਡੀਕਰਨ ਦੇ ਮੌਕੇ ਤੇਜ਼ੀ ਨਾਲ ਵਧ ਰਹੇ ਹਨ ਅਤੇ ਨਵੀਂ ਇੰਡੀਮਾਰਟ ਦਸਤਕਾਰੀ ਅਤੇ ਹੱਥ ਖੱਡੀ ਖੇਤਰ ਵਿੱਚ ਆਪਣਾ ਪਸਾਰ ਫੈਲਾ ਰਹੀ ਹੈ। ਕੁੱਝ ਨਿੱਜੀ ਵਿਅਕਤੀ ਵੀ ਹਨ ਜੋ ਹੱਥ ਖੱਡੀ ਦੇ ਅਦੁੱਤੀ ਕਿਸਮ ਦੇ ਕੱਪੜੇ ਸੀਮਤ ਗਾਹਕਾਂ ਨੂੰ ਵੇਚ ਰਹੇ ਹਨ। ਬੁਣਕਰਾਂ ਨੂੰ ਇਨ੍ਹਾਂ ਮੰਡੀਆਂ ਦੇ ਨਫੇ ਨੁਕਸਾਨ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਕਿ ਉਹ ਆਪਣੇ ਆਪ ਨੂੰ ਮਾਲ ਆਰਡਰ ਅਨੁਸਾਰ ਸਮੇਂ ਸਿਰ ਸਪਲਾਈ ਕਰਨ ਲਈ ਤਿਆਰ ਕਰ ਲੈਣ। ਸ਼ਿਲਪਕਾਰ ਆਪਣੇ ਆਪ ਵੀ ਫੇਸਬੁੱਕ ਅਕਾਊਂਟ ਅਤੇ ਇਥੋਂ ਤੱਕ ਕਿ ਵੈੱਬਸਾਈਟ ਵੀ ਬਣਾ ਰਹੇ ਹਨ ਤਾਂ ਕਿ ਆਪਣੇ ਕੰਮਾਂ ਦਾ ਦਿਖਾਵਾ ਕਰ ਸਕਣ।

ਬਹੁਤੇ ਸਾਦੇ ਪਰ ਪ੍ਰਤਿਭਾਸ਼ਾਲੀ ਬੁਣਕਰ ਅਤੇ ਬੁਣਕਰਾਂ ਦੇ ਅਦਾਰੇ ਇਹ ਸਮਝਣ ਤੋਂ ਅਸਮਰੱਥ ਹਨ ਕਿ ਮਾਲ ਇਕ ਰਾਜ ਤੋਂ ਦੂਸਰੇ ਰਾਜ ਵਿੱਚ ਭੇਜਣ ਲਈ ਕੀ ਕਾਗਜ਼ੀ ਕਾਰਵਾਈ ਕਰਨੀ ਜ਼ਰੂਰੀ ਹੈ। ਜਦੋਂ ਤੱਕ ਨਵੀਂ ਜੀ ਐੱਸ ਟੀ ਪ੍ਰਣਾਲੀ ਹੋਂਦ ਵਿੱਚ ਨਹੀਂ ਆ ਜਾਂਦੀ, ਅੰਤਰਰਾਜੀ ਮਾਲ ਭੇਜਣ ਅਤੇ ਹਾਸਲ ਕਰਨ ਲਈ ਵਰਤਮਾਨ ਕਾਇਦੇ ਕਾਨੂੰਨ ਬਹੁਤ ਗੁੰਝਲਦਾਰ ਹਨ ਅਤੇ ਬਹੁਤੇ ਲੋਕ ਇਨ੍ਹਾਂ ਤੋਂ ਅਨਜਾਣ ਹਨ। ਟੈਕਸਾਂ ਦਾ ਡਰ ਅਤੇ ਅੱਜ ਦੀਆਂ ਪ੍ਰਕਿਰਿਆਵਾਂ ਬਾਰੇ ਆਮ ਅਗਿਆਨਤਾ ਮੰਡੀਆਂ ਦੀ ਸਹਿਜ ਪਹੁੰਚ ਅਤੇ ਉਨ੍ਹਾਂ ਦੇ ਪਸਾਰ ਵਿੱਚ ਭਾਰੀ ਹਾਨੀਕਾਰਕ ਹਨ।

ਘਰੇਲੂ ਮਾਰਕੀਟ ਵਿੱਚ ਵਿੱਕਰੀ ਵਧਾਉਣ ਲਈ ਵਿਸ਼ੇਸ਼ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਇਸ ਨੇ ਖਰੀਦ ਸ਼ਕਤੀ, ਸਭਿਆਚਾਰਕ ਸਾਂਝ ਅਤੇ ਸੌਂਦਰਯ ਆਕਰਸ਼ਨ ਵਧਾਇਆ ਹੈ। ਬਹੁ-ਪੱਖੀ ਅਤੇ ਬਹੁ-ਮੰਜ਼ਲਾਂ ਵਾਲੀਆਂ ਸਜਾਵਟੀ ਮੰਡੀਆਂ ਦਾ ਭਾਰਤੀ ਸੋਹਜ ਮੁਤਾਬਕ ਵਿਕਾਸ ਕਰਨਾ ਚਾਹੀਦਾ ਹੈ। ਇਸ ਨੂੰ ਨਿਰਯਾਤ ਦੀ ਬਲੀ ਨਹੀਂ ਚੜ੍ਹਾਉਣਾ ਚਾਹੀਦਾ ਜਿਸ ਲਈ ਹੱਥ ਖੱਡੀ ਖੇਤਰ ਤਿਆਰ ਨਹੀਂ ਹੈ ਕਿਉਂਕਿ ਇਹ ਖੇਤਰ ਵੱਡੇ ਪੈਮਾਨੇ ਉਤੇ ਮਿਆਰੀਕ੍ਰਿਤ ਕੱਪੜੇ ਉਤਪਾਦਨ ਨਹੀਂ ਕਰ ਸਕਦਾ। ਅਜਿਹੇ ਹਾਲਤਾਂ ਵਿੱਚ, ਬਿਜਲੀ ਨਾਲ ਚਲਣ ਵਾਲੀਆਂ ਖੱਡੀਆਂ ਦੇ ਕੱਪੜੇ ਨੂੰ ਹੱਥ ਖੱਡੀ ਦੇ ਕੱਪੜੇ ਦੇ ਤੌਰ ਤੇ ਵੇਚਿਆ ਅਤੇ ਨਿਰਯਾਤ ਕੀਤਾ ਜਾਂਦਾ ਹੈ। ਇਸ ਨਾਲ ਕਦੇ ਵੀ ਵਿਸ਼ਵਾਸਯੋਗਤਾ ਉਪਰ ਗਹਿਰੇ ਸਵਾਲ ਉੱਠ ਖੜ੍ਹੇ ਹੋ ਸਕਦੇ ਹਨ।

ਗ਼ੈਰ ਸਰਕਾਰੀ ਸੰਗਠਨ ਖੇਤਰ ਨੂੰ ਸਰਕਾਰ ਨਾਲ ਇਕ ਖੁੱਲ੍ਹੇ, ਪਾਰਦਰਸ਼ੀ ਅਤੇ ਇਮਾਨਦਾਰ ਭਾਈਵਾਲੀ ਤਰੀਕੇ ਨਾਲ ਕੰਮ ਲਈ ਖਟ-ਖਟਾਇਆ ਨਹੀਂ ਗਿਆ ਹੈ। ਇਸ ਗ਼ੈਰ ਵਰਤੋਂ ਕੀਤੇ ਸਰੋਤ ਦਾ ਵਿਕਾਸ ਕਰਨਾ ਚਾਹੀਦਾ ਹੈ। ਗ਼ੈਰ ਸਰਕਾਰੀ ਸੰਗਠਨਾਂ ਤੋਂ ਉਨ੍ਹਾਂ ਦੇ ਆਪਣੇ ਖੇਤਰ ਵਿੱਚ ਵਧੀਆ ਅਮਲ ਤਰੀਕਿਆਂ ਅਨੁਸਾਰ ਕਾਰਜ ਕਰਨ ਲਈ ਪੇਸ਼ਕਸ਼ਾਂ ਮੰਗਵਾਉਣੀਆਂ ਚਾਹੀਦੀਆਂ ਹਨ ਜੋ ਭੂ-ਪੱਧਰ ਦੀਆਂ ਅਸਲੀਅਤਾਂ ਅਧਾਰਤ ਅਸਰਦਾਰ ਪ੍ਰੋਗਰਾਮ ਬਣਾਉਣ ਵਿੱਚ ਮਦਦ ਕਰਨਗੀਆਂ।

ਸਮੁੱਚੇ ਦੇਸ਼ ਵਿੱਚ ਕਈ ਬੁਣਕਰ ਸੇਵਾ ਕੇਂਦਰ ਸਥਾਪਤ ਕੀਤੇ ਗਏ ਸਨ ਜੋ 1980 ਦੇ ਦਹਾਕੇ ਵਿੱਚ ਕੁਸ਼ਲਤਾ ਪੂਰਬਕ ਚਲ ਰਹੇ ਸਨ ਅਤੇ ਅੱਜ ਵੀ ਕਾਇਮ ਹਨ। ਜੋ ਸਥਾਨਕ ਤੌਰ ਤੇ ਚੰਗਾ ਕੰਮ ਕਰ ਰਹੇ ਹਨ, ਦੂਸਰਿਆਂ ਦੀ ਪਛਾਣ ਤੋਂ ਵਾਂਝੇ ਹਨ। ਇਨ੍ਹਾਂ ਕੇਂਦਰਾਂ ਨੂੰ ਬੁਣਕਰਾਂ ਨਾਲ ਗੱਲਬਾਤ ਅਤੇ ਤਾਲਮੇਲ ਰਾਹੀਂ ਜਿਉਂਦੀ ਜਾਗਦੀ ਨੁਮਾਇਸ਼, ਪ੍ਰਦਰਸ਼ਨ ਅਤੇ ਵਿਕਾਸ ਕੇਂਦਰ ਬਣਾਇਆ ਜਾ ਸਕਦਾ ਹੈ। ਉਨ੍ਹਾਂ ਦੀ ਪਛਾਣ ਸ਼ਾਨਦਾਰ ਬਣਾਈ ਜਾ ਸਕਦੀ ਹੈ ਅਤੇ ਸਿਸਟਮ ਨੂੰ ਤਾਜ਼ਾਤਰੀਨ ਅਤੇ ਡਿਜ਼ਾਈਨ ਕੀਤਾ ਜਾ ਸਕਦਾ ਹੈ ਜਿਸ ਨਾਲ ਪਾਰਦਰਸ਼ਤਾ ਲਿਆਂਦੀ ਜਾ ਸਕਦੀ ਹੈ ਅਤੇ ਅੰਕੜੇ ਇਕੱਠੇ ਕਰਨ ਲਈ ਆਪਸੀ ਤਾਲਮੇਲ ਬਣਾਇਆ ਜਾ ਸਕਦਾ ਹੈ। ਉਨ੍ਹਾਂ ਦੀ ਕਾਰਜ ਪ੍ਰਣਾਲੀ ਅਤੇ ਸਮਰੱਥਾ ਦਾ ਇਕ ਖੁੱਲ੍ਹਾ ਅਧਿਐਨ ਕਰਨਾ ਲਾਭਕਾਰੀ ਹੋਵੇਗਾ ਜਿਸ ਨਾਲ ਬੁਣਕਰਾਂ ਦੀ ਰਹਿਬਰੀ ਹੋ ਸਕੇਗੀ ਅਤੇ ਇਹ ਆਮ ਲੋਕਾਂ ਲਈ ਵੀ ਪਸੰਦੀਦਾ ਬਣ ਸਕਣਗੇ। ਜਦੋਂ ਮੰਗ ਵਧ ਜਾਂਦੀ ਹੈ ਤਾਂ ਉਹ ਮਾਸਟਰ ਬੁਣਕਰਾਂ ਨੂੰ ਕੰਮ ਸਿੱਖਣ ਵਾਲੇ ਬੁਣਕਰਾਂ ਦੇ ਗਰੁੱਪਾਂ ਦੇ ਨਜ਼ਦੀਕ ਲਿਆ ਸਕਦੇ ਹਨ ਤਾਂ ਕਿ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਸਿੱਖਿਆ ਦਿੱਤੀ ਜਾ ਸਕੇ। ਕਿਉਂਕਿ ਦਸਤਾਵੇਜ਼ੀਕਰਨ ਭਵਿੱਖ ਦੀਆਂ ਪੀੜ੍ਹੀਆਂ ਲਈ ਬਹੁਤ ਮਹੱਤਵਪੂਰਨ ਸਾਬਤ ਹੁੰਦਾ ਹੈ ਇਸ ਲਈ ਇਸ ਖੇਤਰ ਦੀ ਗਤੀਵਿਧੀ ਇਨ੍ਹਾਂ ਕੇਂਦਰਾਂ ਵਿੱਚ ਉਤਸ਼ਾਹਿਤ ਕਰਨੀ ਚਾਹੀਦੀ ਹੈ ਅਤੇ ਉਸ ਦਾ ਆਨ ਲਾਈਨ ਲੈਣ ਦੇਣ ਕਰਨਾ ਚਾਹੀਦਾ ਹੈ।

ਅੱਗੇ ਦੀ ਕਾਰਵਾਈ ਦਾ ਆਂਕਲਨ ਕਰਨ ਲਈ ਇਕ ਵੱਡੇ ਮੁਹਾਰਤ ਸਰਵੇ ਦੀ ਲੋੜ ਹੈ। ਇਸ ਵਿੱਚ ਬੁਣਕਰ ਸਮਾਜ ਦੀਆਂ ਮੌਜੂਦਾ ਮੁਹਾਰਤਾਂ ਅਤੇ ਉਨ੍ਹਾਂ ਦੇ ਵਰਤਮਾਨ ਆਰਥਿਕ ਅਤੇ ਸਮਾਜਕ ਦਰਜੇ ਬਾਰੇ ਜਾਣਕਾਰੀ ਹੋਵੇ। ਇਸ ਨਾਲ, ਉਨ੍ਹਾਂ ਦੀ ਸਮਰੱਥਾ ਦੇ ਵਿਕਾਸ ਲਈ ਇਕ ਕ੍ਰਮਬਧ ਤਰੀਕਾ ਅਪਨਾਉਣ ਵਿੱਚ ਮਦਦ ਮਿਲੇਗੀ। ਨਵੀਆਂ ਮੁਹਾਰਤਾਂ ਇਸ ਵਿੱਚ ਸ਼ਾਮਲ ਕਰ ਲੈਣ ਨਾਲ ਜਿਵੇਂ ਕਿ ਫੋਟੋਗ੍ਰਾਫੀ, ਹਿਸਾਬ ਕਿਤਾਬ ਰਖਣਾ, ਸਜਾਵਟੀ ਦਿਖਾਵਟ, ਨੁਮਾਇਸ਼ ਵਿੱਚ ਸਜਾਉਣਾ, ਕਿਫਾਇਤੀ ਪੈਕੇਜਿੰਗ ਅਤੇ ਆਨ

ਲਾਈਨ ਵਿਕਰੀ ਦਾ ਤਰੀਕਾ ਇਸ ਖੇਤਰ ਦੀ ਮੁਹਾਰਤ ਵਿੱਚ ਕਾਫੀ ਵਾਧਾ ਕਰੇਗਾ।

## ਪੁਨਰ ਸੁਰਜੀਤੀ

ਅੱਜ ਹੱਥ ਖੱਡੀ ਕੱਪੜਿਆਂ ਵਿੱਚ ਉਤਸ਼ਾਹ ਵਰਧਕ ਦਿਲਚਸਪੀ ਵਧ ਰਹੀ ਹੈ। ਇਸ ਨੂੰ ਵਿਸ਼ਵਿਆਪੀ ਬ੍ਰਾਂਡਾਂ ਦੀ ਨੀਰਸਤਾ ਦੇ ਸਿੱਟੇ ਵਜੋਂ ਦੇਖਿਆ ਜਾ ਸਕਦਾ ਹੈ ਜੋ ਦੁਨੀਆਂ ਦੇ ਹਰ ਕੋਨੇ ਵਿੱਚ ਇਕੋ ਜਿਹੇ ਹਨ। ਇਸ ਦੇ ਮੁਕਾਬਲੇ, ਖਾਲਸ ਧਾਗੇ ਵਿੱਚ ਭਾਰਤ ਦੇ ਹੱਥ ਖੱਡੀ ਕੱਪੜੇ ਆਪਣੀ ਵਿਸ਼ੇਸ਼ਤਾ ਰੱਖਣ ਵਾਲੇ, ਗਾਹਕਾਂ ਦੀ ਰੁਚੀ ਅਨੁਸਾਰ ਤਿਆਰ ਕੀਤੇ, ਰਵਾਇਤਾਂ ਅਤੇ ਵਿਰਸੇ ਦੇ ਸੁਮੇਲ ਦੇ ਮਨੋਰੰਜਨ ਦਾ ਪ੍ਰਗਟਾਵਾ ਅਤੇ ਬਹੁਤ ਸ਼ਾਨਦਾਰ ਕਿਸਮਾਂ ਦੇ ਹੁੰਦੇ ਹਨ ਅਤੇ ਹਰ ਕੱਪੜੇ ਨਾਲ ਇਕ ਸਭਿਆਚਾਰਕ ਕਹਾਣੀ ਜੁੜੀ ਹੁੰਦੀ ਹੈ।

ਸ਼ੋਸ਼ਲ ਮੀਡੀਆ ਨੇ ਹੱਥ ਖੱਡੀ ਕੱਪੜਿਆਂ ਨੂੰ ਉਤਸ਼ਾਹ ਦੇਣ ਲਈ ਕਈ ਮੁਹਿੰਮਾਂ ਚਲਾਈਆਂ ਹਨ। #iwearhandlooms tag ਜੋ ਕੱਪੜਾ ਮੰਤਰਾਲੇ ਵਲੋਂ ਸ਼ੁਰੂ ਕੀਤਾ ਗਿਆ ਅਤੇ ਇਸ ਤੋਂ ਪਹਿਲਾਂ ਦੀਆਂ ਕੋਸ਼ਿਸ਼ਾਂ ਜਿਵੇਂ ਕਿ #100 saris pact ਅਤੇ ਕਈ ਹੋਰ ਹੱਲਾਸ਼ੇਰੀ ਦੇਣ ਵਾਲੇ ਪ੍ਰੋਗਰਾਮ ਜੋ ਸਮਰਪਿਤ ਵਿਅਕਤੀਆਂ ਵਲੋਂ ਚਲਾਏ ਗਏ, ਨੇ ਨਵੇਂ ਗਾਹਕਾਂ ਦੀ ਇਕ ਜਮਾਤ ਨੂੰ ਹੱਥ ਖੱਡੀ ਕੱਪੜਿਆਂ ਵੱਲ ਖਿੱਚਿਆ ਹੈ।

ਮੇਕ ਇਨ ਇੰਡੀਆ ਅਤੇ ਸਕਿਲ ਇੰਡੀਆ ਨਾਲ ਭਾਰਤ ਵੱਲ ਇਕ ਤੇਜ਼ੀ ਨਾਲ ਵਿਕਸਤ ਹੋ ਰਹੇ ਅਰਥਤੰਤਰ ਦੇ ਤੌਰ ਤੇ ਅੰਤਰਰਾਸ਼ਟਰੀ ਦਿਲਚਸਪੀ ਵਧ ਗਈ ਹੈ ਅਤੇ ਹੁਣ ਇਸ ਗੱਲ ਦੀ ਮਾਨਤਾ ਵਧ ਰਹੀ ਹੈ ਕਿ ਭਾਰਤ ਹੁਣ ਇਕ ਤੀਸਰੀ ਦੁਨੀਆਂ ਦਾ ਦੇਸ਼ ਨਹੀਂ ਹੈ ਸਗੋਂ ਆਧੁਨਿਕਤਾ ਦੇ ਵੱਖ-ਵੱਖ ਪਹਿਲੂਆਂ ਦੇ ਨਾਲ-ਨਾਲ ਵਿਕਸਤ ਹੋਣ ਵਾਲੀ ਇਕ ਅਮੀਰ ਸਭਿਆਚਾਰ ਅਤੇ ਦਾਰਸ਼ਨਿਕ ਰਵਾਇਤਾਂ ਵਾਲੀ ਸਮਰੱਥਾ ਭਰਪੂਰ ਭੂਮੀ ਬਣ ਗਿਆ ਹੈ। ਇਸ ਨਾਲ ਦੁਨੀਆਂ ਭਰ ਵਿੱਚ ਦਸਤਕਾਰੀ, ਰਵਾਇਤੀ ਕਲਾ ਅਤੇ ਹੱਥ ਖੱਡੀ ਵੱਲ ਗਾਹਕਾਂ ਦਾ ਰੁਝਾਨ ਹੋ ਗਿਆ ਹੈ। ਇਨ੍ਹਾਂ ਸਭਿਆਚਾਰਕ ਵਿਸ਼ੇਸ਼ਤਾਵਾਂ ਦਾ ਜਿੰਨਾ ਵਿਖਾਵਾ, ਉਭਾਰ ਕੇ ਪ੍ਰਗਟਾਵਾ, ਸੁਧਾਰ ਅਤੇ ਪੇਸ਼ਕਾਰੀ ਕੀਤੀ ਜਾਵੇਗੀ, ਉਨਾ ਹੀ ਵਧੇਰੇ ਹੱਥ ਖੱਡੀ ਵਿੱਚ ਲੱਗੇ ਵਿਅਕਤੀਆਂ ਨੂੰ ਉਤਸ਼ਾਹ ਮਿਲੇਗਾ ਅਤੇ ਉਨ੍ਹਾਂ ਦਾ ਉਨੀ ਹੀ ਵਧੀਆ ਵਿਕਾਸ ਕਰ ਰਹੇ ਭਾਰਤ ਨਾਲ ਉਨ੍ਹਾਂ ਦਾ ਤਾਲਮੇਲ ਹੋ ਸਕੇਗਾ।

**ਸੰਭਾਵਨਾਵਾਂ ਦੀ ਅਨੰਤ ਸਮਰੱਥਾ ਹੈ ਅਤੇ ਸਮੱਸਿਆਵਾਂ ਵੀ ਬਹੁਤ ਹੋ ਸਕਦੀਆਂ ਹਨ, ਪਰ ਚੁਨੌਤੀ ਵੀ ਸਿਰਜਨਾਤਮਕ ਅਤੇ ਉਤਸ਼ਾਹ ਵਰਧਕ ਹੈ ਕਿਉਂਕਿ ਇਹ ਭਾਰਤ ਦੇ ਕਈ ਪਰਤਾਂ ਵਾਲੇ ਵਿਰਸੇ, ਅਦੁੱਤੀਆਂ ਮੁਹਾਰਤਾਂ ਦੀ ਵੰਨ-ਸੁਵੰਨਤਾ, ਤਕਨੀਕਾਂ ਅਤੇ ਪ੍ਰਕਿਰਿਆਵਾਂ ਜੋ ਬਾਕੀ ਦੁਨੀਆਂ ਖੋ ਚੁੱਕੀ ਹੈ ਅਤੇ ਸਭ ਤੋਂ ਮਹੱਤਵ-ਪੂਰਨ ਇਹ ਬੁਣਕਰ ਸਮਾਜ ਨੂੰ ਅਸਲ ਆਰਥਿਕ ਸਸ਼ਕਤੀਰਕਨ ਨਾਲ ਅਰਥਪੂਰਨ ਰੋਜ਼ਗਾਰ ਮੁਹੱਈਆ ਕਰਦਾ ਹੈ।**

*(ਲੇਖਿਕਾ ਹੱਥ-ਖੱਡੀ ਅਤੇ ਦਸਤਕਾਰੀ ਖੇਤਰ ਦੀ ਮਾਹਿਰ ਤੇ ਦਸਤਕਾਰੀ ਹਾਟ ਸਮਿਤੀ ਦੀ ਸੰਸਥਾਪਕ ਹੈ)*

*e-mail :dastkarihaat@gmail.com*

*ਸਫ਼ਾ 22 ਦਾ ਬਾਕੀ*

ਹੇਠ ਪ੍ਰੋਟੋਟਾਈਪ ਵਿਕਸਤ ਕਰਨ ਵਾਸਤੇ ਸਹੂਲਤਾਂ।

- ਤਕਨੀਕੀ ਕੱਪੜਾ ਉਦਯੋਗ ਨਾਲ ਜੁੜੇ ਵਿਅਕਤੀਆਂ ਲਈ ਸਿਖਲਾਈ ਸਹੂਲਤਾਂ।
- ਹਿਤਧਾਰਕਾਂ ਲਈ ਜਾਣਕਾਰੀ ਦਾ ਅਦਾਨ ਪ੍ਰਦਾਨ ਅਤੇ ਸਲਾਹ ਮਸ਼ਵਰਾ।
- ਲਗਾਉ ਅਤੇ ਚਲਾਉ ਕਿਸਮ ਦੇ ਪ੍ਰਫੁੱਲਤ ਕੇਂਦਰ ਜਿਨ੍ਹਾਂ ਦਾ ਕੇਂਦਰ ਬਿੰਦੂ ਨਵੇਂ ਉੱਦਮੀਆਂ ਲਈ ਤਕਨੀਕੀ ਕੱਪੜਿਆਂ ਦਾ ਇਕ ਖ਼ਾਸ ਵਰਗ ਹੋਵੇਗਾ।
- ਉੱਤਮਤਾ ਕੇਂਦਰਾਂ ਦੁਆਰਾ ਵਪਾਰ ਕਰਨ ਵਾਲਿਆਂ ਅਤੇ ਉੱਦਮੀਆਂ ਲਈ ਸਲਾਹਕਾਰੀ ਸੇਵਾਵਾਂ।

## ਸਰਕਾਰ ਇਸ ਪਾਸੇ ਵੀ ਕੰਮ ਕਰ ਰਹੀ ਹੈ :

- ਮੌਜੂਦਾ ਉੱਤਮਤਾ ਕੇਂਦਰਾਂ ਦੁਆਰਾ ਖੋਜ ਤੇ ਵਿਕਾਸ ਵਿੱਚ ਜਨਤਕ ਨਿੱਜੀ ਭਾਈਵਾਲੀ ਨੂੰ ਉਤਸ਼ਾਹਿਤ ਕਰਨਾ।
- ਹੁਨਰਮੰਦ ਮਨੁੱਖੀ ਸਰੋਤਾਂ ਦਾ ਵਿਕਾਸ।
- ਨਿਰਯਾਤ ਨੂੰ ਹੁਲਾਰਾ।
- ਤਕਨੀਕੀ ਕੱਪੜੇ ਲਈ ਐੱਚ ਐੱਸ ਐੱਨ ਸੰਕੇਤਾਂ ਦੀ ਪਛਾਣ ਕਰਨੀ।
- ਤਕਨੀਕੀ ਕੱਪੜਾ ਖੇਤਰ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹ ਦੇ ਕੇ ਨਿਵੇਸ਼ ਨੂੰ ਉਤਸ਼ਾਹਿਤ ਕਰਨਾ।
- ਤਕਨੀਕੀ ਕੱਪੜੇ ਦੀ ਵਰਤੋਂ ਨੂੰ ਹੁਲਾਰਾ ਦੇਣ ਲਈ ਨਿਯਮ ਤੰਤਰ।
- ਸੰਸਥਾਗਤ ਵਰਤੋਂਕਾਰਾਂ ਦਰਮਿਆਨ ਤਕਨੀਕੀ ਕੱਪੜੇ ਦੀ ਖਪਤ ਨੂੰ ਉਤਸ਼ਾਹਿਤ ਕਰਨਾ।
- ਤਕਨੀਕੀ ਕੱਪੜਾ ਮਸ਼ੀਨਰੀ ਦੇ ਨਿਰਮਾਣ ਨੂੰ ਹੁਲਾਰਾ ਦੇਣਾ।
- ਅਨੁਭਵ ਤਹਿਤ ਉਦਯੋਗ ਦੀ ਨਿਰੰਤਰ ਨਿਗਰਾਨੀ।

## ਨਿਚੋੜ

ਤਕਨੀਕੀ ਕੱਪੜੇ, ਕੱਪੜੇ ਦੇ ਖੇਤਰ ਵਿੱਚ ਨਵੇਂ ਉੱਭਰ ਰਹੇ ਖੇਤਰ ਹਨ। ਤਕਨੀਕੀ ਕੱਪੜੇ ਵੱਖ-ਵੱਖ ਖੇਤਰਾਂ ਵਿੱਚ ਇਸਤੇਮਾਲ ਕੀਤੇ ਜਾਂਦੇ ਹਨ, ਜਿਵੇਂ ਕਿ ਮੈਡੀਕਲ, ਸਿਵਲ ਇੰਜਨੀਅਰਿੰਗ, ਆਟੋਮੋਬਾਈਲ ਆਦਿ ਜਿਸ ਵਿੱਚ ਖ਼ਾਸ ਕੰਮ ਅੰਜ਼ਾਮ ਦਿੱਤੇ ਜਾਂਦੇ ਹਨ ਜਿਵੇਂ ਕਿ ਪੁਣਨਾ, ਸੁਰੱਖਿਆ, ਰੁਕਾਵਟ, ਪ੍ਰਤਿਰੋਧੀ, ਅਰਾਮ, ਅਰੋਗਤਾ, ਮਜ਼ਬੂਤੀ, ਲੰਮਾ ਜੀਵਨ ਆਦਿ। ਕਿਉਂਕਿ ਵਿਸ਼ਵ ਔਸਤ ਦੀ ਤੁਲਨਾ ਵਿੱਚ ਭਾਰਤ ਅੰਦਰ ਤਕਨੀਕੀ ਕੱਪੜੇ ਦੀ ਪ੍ਰਤਿ ਵਿਅਕਤੀ ਖਪਤ ਘੱਟ ਹੈ, ਇਸ ਕਰਕੇ ਬਹੁਤ ਸਾਰੇ ਤਕਨੀਕੀ ਕੱਪੜੇ ਦਾ ਨਿਰਮਾਣ ਕਰਨ ਵਾਲੇ ਦੇਸ਼ਾਂ ਦੇ ਮੁਕਾਬਲੇ ਭਾਰਤ ਬਿਹਤਰ ਸਥਿਤੀ ਵਿੱਚ ਹੈ ਜਿਸ ਦਾ ਕਾਰਨ ਘੱਟ ਲਾਗਤ ਵਾਲੀ ਕਿਰਤ ਸ਼ਕਤੀ, ਕੱਚੇ ਮਾਲ ਦੀ ਉਪਲਬਧਤਾ, ਵਿਸ਼ਾਲ ਘਰੇਲੂ ਬਾਜ਼ਾਰ ਜਿਹੇ ਵਿਲੱਖਣ ਫਾਇਦੇ ਹਨ। ਅੱਜ ਸਹਾਇਕ ਸਰਕਾਰੀ ਨੀਤੀਆਂ ਹੋਣ ਕਰਕੇ, ਇਸ ਉੱਭਰਦੇ ਉਦਯੋਗ ਵਿੱਚ ਮੱਠੇ ਪੈ ਰਹੇ ਰਵਾਇਤੀ ਕੱਪੜਾ ਉਦਯੋਗ ਨੂੰ ਪੁਨਰ ਜਾਗਰਿਤ ਕਰਨ ਅਤੇ ਤਕਨੀਕੀ ਕੱਪੜੇ ਦੇ ਨਿਰਮਾਣ ਦੇ ਖੇਤਰ ਵਿੱਚ ਆਪਣੇ ਆਪ ਨੂੰ ਮਜਬੂਤੀ ਨਾਲ ਪੇਸ਼ ਕਰਨ ਦੇ ਅਪਾਰ ਮੌਕੇ ਨਜ਼ਰ ਆ ਰਹੇ ਹਨ।

*(ਲੇਖਕ ਕੋਇੰਬਟੂਰ ਸਥਿਤ ਦੱਖਣੀ ਭਾਰਤ ਵਸਤਰ ਸ਼ੋਧ ਸੰਗਠਨ (ਸਿਟਰਾ) ਦੇ ਨਿਰਦੇਸ਼ਕ ਹਨ)*

*e-mail :director@sitra.org.in*

# ਖਾਦੀ - ਇਕ ਕਾਰਬਨ ਰਹਿਤ ਉਦਯੋਗ

ਵਿਨੈ ਕੁਮਾਰ ਸਕਸੈਨਾ

ਅਸੀਂ ਆਧੁਨਿਕ ਭਾਰਤ ਦੇ ਨਿਰਮਾਣ ਬਾਰੇ ਬਹੁਤ ਗੱਲਾਂ ਕਰਦੇ ਹਾਂ। ਜਦੋਂ ਬੁਨਿਆਦੀ ਢਾਂਚੇ, ਵਿਗਿਆਨਕ ਉਤਸ਼ਾਹ, ਤਕਨੀਕੀ ਤਾਕਤ/ਸ਼ਕਤੀ, ਸੈਨਿਕ ਸ਼ਕਤੀ, ਕਲਾਤਮਕ ਮੁਹਾਰਤ ਅਤੇ ਹੋਰ ਬਦਲਵੀਆਂ ਸ਼ਾਖਾਵਾਂ ਜੋ ਕਿ ਆਧੁਨਿਕਤਾ ਦੀ ਵਿਸ਼ੇਸ਼ਤਾ ਨੂੰ ਦਰਸਾਉਂਦੀਆਂ ਹਨ, ਨੂੰ ਵਿਕਸਤ ਕਰਨਾ ਜ਼ਰੂਰੀ ਹੈ ਉਦੋਂ ਅੱਗੇ ਵਧਣ ਲਈ ਸਾਨੂੰ ਆਪਣੀਆਂ ਬੁਨਿਆਦੀ ਸਮਰੱਥਾਵਾਂ ਦੀ ਪਛਾਣ ਕਰਨੀ ਵਧੇਰੇ ਮਹੱਤਵਪੂਰਨ ਹੈ। ਇਕ ਰਾਸ਼ਟਰ ਆਪਣੇ ਉਤਪਤੀ ਬੀਜ ਦਾ ਹਮੇਸ਼ਾ ਦੇਣਦਾਰ ਰਹਿੰਦਾ ਹੈ ਅਤੇ ਇਕ ਸੁਪਨੇ ਦੀ ਸਿਰਜਨਾ ਵਧੇਰੇ ਤੌਰ ਤੇ ਉਨ੍ਹਾਂ ਮੂਲ ਸਿਧਾਂਤਾਂ ਉਤੇ ਨਿਰਭਰ ਕਰਦੀ ਹੈ ਜੋ ਕਿ ਲੰਬੇ ਸਮੇਂ ਤੱਕ ਸਾਡੇ ਨਾਲ ਰਹੇ ਹੋਣ।

ਸਦੀਆਂ ਤੱਕ ਬਰਤਾਨਵੀ ਰਾਜ ਤੋਂ ਬਾਅਦ ਵੀ ਅਸੀ ਇਕ ਰਾਸ਼ਟਰ ਵਜੋਂ ਆਪਣੀਆਂ ਰਵਾਇਤਾਂ ਅਤੇ ਸਭਿਆਚਾਰ ਦੀਆਂ ਜੜ੍ਹਾਂ ਨਾਲ ਪੱਕੇ ਤੌਰ ਤੇ ਜੁੜੇ ਰਹੇ। ਮਹਾਤਮਾ ਗਾਂਧੀ ਨੇ ਜਲਦੀ ਹੀ ਇਹ ਭਾਂਪ ਲਿਆ ਕਿ ਸਾਡਾ ਭਵਿੱਖ ਬੁਨਿਆਦੀ ਪੱਧਰ ਉਤੇ ਸਾਡੀ ਤਾਕਤ ਵਿੱਚ ਹੈ ਅਤੇ ਇਹ ਵਿਦੇਸ਼ੀ ਕਦਰਾਂ-ਕੀਮਤਾਂ ਦੀ ਬੁਨਿਆਦ ਉਤੇ ਨਹੀਂ ਉਸਾਰਿਆ ਜਾ ਸਕਦਾ। ਭਾਰਤ ਵਿੱਚ ਬਰਤਾਨਵੀ ਹਕੂਮਤ ਦੇ ਅੱਧ ਵਿੱਚ ਸਾਲ 1920 ਵਿੱਚ ਗਾਂਧੀ ਜੀ ਨੇ ਸਵਦੇਸ਼ੀ ਅੰਦੋਲਨ ਵਿੱਚ "ਖਾਦੀ" ਦੀ ਰਾਸ਼ਟਰਵਾਦ ਦੇ ਰਾਸ਼ਟਰੀ ਹਥਿਆਰ ਵਜੋਂ ਸ਼ੁਰੂਆਤ ਕੀਤੀ, ਇਸ ਨੂੰ ਅਜ਼ਾਦੀ ਦੀ ਪੁਸ਼ਾਕ ਕਹਿ ਕੇ ਉਨ੍ਹਾਂ ਨੇ ਭਾਰਤ ਨੂੰ ਆਤਮ-ਵਿਸ਼ਵਾਸ ਦਾ ਇਕ ਸਥਾਈ ਪ੍ਰਤੀਕ ਦਿੱਤਾ। ਉਨ੍ਹਾਂ ਨੇ ਬਰਤਾਨੀਆਂ ਨੂੰ ਇਹ ਦਿਖਾ ਦਿੱਤਾ ਕਿ ਭਾਰਤ ਆਤਮ-ਨਿਰਭਰ ਰਹਿ ਸਕਦਾ ਹੈ ਅਤੇ ਨਾਲ ਹੀ ਉਸੇ ਸਮੇਂ ਭਾਰਤ ਵਾਸੀਆਂ ਨੂੰ ਇਹ ਮਾਣ ਦਿੱਤਾ ਕਿ ਉਹ ਆਪਣੀ ਜ਼ਿੰਦਗੀ ਲਈ ਕੱਪੜਾ ਬੁਣ ਕੇ ਆਪਣੇ ਜੀਵਨ ਲਈ ਖ਼ੁਸ਼ਹਾਲੀ ਬੁਣਨ ਲਈ ਅਜ਼ਾਦ ਹਨ।

ਖਾਦੀ ਅਤੇ ਪੇਂਡੂ ਉਤਪਾਦਨ ਰਾਸ਼ਟਰਵਾਦ ਦਾ ਇਕ ਵੱਡਾ ਸਰੋਤ ਬਣ ਗਏ ਅਤੇ ਭਾਰਤ ਨੇ ਵਿਸ਼ਵ ਨੂੰ ਇਹ ਦਿਖਾ ਦਿੱਤਾ ਕਿ ਦਿਹਾਤੀ ਲੋਕਾਂ ਦੀ ਮਿਹਨਤ ਅਤੇ ਯੋਗਦਾਨ ਦੇ ਸਿਰ ਉਤੇ ਸਾਡੇ ਸਮਾਜ ਦੀ ਬੇਜੋੜ ਸਥਾਪਨਾ ਹੋਈ ਹੈ। ਖਾਦੀ ਇਕ ਕੱਪੜੇ ਦੇ ਟੁਕੜੇ ਵਜੋਂ ਹੀ ਨਹੀਂ ਜਾਣਿਆ ਜਾਂਦਾ ਸੀ ਸਗੋਂ ਇਹ ਸ਼ਾਂਤੀ ਦਾ ਸੰਕੇਤਕ ਅਤੇ ਰਾਸ਼ਟਰੀ ਹੋਂਦ ਤੇ ਅਜ਼ਾਦੀ ਦਾ ਪ੍ਰਤੀਕ ਬਣ ਗਿਆ।

ਅਜ਼ਾਦੀ ਮਗਰੋਂ ਭਾਰਤ ਸਰਕਾਰ ਵਲੋਂ ਕੇ.ਵੀ.ਆਈ.ਸੀ. ਐਕਟ 1956 ਅਧੀਨ ਖਾਦੀ ਅਤੇ ਪੇਂਡੂ ਸੱਨਅਤ ਕਮਿਸ਼ਨ (ਕੇ ਵੀ ਆਈ ਸੀ) ਨੂੰ ਇਕ ਵੈਧਾਨਿਕ/ਕਾਨੂੰਨੀ ਸੰਸਥਾ ਵਜੋਂ ਸਥਾਪਤ ਕੀਤਾ ਗਿਆ। ਇਹ ਆਤਮ ਵਿਸ਼ਵਾਸ ਦੀ ਸ਼ਕਤੀ ਨੂੰ ਇਕ ਸ਼ਰਧਾਂਜਲੀ ਸੀ ਜਿਸ ਨੇ ਕਿ ਰਾਸ਼ਟਰ ਦਾ ਨਿਰਮਾਣ ਕੀਤਾ। ਇਕ ਰਾਸ਼ਟਰ ਜਿਸ ਕੋਲ ਮਨੁੱਖੀ ਵਸੀਲਿਆਂ ਦਾ ਵੱਡਾ ਜਖੀਰਾ ਸੀ ਜੋ ਕਿ ਕੰਮ ਕਰਨ ਦਾ ਇਛੁੱਕ ਸੀ ਪਰ ਆਰਥਿਕ ਵਸੀਲਿਆਂ ਤੋਂ ਸਖਣਾ ਸੀ, ਨੂੰ ਉਪਯੋਗੀ ਰਾਸ਼ਟਰੀ ਵਸਤਾਂ ਦੇ ਉਤਪਾਦਨ ਲਈ ਸੰਗਠਤ ਮਨੁੱਖੀ ਸ਼ਕਤੀ ਅਤੇ ਮੁਹਾਰਤ ਨੂੰ ਤਰਤੀਬ ਦੇਣੀ ਪਈ ਅਤੇ ਨਾਲ ਹੀ ਲੋਕਾਂ ਨੂੰ ਰੋਜ਼ੀ ਰੋਟੀ ਕਮਾਉਣ ਅਤੇ ਖ਼ੁਸ਼ਹਾਲ ਹੋਣ ਲਈ ਸਹਾਰਾ ਵੀ ਦੇਣਾ ਪਿਆ। ਇਥੇ ਇਹ ਵੀ ਧਿਆਨਯੋਗ ਹੈ ਕਿ ਭਾਰਤ ਖਾਦੀ ਅਤੇ ਪੇਂਡੂ ਸੱਨਅਤਾਂ ਨੂੰ ਉਤਸ਼ਾਹਿਤ ਕਰਨ ਦੇ ਉਪਰਾਲੇ ਤੋਂ ਵਧੇਰੇ ਮਹੱਤਵਪੂਰਨ ਅਤੇ ਢੁਕਵਾਂ ਹੋਰ ਕੋਈ ਕਦਮ ਨਹੀਂ ਚੁੱਕ ਸਕਦਾ ਸੀ।



*ਸ਼੍ਰੀਨਗਰ ਦੇ ਪੰਪੋਰ ਵਿੱਚ ਸਥਾਪਤ ਚਰਖਾ ਤੇ ਹੱਥ-ਖੱਡੀ ਕੇਂਦਰ*

ਹੁਣ ਤੱਕ ਖਾਦੀ ਉਤਪਾਦਨ ਵਿਸ਼ਵ ਦਾ ਸਭ ਤੋਂ ਵੱਡਾ ਪੇਂਡੂ ਉਤਪਾਦਨ ਪ੍ਰੋਗਰਾਮ ਹੈ ਜਿਥੇ ਹਜ਼ਾਰਾਂ ਪਰਿਵਾਰ ਆਪਣੀਆਂ ਉਤਪਾਦਕ ਵਸਤਾਂ ਬਿਨਾਂ ਕਿਸੇ ਵਿਚੋਲੀਏ ਜਾਂ ਗੁੰਝਲਦਾਰ ਮੰਡੀਕਰਨ ਤੋਂ ਖਪਤਕਾਰ ਕੋਲ ਪਹੁੰਚਾ ਸਕਦੇ ਹਨ। ਇਹ ਦਿਹਾਤੀ ਭਾਈਚਾਰਿਆਂ ਨੂੰ ਆਪਣੇ ਉੱਦਮਾਂ ਦੀ ਉੱਚ ਕੀਮਤ ਮੁਹੱਈਆ ਕਰਵਾਉਂਦੀ ਹੈ ਅਤੇ ਖਪਤਕਾਰ ਨੂੰ ਉਸ ਦੇ ਪੈਸੇ ਦੀ ਚੰਗੀ ਵਸੂਲੀ ਉਪਲਬਧ ਕਰਵਾਉਂਦੀ ਹੈ। ਰਾਸ਼ਟਰ ਲਈ ਇਹ ਬੇਸ਼ੱਕ ਵਿਰਾਸਤ ਦੀ ਇਕ ਬਹੁਮੁੱਲੀ ਸੰਪਤੀ ਹੈ।

ਭਾਰਤ ਵਿੱਚ 5000 ਸੰਸਥਾਵਾਂ ਅਤੇ 3.20 ਲੱਖ ਤੋਂ ਵੱਧ ਛੋਟੇ ਉੱਦਮਾਂ ਦੀ ਵੱਡੀ ਜਾਲ ਰੂਪੀ ਮਸ਼ੀਨਰੀ ਕੇ.ਵੀ.ਆਈ.ਸੀ. ਦੇ ਉਦੇਸ਼ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਦੀ ਹੈ। ਇਕ ਕਰੋੜ ਤੋਂ ਵੱਧ ਵਿਅਕਤੀ ਖਾਦੀ ਅਤੇ ਪੇਂਡੂ ਸੱਨਅਤੀ ਵਿਕਾਸ ਕਾਰਪੋਰੇਸ਼ਨ ਦੀਆਂ ਵੱਖ-ਵੱਖ ਸਕੀਮਾਂ ਅਧੀਨ ਉਤਪਾਦਨ ਸਰਗਰਮੀਆਂ ਵਿੱਚ ਲੱਗੇ ਹੋਏ ਹਨ। ਖਾਦੀ ਗਤੀਵਿਧੀਆਂ ਪ੍ਰਮੁੱਖ ਤੌਰ ਤੇ ਮਹਿਲਾ ਅਧਾਰਤ ਹਨ ਅਤੇ ਕੁੱਲ ਖਾਦੀ ਬੁਣਕਰਾਂ ਵਿੱਚ 80 ਪ੍ਰਤਿਸ਼ਤ ਔਰਤਾਂ ਹਨ। ਪੇਂਡੂ ਸੱਨਅਤ ਪ੍ਰੋਗਰਾਮ ਵਿੱਚ ਔਰਤਾਂ ਦਾ ਹਿੱਸਾ 30 ਪ੍ਰਤਿਸ਼ਤ ਹੈ। ਖਾਦੀ ਅਤੇ ਪੇਂਡੂ ਸੱਨਅਤ ਖੇਤਰ ਖਾਦੀ ਅਤੇ ਪੇਂਡੂ ਸੱਨਅਤੀ ਉਤਪਾਦਾਂ ਦਾ 40,000 ਕਰੋੜ ਰੁਪਏ ਦਾ ਕਾਰੋਬਾਰ ਕਰਦਾ ਹੈ ਜਿਸ ਵਿੱਚੋਂ 40 ਪ੍ਰਤਿਸ਼ਤ ਪੇਂਡੂ ਸਮਾਜ ਨੂੰ ਜੀਵਿਕਾ ਸਹਾਰੇ ਵਜੋਂ ਖਾਦੀ ਗਤੀਵਿਧੀਆਂ ਅਧੀਨ ਵਾਪਸ ਮਿਲ ਜਾਂਦਾ ਹੈ।

ਅੱਜ ਜਦੋਂ ਸਮੁੱਚਾ ਵਿਸ਼ਵ ਮੌਸਮੀ ਬਦਲਾਅ ਅਤੇ ਸੱਨਅਤੀਕਰਨ ਕਾਰਨ ਹੋ ਰਹੇ ਕਾਰਬਨ ਉਤਪਾਦਨ ਵਿੱਚ ਵਾਧੇ ਦੇ ਮਾੜੇ ਪ੍ਰਭਾਵਾਂ ਬਾਰੇ ਬਹੁਤ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ ਉਸ ਸਮੇਂ ਭਾਰਤ ਨੂੰ ਲੋੜ ਹੈ ਕਿ ਉਹ ਸਿੰਥੈਟਿਕ ਕੱਪੜਾ ਸੱਨਅਤ ਕਾਰਨ ਹੋਏ ਵਾਤਾਵਰਨ ਦੇ ਨੁਕਸਾਨ ਨੂੰ ਆਂਕਦਿਆਂ ਸਿਫਰ ਕਾਰਬਨ ਉਤਸਰਜਨ ਵਾਲੀ ਖਾਦੀ ਸੱਨਅਤ ਨੂੰ ਵਿਸ਼ਵ ਪੱਧਰ ਉਤੇ ਸਥਾਪਤ ਕਰੇ। ਸਾਲਾਨਾ ਵਿਸ਼ਵੀ ਕੱਪੜਾ ਉਤਪਾਦਨ ਦੇ ਅੰਦਾਜ਼ਿਆਂ ਦੇ ਅਧਾਰ ਉਤੇ 60 ਬਿਲੀਅਨ ਕਿਲੋਗ੍ਰਾਮ ਤੋਂ ਵੱਧ ਕੱਪੜੇ ਦੇ ਉਤਪਾਦਨ ਲਈ ਲਗਭਗ 1,074 ਬਿਲੀਅਨ ਕਿਲੋਵ੍ਹਾਟ ਬਿਜਲੀ (ਜਾਂ 132 ਮਿਲੀਅਨ ਟਨ ਕੋਲਾ) ਅਤੇ 6 ਤੋਂ 9 ਟਰਿਲੀਅਨ ਤੱਕ ਪਾਣੀ



*ਰਾਜਸਥਾਨ ਦੇ ਦਸੂਹਾ ਵਿਖੇ ਇਕ ਔਰਤ ਹੱਥ ਖੱਡੀ ਉਤੇ ਕੰਮ ਕਰਦੀ ਹੋਈ*

ਦੀ ਲੋੜ ਪੈਂਦੀ ਹੈ। ਸਿੰਥੈਟਿਕ ਕੱਪੜਾ ਸੱਨਅਤ ਸਭ ਤੋਂ ਵੱਡੇ ਗਰੀਨ ਹਾਊਸ ਗੈਸ ਉਤਸਰਜਨਾਂ ਵਿੱਚੋਂ ਇਕ ਹੈ ਜੋ ਕਿ ਕੁੱਲ ਕਾਰਬਨ ਉਤਪਾਦਨ ਦਾ 1/20ਵਾਂ ਹਿੱਸਾ ਕਾਰਬਨ ਉਤਪਾਦਨ ਕਰਦੀ ਹੈ। ਜਦ ਕਿ ਖਾਦੀ ਹੱਥ ਨਾਲ ਪਿੰਜੀ ਅਤੇ ਹੱਥ ਨਾਲ ਬੁਣੀ ਜਾਂਦੀ ਹੈ, ਜਿਸ ਵਿੱਚ ਉਤਪਾਦਨ ਦੌਰਾਨ ਬਿਜਲੀ ਦਾ ਇਸਤੇਮਾਲ ਨਹੀਂ ਕੀਤਾ ਜਾਂਦਾ। ਇਹ ਪੂਰੀ ਤਰ੍ਹਾਂ ਜੈਵਿਕ ਹੈ ਅਤੇ ਕਾਰਬਨ ਨੂੰ ਜਜ਼ਬ ਕਰਨ ਵਾਲੀ ਹੈ।

ਇਕ ਨਹੀਂ ਸਗੋਂ ਕਈ ਫ਼ਾਇਦਿਆਂ ਨੂੰ ਧਿਆਨ ਵਿੱਚ ਰਖਦਿਆਂ ਖਾਦੀ ਨੂੰ ਕੱਪੜਾ ਸੱਨਅਤ ਵਿੱਚ ਭਵਿੱਖ ਦੇ ਧਾਗੇ ਵਜੋਂ ਇਕ ਪ੍ਰਮੁੱਖ ਸਥਾਨ ਮਿਲਣਾ ਚਾਹੀਦਾ ਹੈ। ਇਸ ਬੁਨਿਆਦੀ ਅਧਾਰ ਉਤੇ ਸਾਨੂੰ ਖਾਦੀ ਨੂੰ ਵਿਸ਼ਵ ਪੱਧਰ ਉਤੇ ਲਿਜਾਉਣ ਦੀ ਲੋੜ ਹੈ ਅਤੇ ਇਸ ਦੀ ਆਧੁਨਿਕ ਪ੍ਰਸੰਗਕਤਾ ਅਤੇ ਸਾਫ-ਸੁਥਰੇ, ਮਜ਼ਬੂਤ ਵਿਸ਼ਵ ਦੇ ਭਵਿੱਖ ਵਿੱਚ ਭੂਮਿਕਾ ਨੂੰ ਪ੍ਰਦਰਸ਼ਿਤ ਕਰਨ ਦੀ ਵੀ ਲੋੜ ਹੈ।

ਮਾਣਯੋਗ ਪ੍ਰਧਾਨ ਮੰਤਰੀ ਜੀ ਨੇ ਆਪਣੀ 'ਮਨ ਕੀ ਬਾਤ' ਵਿੱਚ ਠੀਕ ਹੀ ਕਿਹਾ ਸੀ ਕਿ "ਅਸੀਂ ਭਾਰਤ ਦੇ ਪਿੰਡਾਂ ਵਿੱਚ ਖਾਦੀ ਗ੍ਰਾਮ ਉਦਯੋਗ ਦਾ ਜਾਲ ਵਿਛਾਉਣਾ ਚਾਹੁੰਦੇ ਹਾਂ। ਖਾਦੀ ਵਿੱਚ ਕਰੋੜਾਂ ਵਿਅਕਤੀਆਂ ਨੂੰ ਰੋਜ਼ਗਾਰ ਦੇਣ ਦੀ ਸਮਰੱਥਾ ਹੈ।"



*ਜੰਮੂ ਦੇ ਨਗਰੋਟਾ ਵਿਖੇ ਨੈਪਕਿਨ ਸਿਲਾਈ ਕੇਂਦਰ*



*ਰਾਜਸਥਾਨ ਦੇ ਦੌਸਾ ਵਿਖੇ ਆਧੁਨਿਕ ਚਰਖੇ ਉਤੇ ਕੰਮ ਕਰਦੀ ਔਰਤ*

ਪ੍ਰਧਾਨ ਮੰਤਰੀ ਵਲੋਂ ਖਾਦੀ ਖ਼ਾਸ ਤੌਰ ਤੇ ਬੁਣਕਰਾਂ ਦੀ ਭਲਾਈ ਨੂੰ ਮਹੱਤਵ ਦੇਣਾ, ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦਾ ਹੈ। ਮਾਣਯੋਗ ਪ੍ਰਧਾਨ ਮੰਤਰੀ ਜੀ ਨੇ ਹਾਲ ਹੀ ਵਿੱਚ ਇਕ ਨਾਅਰਾ ਵੀ ਦਿੱਤਾ "ਅਜ਼ਾਦੀ ਤੋਂ ਪਹਿਲਾਂ ਰਾਸ਼ਟਰ ਲਈ ਖਾਦੀ ਅਤੇ ਅਜ਼ਾਦੀ ਤੋਂ ਬਾਅਦ ਫੈਸ਼ਨ ਲਈ ਖਾਦੀ।" ਉਨ੍ਹਾਂ ਅੱਗੋਂ ਕਿਹਾ ਕਿ "ਸਾਨੂੰ ਖਾਦੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਘੱਟੋ-ਘੱਟ ਖਾਦੀ ਦੀ ਇਕ ਵਸਤ ਤਾਂ ਜ਼ਰੂਰ ਖਰੀਦੋ। ਤੁਸੀਂ ਖਾਦੀ ਖਰੀਦ ਕੇ ਇਕ ਗਰੀਬ ਦੇ ਘਰ ਖ਼ੁਸ਼ਹਾਲੀ ਦਾ ਦੀਵਾ ਬਾਲਦੇ ਹੋ।" ਉਨ੍ਹਾਂ ਦੀ ਇਸ ਅਪੀਲ ਤੋਂ ਬਾਅਦ ਖਾਦੀ ਦੇ ਕੱਪੜੇ ਅਤੇ ਪੁਸ਼ਾਕਾਂ ਵਿੱਚ ਪਿਛਲੇ ਸਾਲ 29 ਪ੍ਰਤਿਸ਼ਤ ਉਛਾਲ ਦੇਖਣ ਨੂੰ ਮਿਲਿਆ। ਇਹ ਰਵਾਇਤ ਅਜੇ ਵੀ ਜਾਰੀ ਹੈ।

ਖਾਦੀ ਨੇ ਕੱਪੜੇ ਦੇ ਤੌਰ ਤੇ ਆਧੁਨਿਕ ਸਮਾਜ ਦੀਆਂ ਬਦਲਦੀਆਂ ਲੋੜਾਂ ਨੂੰ ਅਪਣਾ ਲਿਆ ਹੈ ਅਤੇ ਅੱਜ ਹਜ਼ਾਰਾਂ ਉਤਪਾਦਕ ਇਕਾਈਆਂ ਨੂੰ ਸੂਤੀ, ਪਾਲਿਸਟਰ, ਸਿਲਕ ਅਤੇ ਹੋਰ ਸਮੱਗਰੀ ਨੂੰ ਵੱਖ-ਵੱਖ ਮਾਤਰਾ ਵਿੱਚ ਸੁਮੇਲ ਕਰਕੇ, ਵਰਤੋਂਕਾਰਾਂ ਦੀਆਂ ਲੋੜਾਂ ਦੇ ਅਧਾਰ ਉਤੇ ਫਿਊਜ਼ਨ ਕੱਪੜੇ ਦਾ ਉਤਪਾਦਨ ਸ਼ੁਰੂ ਕਰ ਦਿੱਤਾ ਹੈ।


"ਇਕ ਧਾਗਾ ਇਕ ਰਾਸ਼ਟਰ" ਅੱਜ ਦੀ ਨਵੀਂ ਟੈਗ ਲਾਈਨ ਹੈ। ਖਾਦੀ ਦੀ ਬਰਾਂਡਿੰਗ ਨੂੰ ਹੁਣ ਬਦਲ ਕੇ "ਖਾਦੀ ਭਾਰਤ" ਕਰ ਦਿੱਤਾ ਗਿਆ ਹੈ। "ਇਕ ਧਾਗਾ ਇਕ ਰਾਸ਼ਟਰ" ਟੈਗ ਲਾਈਨ ਦੇ ਅਧੀਨ ਖਾਦੀ ਅਤੇ ਪੇਂਡੂ ਸੱਨਅਤੀ

ਕਮਿਸ਼ਨ ਨੇ 5 ਮਈ ਤੋਂ 4 ਜੂਨ 2016 ਤੱਕ ਸ੍ਰੀਨਗਰ ਵਿੱਚ ਇਕ ਪ੍ਰਦਰਸ਼ਨੀ ਲਗਾਈ। ਇਹ ਅੱਤਵਾਦ ਪ੍ਰਭਾਵਤ ਜੰਮੂ ਕਸ਼ਮੀਰ ਵਿਚ ਅਜ਼ਾਦੀ ਤੋਂ ਬਾਅਦ ਪਹਿਲੀ ਅਜਿਹੀ ਪ੍ਰਦਰਸ਼ਨੀ ਸੀ। ਇਸ ਦੌਰਾਨ ਦੇਸ਼ ਭਰ ਤੋਂ 198 ਖਾਦੀ ਸੰਸਥਾਵਾਂ ਨੇ ਆਪਣੀਆਂ ਵਸਤਾਂ ਪ੍ਰਦਰਸ਼ਿਤ ਕੀਤੀਆਂ ਜਿਨ੍ਹਾਂ ਵਿੱਚੋਂ 56 ਜੰਮੂ ਕਸ਼ਮੀਰ ਤੋਂ ਸਨ। ਇਕ ਲੱਖ ਤੋਂ ਵੱਧ ਲੋਕਾਂ ਨੇ ਇਸ ਨੂੰ ਵੇਖਿਆ ਅਤੇ 2 ਕਰੋੜ ਰੁਪਏ ਤੋਂ ਵੱਧ ਦੀ ਵਿੱਕਰੀ ਹੋਈ। ਮਈ 2016 ਵਿੱਚ ਕੇ.ਵੀ.ਆਈ.ਸੀ. ਨੇ ਕਸ਼ਮੀਰ ਵਿੱਚ ਪਾਂਪੋਰ ਨੇੜੇ 25 ਚਰਖੇ ਦੀਆਂ ਅਤੇ 5 ਖੱਡੀ ਦੀਆਂ ਇਕਾਈਆਂ ਸ਼ੁਰੂ ਕੀਤੀਆਂ ਅਤੇ ਜੰਮੂ ਜ਼ਿਲ੍ਹੇ ਦੇ ਨਗਰੋਟਾ ਪਿੰਡ ਵਿੱਚ ਅੱਤਵਾਦ ਪ੍ਰਭਾਵਤ ਪਰਿਵਾਰਾਂ ਲਈ ਨੈਪਕਿਨ ਸਿਲਾਈ ਦਾ ਪ੍ਰਾਜੈਕਟ ਸ਼ੁਰੂ ਕੀਤਾ ਜਿਸ ਵਿੱਚ 296 ਔਰਤਾਂ ਨੂੰ ਰੋਜ਼ਗਾਰ ਮਿਲਿਆ।

ਵਿਸ਼ਵ ਪੱਧਰ ਉਤੇ ਫੈਸ਼ਨ ਦੇ ਦ੍ਰਿਸ਼ ਵਿੱਚ ਵੱਡੇ ਦਾਖਲੇ ਲਈ ਕੇ.ਵੀ.ਆਈ.ਸੀ. ਨੇ ਅੰਤਰਰਾਸ਼ਟਰੀ ਫੈਸ਼ਨ ਡਿਜ਼ਾਈਨਰ ਰਿਤੂ ਬੇਰੀ ਨੂੰ ਬਹੁਪੱਖੀ ਫੈਸ਼ਨ ਡਿਜ਼ਾਈਨ ਅਤੇ ਰੈਡੀਮੇਡ ਖਾਦੀ ਦੀਆਂ ਪੁਸ਼ਾਕਾਂ ਦੇ ਸਟਾਈਲ ਦੇ ਨਾਲ-ਨਾਲ ਦੇਸ਼ ਅਤੇ ਵਿਦੇਸ਼ ਵਿੱਚ ਖਾਦੀ ਨੂੰ ਉਤਸ਼ਾਹਿਤ ਕਰਨ ਲਈ ਸੁਝਾਅ ਦੇਣ ਵਾਸਤੇ ਕਮਿਸ਼ਨ ਵਿੱਚ ਸਲਾਹਕਾਰ ਵਜੋਂ ਨਿਯੁਕਤ ਕੀਤਾ।

ਮੇਰਾ ਹਮੇਸ਼ਾ ਇਹ ਮੰਨਣਾ ਹੈ ਕਿ ਅਣਪਛਾਤੇ ਸੈਨਿਕਾਂ ਦੀ ਯਾਦਗਾਰ ਵਾਂਗ ਚਰਖਾ ਵੀ ਉਨ੍ਹਾਂ ਅਣਪਛਾਤੇ ਪੇਂਡੂ ਲੋਕਾਂ ਦੀ ਯਾਦਗਾਰ ਹੈ ਜਿਨ੍ਹਾਂ ਨੇ ਰਾਸ਼ਟਰ ਪਿਤਾ ਦੇ ਸੱਦੇ ਨੂੰ ਸੁਣਿਆ ਅਤੇ ਉਨ੍ਹਾਂ ਵਲੋਂ ਦਰਸਾਏ ਆਤਮ-ਨਿਰਭਰਤਾ ਅਤੇ ਕਿਰਤ ਦੀ ਮਾਣ ਮਰਿਆਦਾ ਦੇ ਰਾਹ ਨੂੰ ਅਪਣਾਇਆ।

ਅਸੀਂ ਅਹਿੰਸਾ ਉਤੇ ਅਧਾਰਤ ਅਜ਼ਾਦੀ ਸੰਗ੍ਰਾਮ ਵਿੱਚ ਧਾਗਾ ਬੁਣ ਕੇ ਸੈਨਿਕਾਂ ਵਜੋਂ ਯੋਗਦਾਨ ਪਾਉਣ ਵਾਲੇ ਹਰੇਕ ਵਿਅਕਤੀ ਦੀ ਸ਼ਾਇਦ ਪਛਾਣ ਜਾਂ ਉਸ ਨੂੰ ਯਾਦ ਨਾ ਕਰ ਸਕੀਏ ਪਰ ਚਰਖੇ ਨੂੰ ਮੰਨ ਕੇ ਅਸੀਂ ਉਸ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ। ਇਸ ਪੱਖ ਤੋਂ ਮੇਰਾ ਵਿਸ਼ਵਾਸ ਹੈ ਕਿ ਸਵਰਾਜ ਦੇ ਇਸ ਪ੍ਰਤਿਰੂਪ ਨੂੰ ਰਾਜਧਾਨੀ ਵਿੱਚ ਪ੍ਰਮੁੱਖ ਸਥਾਨ ਤੇ ਸਥਾਪਤ ਕਰਕੇ



*ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲ-3 ਉਤੇ ਸਥਾਪਤ ਵਿਸ਼ਵ ਦਾ ਸਭ ਤੋਂ ਵੱਡਾ ਚਰਖਾ*

ਉਸ ਨੂੰ ਹਰ ਸਮੇਂ ਧਿਆਨ ਵਿੱਚ ਰੱਖਣਾ ਇਕ ਬਹੁਤ ਵਧੀਆ ਅਤੇ ਸਹੀ ਉਪਰਾਲਾ ਹੈ। ਇਸ ਨੂੰ ਸਾਨੂੰ ਕਦੇ ਵੀ ਭੁਲਣਾ ਨਹੀਂ ਚਾਹੀਦਾ।

**ਚਰਖੇ ਦੀ ਮਹੱਤਤਾ ਨੂੰ ਧਿਆਨ ਵਿੱਚ ਰਖਦਿਆਂ ਵਿਸ਼ਵ ਦਾ ਸਭ ਤੋਂ ਵੱਡਾ ਚਰਖਾ 30 ਫੁੱਟ ਲੰਬਾ, 17 ਫੁੱਟ ਉੱਚਾ, 9 ਫੁੱਟ ਚੌੜਾ, ਚਾਰ ਟਨ ਤੋਂ ਵੱਧ ਭਾਰ ਵਾਲਾ ਬਰਮਾ ਟੀਕ ਲੱਕੜੀ ਨਾਲ ਬਣਿਆ ਚਰਖਾ ਕੇ.ਵੀ.ਆਈ.ਸੀ. ਵਲੋਂ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਤੀਜੇ ਟਰਮੀਨਲ ਉਤੇ ਸਥਾਪਤ ਕੀਤਾ ਗਿਆ ਜਿਥੇ ਸਮੁੱਚੇ ਵਿਸ਼ਵ ਤੋਂ ਕਰੋੜਾਂ ਵਿਅਕਤੀ ਆ ਕੇ ਕੁੱਝ ਪਲਾਂ ਲਈ ਇਸ ਨੂੰ ਨਿਹਾਰਦੇ ਹਨ ਅਤੇ ਭਾਰਤ ਦੇ ਇਕ ਇਤਿਹਾਸਕ ਪ੍ਰਤਿਰੂਪ ਦੀ ਪ੍ਰਸ਼ੰਸਾ ਕਰਦੇ ਹਨ।**

ਇਸ ਤੋਂ ਛੁੱਟ ਨਵੀ ਦਿੱਲੀ ਦਾ ਅੰਤਰਰਾਸ਼ਟਰੀ ਹਵਾਈ ਅੱਡਾ ਸਾਡੀ ਰਾਸ਼ਟਰੀ ਹਵਾਈ ਜਗ੍ਹਾ ਦਾ ਪ੍ਰਵੇਸ਼ ਦਵਾਰ ਹੈ ਅਤੇ ਚਰਖੇ ਦੀ ਅਕਾਸ਼ ਦੇ ਇਸ ਪ੍ਰਵੇਸ਼ ਦਵਾਰ ਉਤੇ ਮੌਜੂਦਗੀ ਸਾਨੂੰ ਮਹਾਤਮਾ ਗਾਂਧੀ ਵਲੋਂ 1924 ਵਿੱਚ ਦਿੱਤੇ ਸਵਰਾਜ ਦੇ ਸੱਦੇ ਦੀ ਯਾਦ ਤਾਜ਼ਾ ਕਰਵਾਉਂਦੀ ਹੈ ਜਿਸ ਨੇ ਅਜ਼ਾਦੀ ਦੀ ਲੜਾਈ ਨੂੰ ਇਕ ਨਵੀਂ ਉੜਾਨ ਦਿੱਤੀ ਸੀ।

ਕੇ.ਵੀ.ਆਈ.ਸੀ. ਦੇ ਮੁੱਖ ਮਿਸ਼ਨਾਂ ਵਿੱਚੋਂ ਇਕ ਪੇਂਡੂ ਇਲਾਕੇ ਵਿੱਚ ਰੋਜ਼ਗਾਰ ਪੈਦਾ ਕਰਨਾ ਹੈ। ਪ੍ਰਧਾਨ ਮੰਤਰੀ ਰੋਜ਼ਗਾਰ ਜ਼ਾਮਨੀ ਪ੍ਰੋਗਰਾਮ ਨੇ ਦੇਸ਼ ਵਿੱਚ ਸ਼ੁਰੂਆਤ ਤੋਂ ਹੁਣ ਤੱਕ 2 ਮਿਲੀਅਨ ਤੋਂ ਵੱਧ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ। ਕੇ.ਵੀ.ਆਈ.ਸੀ. ਦੇ ਪ੍ਰਮੁੱਖ ਯੋਗਦਾਨਾਂ ਵਿੱਚੋਂ ਇਕ ਸੀ ਕਿ ਇਸ ਨੇ ਪੇਂਡੂ ਇਲਾਕਿਆਂ ਵਿੱਚ ਮੁਹਾਰਤ ਦੀ ਪਛਾਣ ਕਰਕੇ ਉਸ ਨੂੰ ਪ੍ਰਫੁੱਲਤ ਕਰਨ ਨੂੰ ਹੱਲਾਸ਼ੇਰੀ ਦਿੱਤੀ ਜਿਸ ਨਾਲ ਪੇਂਡੂ ਲੋਕਾਂ ਦੀ ਸ਼ਹਿਰਾਂ ਵੱਲ ਹਿਜਰਤ ਵਿੱਚ ਕਮੀ ਆਈ।

ਕੇ.ਵੀ.ਆਈ.ਸੀ. ਵਲੋਂ ਸ਼ੁਰੂ ਕੀਤੇ ਗਏ ਕਈ ਪ੍ਰੋਗਰਾਮਾਂ ਅਤੇ ਉੱਦਮਾਂ ਤੋਂ ਇਲਾਵਾ ਕਮਿਸ਼ਨ ਦੇ ਚੇਅਰਮੈਨ ਵਜੋਂ ਮੇਰੀ ਇੱਛਾ ਬਿਮਾਰ ਪੇਂਡੂ ਸੱਨਅਤਾਂ ਨੂੰ ਮੁੜ-ਸੁਰਜੀਤ ਕਰਨਾ, ਵਿਕਰੀ ਨੂੰ ਦੁੱਗਣਾ ਕਰਨਾ ਅਤੇ ਬੁਣਕਰਾਂ ਦੀ ਉਜਰਤ ਵਿੱਚ ਵਾਧੇ ਲਈ ਉਪਰਾਲੇ ਵਿਕਸਤ ਕਰਨਾ ਹੈ।



*ਵਾਰਾਨਸੀ ਦੇ ਜੈਪੁਰ ਵਿੱਚ ਸਿਲਾਈ ਦੀ ਸਿਖਲਾਈ ਲੈ ਰਹੀ ਇਕ ਔਰਤ*



ਸਾਡੀ ਇੱਛਾ ਕੇ.ਵੀ.ਆਈ.ਸੀ. ਦੀਆਂ ਬੁਣਾਈ ਇਕਾਈਆਂ 'ਚ ਸੂਰਜੀ ਊਰਜਾ ਦਾ ਇਸਤੇਮਾਲ ਕਰਨਾ ਵੀ ਹੈ ਤਾਂ ਕਿ ਸਰੀਰਕ ਮਜ਼ਦੂਰੀ ਉਤੇ ਨਿਰਭਰਤਾ ਨੂੰ ਘਟਾਇਆ ਜਾ ਸਕੇ। ਬੁਣਕਰਾਂ ਦਾ ਬੀਮਾ, ਭਰੋਸੇਯੋਗ ਸਿਹਤ ਸੇਵਾਵਾਂ ਦੇ ਜਾਲ ਵਿੱਚ ਉਨ੍ਹਾਂ ਦੀ ਸ਼ਮੂਲੀਅਤ, ਉਨ੍ਹਾਂ ਦੀਆਂ ਸਿੱਖਿਆ ਸਮਰੱਥਾਵਾਂ ਵਿੱਚ ਵਾਧਾ ਅਤੇ ਉਨ੍ਹਾਂ ਦੇ ਕੰਮ ਅਤੇ ਉਪਰਾਲਿਆਂ ਦੀ ਵਿਸ਼ਵੀ ਜੀਵਨ ਦੀ ਮੁੱਖ-ਧਾਰਾ ਵਿੱਚ ਪਛਾਣ ਯਕੀਨੀ ਬਣਾਉਣੀ ਕੇ.ਵੀ.ਆਈ.ਸੀ. ਵਿੱਚ ਸਾਡੇ ਮੌਜੂਦਾ ਇੱਛਤ ਟੀਚਿਆਂ ਵਿੱਚ ਸ਼ਾਮਲ ਹਨ।

ਕੁੱਲ ਮਿਲਾ ਕੇ ਖਾਦੀ ਅਤੇ ਪੇਂਡੂ ਸੱਨਅਤਾਂ ਆਧੁਨਿਕ ਭਾਰਤ ਅਤੇ ਆਧੁਨਿਕ ਵਿਸ਼ਵ ਵਿੱਚ ਆਪਣੀ ਉੱਚ ਪਛਾਣ ਬਣਾਉਣ ਵੱਲ ਵਧ ਰਹੀਆਂ ਹਨ; ਮਨੁੱਖੀ ਇਤਿਹਾਸ ਵਿੱਚ ਵਿਕਸਤ ਕੀਤੇ ਗਏ ਬਹੁਤ ਮਜ਼ਬੂਤ ਸਮਾਜਕ, ਆਰਥਿਕ ਨਮੂਨਿਆਂ ਵਿੱਚੋਂ ਇਕ ਵਜੋਂ।

*(ਲੇਖਕ ਖਾਦੀ ਅਤੇ ਪੇਂਡੂ ਸੱਨਅਤ ਬਾਰੇ ਕਮਿਸ਼ਨ ਦੇ ਚੇਅਰਮੈਨ ਹਨ)*

***e-mail :chairmankvnkic2015@gmail.com***

# ਖਾਦੀ : ਭਾਰਤ ਦੀ ਆਜ਼ਾਦੀ ਦੀ ਪ੍ਰਤੀਕ

ਏ. ਅੱਨਾਮਬਾਈ

"ਖਾਦੀ ਦੀ ਭਾਵਨਾ ਦਾ ਮਤਲਬ ਹੈ – ਧਰਤੀ ਦੇ ਹਰੇਕ ਪ੍ਰਾਣੀ ਨਾਲ ਸਹਿਹੋਂਦ। ਇਸ ਦਾ ਮਤਲਬ ਹੈ ਉਨ੍ਹਾਂ ਸਾਰੀਆਂ ਚੀਜ਼ਾਂ ਦਾ ਤਿਆਗ ਕਰਨਾ ਜੋ ਸਾਡੇ ਸਹਿ-ਪ੍ਰਾਣੀਆਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ ਅਤੇ ਜੇ ਅਸੀਂ ਉਸ ਭਾਵਨਾ ਦਾ ਸੰਚਾਰ ਸਾਡੇ ਲੱਖਾਂ ਕਰੋੜ ਦੇਸ਼ਵਾਸੀਆਂ ਦੇ ਦਿਲਾਂ ਵਿੱਚ ਕਰਨਾ ਹੈ, ਤਾਂ ਇਸ ਲਈ ਭਾਰਤ ਤੋਂ ਵਧੀਆ ਧਰਤੀ ਕੋਈ ਹੋ ਹੀ ਨਹੀਂ ਸਕਦੀ !" (ਸੀ ਡਬਲਯੂ ਐੱਮ ਜੀ, ਜਿਲਦ 34, ਪੰਨਾ 520)। ਗਾਂਧੀ ਜੀ ਚਾਹੁੰਦੇ ਸਨ ਕਿ ਖਾਦੀ ਅਤੇ ਮਨੁੱਖੀ ਪ੍ਰਾਣੀਆਂ ਦੇ ਇਕ ਹੋਣ ਦੀ ਭਾਵਨਾ ਨੂੰ ਸਾਰੇ ਦੇਸ਼ ਵਾਸੀ ਅਪਨਾਉਣ। ਖਾਦੀ ਸਿਰਫ ਤਨ ਢਕਣ ਲਈ ਇਕ ਕੱਪੜੇ ਦਾ ਟੁਕੜਾ ਹੀ ਨਹੀਂ ਸਗੋਂ ਇਕ ਦਰਸ਼ਨ ਹੈ ਜਿਸ ਨੂੰ ਆਤਮਸਾਤ ਕਰਕੇ ਉਸ ਉਤੇ ਚੱਲਣ ਦੀ ਲੋੜ ਹੈ।

1917 ਦੇ ਚੰਪਾਰਨ ਸੱਤਿਆਗ੍ਰਹਿ ਦੌਰਾਨ ਗਾਂਧੀ ਜੀ ਨੇ ਬਿਹਾਰ ਦੇ ਕਿਸਾਨਾਂ ਦੀ ਹਾਲਤ ਦੇਖੀ। ਉਹ ਭੀਲਵਾੜਾ ਪਿੰਡ ਵਿੱਚ ਇਕ ਔਰਤ ਨੂੰ ਮਿਲੇ ਅਤੇ ਉਸ ਨਾਲ ਚਰਚਾ ਕਰਦਿਆਂ ਗਾਂਧੀ ਜੀ ਨੂੰ ਅਹਿਸਾਸ ਹੋਇਆ ਕਿ ਉਹ ਔਰਤ ਸਿਰਫ ਇਸ ਕਰਕੇ ਸਾੜ੍ਹੀ ਨਹੀਂ ਸੀ ਬਦਲ ਸਕਦੀ ਕਿਉਂਕਿ ਉਸ ਕੋਲ ਦੂਜੀ ਕੋਈ ਸਾੜ੍ਹੀ ਹੈ ਹੀ ਨਹੀਂ ਸੀ। ਕੱਪੜਿਆਂ ਨੂੰ ਰੰਗਣ ਲਈ ਨੀਲ (ਲਾਜਵਰ) ਦਾ ਸਰੋਤ ਨੀਲ ਦਾ ਪੌਦਾ ਚੰਪਾਰਨ ਸੱਤਿਆਗ੍ਰਹਿ ਦਾ ਕੇਂਦਰੀ ਮੁੱਦਾ ਸੀ ਅਤੇ ਉਹੀ ਕੱਪੜਾ ਕਿਸਾਨਾਂ ਵਾਸਤੇ ਇਕ ਮਹਿੰਗੀ ਵਸਤੂ ਸੀ। ਪਿਛਲੇ ਸਮਿਆਂ ਦੌਰਾਨ ਇਕ ਸਮੇਂ ਅਸੀਂ ਸਭ ਤੋਂ ਵੱਧ ਕਪਾਹ ਦੀ ਖੇਤੀ ਕਰਨ ਵਾਲਿਆਂ ਵਿੱਚ ਸ਼ੁਮਾਰ ਸੀ। ਪਰ ਸਾਡੇ ਵਾਹੀਕਾਰਾਂ ਨੂੰ ਕਪਾਹ ਤੋਂ ਬਣਨ ਵਾਲੇ ਉਤਪਾਦ ਤੋਂ ਵਾਂਝਿਆਂ ਕੀਤਾ ਗਿਆ ਸੀ। ਕਪਾਹ ਕੱਚੇ ਮਾਲ ਦੇ ਤੌਰ ਤੇ ਇੰਗਲੈਂਡ ਚਲੀ ਗਈ ਅਤੇ ਤਿਆਰ ਕੱਪੜੇ ਦੇ ਰੂਪ ਵਿੱਚ ਮਾਨਚੈਸਟਰ ਅਤੇ ਲੰਕਾਸ਼ਾਇਰ ਤੋਂ ਵਾਪਸ ਆਉਂਦੀ ਸੀ।

ਸਾਡਾ ਜਲੌਅ ਵਾਲਾ ਬੀਤਿਆ ਸਮਾਂ ਕਿਧਰ ਗਿਆ? ਗਾਂਧੀ ਜੀ ਉਸ ਥਾਂ ਨਾਲ ਸੰਬੰਧ ਰੱਖਦੇ ਸਨ ਜਿਥੇ ਕੱਤਣਾ ਅਤੇ ਬੁਣਨਾ ਇਕ ਸੱਭਿਆਚਾਰ ਦਾ ਹਿੱਸਾ ਸੀ। ਜਦੋਂ ਈਸਟ ਇੰਡੀਆ ਕੰਪਨੀ ਨੇ ਭਾਰਤੀ ਉਪ-ਮਹਾਂਦੀਪ ਦੇ ਬਾਜ਼ਾਰ ਉਤੇ ਕਬਜ਼ਾ ਕਰ ਲਿਆ, ਹਾਲਾਤ ਤੇਜ਼ੀ ਨਾਲ ਬਦਲ ਗਏ। ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਅੰਗਰੇਜ਼ੀ ਹਾਕਮਾਂ ਨੇ ਭਾਰਤ ਦੇ ਦਿਹਾਤੀ ਲੋਕਾਂ ਦੇ ਕੱਪੜਾ ਸੱਭਿਆਚਾਰ ਨੂੰ ਬਰਬਾਦ ਕਰ ਦਿੱਤਾ।

## ਕੱਪੜੇ ਸੰਬੰਧੀ ਬੀਤੇ ਸਮੇਂ ਦੀ ਸ਼ਾਨਦਾਰ ਜਾਣਕਾਰੀ

ਭਾਰਤੀ ਨੀਲ ਨਾਲ ਰੰਗਿਆ ਸੂਤ ਦਾ ਪੁਲੰਦਾ ਫਾਰਾਹੋਅ ਦੇ ਮਕਬਰੇ ਵਿੱਚ ਪਾਇਆ ਗਿਆ, ਮਜੀਠ ਗੁਲਾਬੀ ਕੱਪੜਾ ਤੱਕਲਿਆਂ ਸਮੇਤ ਮਹਿੰਜੋਦੜੋ ਦੇ ਇਕ ਸਥਾਨ ਤੋਂ ਖੁਦਾਈ ਦੌਰਾਨ ਪ੍ਰਾਪਤ ਹੋਇਆ, ਯੂਨਾਨੀ ਅਤੇ ਰੋਮਨ ਵਪਾਰੀ ਭਾਰਤੀ ਉਪ-ਮਹਾਂਦੀਪ ਦੇ ਉੱਚ-ਕੋਟੀ ਦੇ ਕੱਪੜੇ ਬਾਰੇ ਵਿਚਾਰ ਪ੍ਰਗਟ ਕਰਦੇ ਸਨ। ਅਜੰਤਾ ਅਤੇ ਏਲੋਰਾ ਦੇ ਚਿੱਤਰ ਕੱਪੜੇ ਤੋਂ ਬਣੇ ਭਿੰਨ-ਭਿੰਨ ਪ੍ਰਕਾਰ ਦੇ ਡਿਜ਼ਾਈਨ ਅਤੇ ਸ਼ੈਲੀ ਨੂੰ ਦਰਸਾਉਂਦੇ ਹਨ। ਭਾਰਤ ਦੇ ਹਰੇਕ ਭਾਗ ਦੀ ਕੱਪੜੇ ਦੇ ਡਿਜ਼ਾਈਨ ਦੀ ਆਪਣੀ ਸ਼ੈਲੀ ਸੀ – ਕੱਪੜੇ ਦੇ ਬੁਣਨ, ਰੰਗਣ ਅਤੇ ਛਪਾਈ ਆਦਿ ਵਿੱਚ ਵੱਖ-ਵੱਖ ਡਿਜ਼ਾਈਨ ਦਾ ਪ੍ਰਯੋਗ ਕੀਤਾ ਜਾਂਦਾ ਸੀ। ਕੱਪੜੇ ਦੀ ਗੁਣਵੱਤਾ ਵੀ ਖੇਤਰ ਦੇ ਹਿਸਾਬ ਨਾਲ ਵੱਖ-ਵੱਖ ਸੀ। ਅਸਲ ਵਿੱਚ, ਅਸੀਂ ਕੱਪੜੇ ਦੀ ਤਕਨਾਲੋਜੀ ਦੀ ਕਲਾ ਵਿੱਚ ਰਾਹ ਦਸੇਰੇ ਬਣ ਗਏ।

ਭਾਰਤ ਦਾ ਕੱਪੜਾ ਸਾਡਾ ਮਾਣ ਅਤੇ ਮਹਿਮਾ ਸੀ ਅਤੇ ਕੁੱਝ ਦੇਸ਼ਾਂ ਨੇ ਭਾਰਤ ਤੋਂ ਕੱਪੜਾ ਮੰਗਵਾਉਣ ਉਤੇ ਰੋਕ ਲਾ ਦਿੱਤੀ ਸੀ। ਸਾਡਾ ਕੱਪੜਾ ਕਈ ਦੇਸ਼ਾਂ ਦੇ ਸ਼ਾਹੀ ਘਰਾਣਿਆਂ ਦਾ ਸ਼ਿੰਗਾਰ ਬਣਿਆ। ਇਸ ਵਿੱਚ ਹੱਥ ਨਾਲ ਕੱਤੇ ਅਤੇ ਹੱਥ ਨਾਲ ਬੁਣੇ ਕੱਪੜੇ ਸ਼ਾਮਲ ਸਨ, ਬੀਤੇ ਸਮੇਂ ਦੀ ਖਾਦੀ।

ਉਦਯੋਗਿਕ ਕ੍ਰਾਂਤੀ ਨੇ ਆਪਣਾ ਭੈੜਾ ਜਾਲ ਫੈਲਾਇਆ ਅਤੇ ਇੰਗਲੈਂਡ ਦੀਆਂ ਬਿਜਲਈ ਖੱਡੀਆਂ ਨੇ ਭਾਰਤੀ ਕੱਪੜੇ ਨੂੰ ਮਲੀਆਮੇਟ ਕਰ ਦਿੱਤਾ। ਬਰਤਾਨਵੀ ਬਸਤੀਵਾਦੀ ਨੀਤੀ ਮੁਤਾਬਕ ਬਣਾਏ ਨਵੇਂ ਕਾਨੂੰਨਾਂ ਨੇ ਨਵੀਆਂ ਵਪਾਰਕ ਪ੍ਰਥਾਵਾਂ ਦਾ ਰਾਹ ਪੱਧਰਾ ਕਰ ਦਿੱਤਾ। ਭਾਰਤ ਵਿੱਚ ਪੈਦਾ ਕੀਤੀ ਸਾਰੀ ਕਪਾਹ ਬਹੁਤ ਘੱਟ ਕੀਮਤਾਂ ਉਤੇ ਇੰਗਲੈਂਡ ਨੂੰ ਨਿਰਯਾਤ ਕੀਤੀ ਜਾਣੀ ਸੀ ਜਦ ਕਿ ਬਰਤਾਨਵੀ ਮਿੱਲਾਂ ਦੇ ਬਣੇ ਕੱਪੜੇ ਦਾ ਭਾਰਤੀ ਬਾਜ਼ਾਰਾਂ ਵਿੱਚ ਹੜ੍ਹ ਜਿਹਾ ਆ ਗਿਆ, ਜਿਸ ਨੇ ਸਥਾਨਕ ਵਾਸੀਆਂ ਲਈ ਕੋਈ ਬਦਲ ਨਾ ਛੱਡਿਆ।

ਭਾਰਤ ਦੇ ਲੱਖਾਂ ਹੀ ਕੱਤਣ ਬੁਣਨ ਵਾਲੇ ਬੇਰੋਜ਼ਗਾਰ ਹੋ ਗਏ ਅਤੇ ਅਸਲ ਵਿੱਚ ਉਨ੍ਹਾਂ ਨੂੰ ਸੜਕਾਂ ਉਤੇ ਸੁੱਟ ਦਿੱਤਾ ਗਿਆ। ਭਾਰਤ ਦੇ ਮਾਣ – ਹੱਥੀਂ ਕੱਤੇ ਅਤੇ ਹੱਥੀਂ ਬੁਣੇ ਕੱਪੜੇ ਨੂੰ ਜ਼ਰੂਰੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਬੇਸ਼ਕੀਮਤੀ ਰਵਾਇਤੀ ਕੱਪੜੇ ਦੇ ਜਾਣਕਾਰੀ ਦੇ ਵਿਸ਼ਾਲ ਭੰਡਾਰ ਵੀ ਅਲੋਪ ਹੋ ਗਏ।

## ਖਾਦੀ ਅੰਦੋਲਨ

ਇਥੇ ਗਾਂਧੀ ਜੀ ਦਾ ਆਗਮਨ ਹੁੰਦਾ ਹੈ। "1908 ਵਿੱਚ ਲੰਦਨ ਵਿੱਚ ਮੈਂ ਚਰਖਾ ਵੇਖਿਆ। ਮੈਂ ਉਥੇ ਦੱਖਣੀ ਅਫਰੀਕਾ ਦੇ ਵਫਦ ਦੀ ਅਗਵਾਈ ਕਰਨ ਲਈ ਗਿਆ ਸੀ। ਉਥੇ ਹੀ ਮੈਂ ਬਹੁਤ ਸਾਰੇ ਇਮਾਨਦਾਰ ਤੇ ਜੋਸ਼ੀਲੇ ਭਾਰਤੀ ਵਿਦਿਆਰਥੀਆਂ ਤੇ ਦੂਸਰੇ ਵਿਅਕਤੀਆਂ ਦੇ ਨੇੜਲੇ ਸੰਪਰਕ ਵਿੱਚ ਆਇਆ। ਸਾਡੀਆਂ ਭਾਰਤ

ਦੇ ਹਾਲਾਤ ਬਾਰੇ ਲੰਮੀਆਂ ਚੌੜੀਆਂ ਗੱਲਾਂ-ਬਾਤਾਂ ਹੋਈਆਂ ਅਤੇ ਮੈਂ ਇੱਕਦਮ ਸਮਝ ਗਿਆ ਕਿ ਚਰਖਾ ਕੱਤਣ ਤੋਂ ਬਿਨਾਂ ਸਵਰਾਜ ਨਹੀਂ ਆ ਸਕਦਾ। ਮੈਂ ਝਟਪਟ ਸਮਝ ਗਿਆ ਕਿ ਸਾਨੂੰ ਸਾਰਿਆਂ ਨੂੰ ਕੱਤਣਾ ਪਵੇਗਾ। ਪਰ ਉਸ ਸਮੇਂ ਮੈਨੂੰ ਖੱਡੀ ਤੇ ਚਰਖੇ ਦੇ ਫਰਕ ਦਾ ਪਤਾ ਨਹੀਂ ਸੀ, ਅਤੇ ਹਿੰਦ ਸਵਰਾਜ ਵਿੱਚ ਸ਼ਬਦ ਖੱਡੀ ਚਰਖੇ ਲਈ ਵਰਤਿਆ ਗਿਆ ਸੀ" (ਸੀ ਡਬਲਯੂ ਐੱਮ ਜੀ, ਜਿਲਦ 37, ਪੰਨਾ 288)।

ਗੋਖਲੇ ਦੇ ਸੁਝਾਅ ਤੇ ਗਾਂਧੀ ਜੀ ਨੇ ਭਾਰਤੀ ਲੋਕਾਂ ਦੇ ਹਾਲਾਤ ਜਾਣਨ ਲਈ ਭਾਰਤ ਦਾ ਦੌਰਾ ਕੀਤਾ। ਉਨ੍ਹਾਂ ਆਪਣੀ ਅੱਖੀਂ ਪਿੰਡਾਂ ਦੇ ਮਾੜੇ ਹਾਲਾਤ ਦੇਖੇ। ਕਿਸਾਨ ਲਗਭਗ ਅੱਧਾ ਸਾਲ ਬੇਰੋਜ਼ਗਾਰ ਰਹਿੰਦੇ ਸਨ। ਚੰਪਾਰਨ ਦੀ ਘਟਨਾ ਨੇ ਵੀ ਉਨ੍ਹਾਂ ਦੇ ਵਿਚਾਰਾਂ ਨੂੰ ਹਵਾ ਦਿੱਤੀ ਅਤੇ ਉਹ ਕਿਸਾਨਾਂ ਲਈ ਪੂਰਕ ਧੰਦੇ ਦੀ ਤਲਾਸ਼ ਵਿੱਚ ਸਨ ਜੋ ਉਨ੍ਹਾਂ ਦੇ ਸਮੇਂ ਅਤੇ ਊਰਜਾ ਨੂੰ ਲਾਭਕਾਰੀ ਰੋਜ਼ਗਾਰ ਲਈ ਇਸਤੇਮਾਲ ਕਰ ਸਕੇਗਾ। ਕੱਤਣਾ ਅਤੇ ਬੁਣਨਾ ਉਨ੍ਹਾਂ ਦੇ ਦਿਮਾਗ ਵਿੱਚ ਆਏ। ਉਨ੍ਹਾਂ ਨੇ ਅਹਿਮਦਾਬਾਦ ਦੇ ਮਿੱਲ ਮਾਲਕਾਂ ਦੀ ਸਹਾਇਤਾ ਨਾਲ ਆਸ਼ਰਮ ਵਿੱਚ ਕੱਤਣ ਦੀ ਸ਼ੁਰੂਆਤ ਕੀਤੀ। ਜਲਦੀ ਹੀ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਇਹ ਪ੍ਰਕਿਰਿਆ ਵੀ ਭਾਰਤੀ ਉਦਯੋਗਾਂ ਦੀ ਹੀ ਸਹਾਇਤਾ ਕਰਦੀ ਹੈ ਅਤੇ ਸਿੱਧੇ ਤੌਰ ਤੇ ਕਿਸਾਨਾਂ ਨੂੰ ਇਸ ਦਾ ਕੋਈ ਲਾਭ ਨਹੀਂ ਸੀ। ਬਰੋਚ ਵਿੱਚ ਹੋਈ ਦੂਜੀ ਗੁਜਰਾਤ ਸਿੱਖਿਆ ਕਾਨਫਰੰਸ ਦੌਰਾਨ ਗਾਂਧੀ ਜੀ ਦੀ ਮੁਲਾਕਾਤ ਇਕ ਉਤਸ਼ਾਹੀ ਔਰਤ ਗੰਗਾਬੇਨ ਮਜੂਮਦਾਰ ਨਾਲ ਹੋਈ। ਉਨ੍ਹਾਂ ਨੇ ਗੰਗਾਬੇਨ ਨੂੰ ਕਤਾਈ ਅਤੇ ਇਸ ਨਾਲ ਜੁੜੇ ਸੰਦਾਂ ਦਾ ਰਵਾਇਤੀ ਤਰੀਕਾ ਖੋਜਣ ਦਾ ਕੰਮ ਸੌਂਪਿਆ। ਉਸ ਸਮੇਂ ਭਾਰਤ ਦੇ ਇਹੋ ਜਿਹੇ ਹਾਲਾਤ ਸਨ।

"ਆਖਰ ਵਿੱਚ, ਗੁਜਰਾਤ ਵਿੱਚ ਬੇਤਹਾਸ਼ਾ ਥਾਵਾਂ ਘੁੰਮ ਕੇ ਗੰਗਾਬੇਨ ਨੂੰ ਬੜੌਦਾ ਰਿਆਸਤ ਦੇ ਵਿਜਾਪੁਰ ਵਿੱਚ ਕਤਾਈ ਵਾਲਾ ਚਰਖਾ ਮਿਲ ਹੀ ਗਿਆ। ਉਥੇ ਬਹੁਤ ਸਾਰੇ ਲੋਕਾਂ ਦੇ ਘਰਾਂ ਵਿੱਚ ਚਰਖੇ ਸਨ, ਪਰ ਉਨ੍ਹਾਂ ਨੇ ਲੰਮਾ ਸਮਾਂ ਪਹਿਲਾਂ ਬੇਕਾਰ ਦੀ ਲੱਕੜ ਸਮਝ ਕੇ ਪੜਛੱਤੀਆਂ ਉਤੇ ਰੱਖ ਦਿੱਤੀ ਸੀ। ਉਨ੍ਹਾਂ ਨੇ ਗੰਗਾਬੇਨ ਕੋਲ ਦੁਬਾਰਾ ਕੱਤਣ ਦਾ ਕੰਮ ਅਰੰਭ ਕਰਨ ਦੀ ਇੱਛਾ ਪ੍ਰਗਟ ਕੀਤੀ ਬਸ਼ਰਤੇ ਉਨ੍ਹਾਂ ਨੂੰ ਸੂਤ ਦੀ ਲਗਾਤਾਰ ਪੂਰਤੀ ਅਤੇ ਉਨ੍ਹਾਂ ਦੁਆਰਾ ਕੱਤੇ ਗਏ ਧਾਗੇ ਨੂੰ ਖਰੀਦਣ ਲਈ ਕੋਈ ਵਾਅਦਾ ਕਰੇ। ਗੰਗਾਬੇਨ ਨੇ ਖ਼ੁਸ਼ੀ ਭਰੀ ਖ਼ਬਰ ਮੇਰੇ ਤੱਕ ਪੁੱਜਦੀ ਕਰ ਦਿੱਤੀ" (ਸੀ ਡਬਲਯੂ ਐੱਮ ਜੀ, ਜਿਲਦ 39, ਪੰਨਾ 391)।

**ਗਾਂਧੀ ਜੀ ਦੁਆਰਾ ਆਪਣੇ ਵਿਸ਼ਵਾਸਪਾਤਰ ਦੋਸਤਾਂ ਜਿਵੇਂ ਗੰਗਾਬੇਨ, ਮਗਨ ਲਾਲ ਗਾਂਧੀ ਅਤੇ ਆਸ਼ਰਮ ਦੇ ਹੋਰ ਦੋਸਤਾਂ ਦੀ ਸਹਾਇਤਾ ਨਾਲ ਹੱਥ ਨਾਲ ਕਤਾਈ ਅਤੇ ਬੁਣਾਈ ਮੁੜ ਤੋਂ ਸ਼ੁਰੂ ਕੀਤੀ ਗਈ। ਖਾਦੀ ਦਾ ਪ੍ਰਯੋਗ ਸਭ ਤੋਂ ਪਹਿਲਾਂ ਆਸ਼ਰਮ ਵਿੱਚ ਰਹਿਣ ਵਾਲਿਆਂ ਵਲੋਂ ਕੀਤਾ ਗਿਆ ਅਤੇ ਬਾਅਦ ਵਿੱਚ ਗਾਂਧੀ ਜੀ ਨੇ ਇਸ ਨੂੰ ਰਾਸ਼ਟਰੀ ਪੱਧਰ ਦਾ ਅੰਦੋਲਨ ਬਣਾਉਣ ਦਾ ਫੈਸਲਾ ਲਿਆ।**

ਗਾਂਧੀ ਜੀ ਨੇ ਨਵੇਂ ਬਰਾਂਡ 'ਖਾਦੀ' ਦੇ ਨਾਮ ਹੇਠ ਹੱਥ ਨਾਲ ਕੱਤੇ, ਬੁਣੇ ਕੱਪੜੇ ਪੇਸ਼ ਕੀਤੇ। ਉਨ੍ਹਾਂ ਨੇ ਖਾਦੀ ਨੂੰ ਇਕ ਦਾਰਸ਼ਨਿਕ ਅਧਾਰ ਵੀ ਦਿੱਤਾ ਅਤੇ ਕਾਂਗਰਸ ਲਈ ਇਸ ਨੂੰ ਇਕ ਨਵਾਂ ਪ੍ਰੋਗਰਾਮ ਬਣਾ ਦਿੱਤਾ।

## ਸਵਦੇਸ਼ੀ ਦੀ ਭਾਵਨਾ

"ਖੱਦਰ ਸਵਦੇਸ਼ੀ ਦਾ ਅਧਾਰ ਅਤੇ ਕੇਂਦਰੀ ਤੱਥ ਹੈ। ਖੱਦਰ ਤੋਂ ਰਹਿਤ ਸਵਦੇਸ਼ੀ ਜੀਵਨ ਤੋਂ ਰਹਿਤ ਸਰੀਰ ਵਾਂਗ ਹੈ ਜਿਸ ਨੂੰ ਦਾਹ ਸੰਸਕਾਰ ਕਰਨਾ ਜਾਂ ਦਫਨਾਉਣਾ ਹੀ ਠੀਕ ਹੁੰਦਾ ਹੈ। ਇਕੋ-ਇਕ ਸਵਦੇਸ਼ੀ ਕੱਪੜਾ ਸਿਰਫ ਖੱਦਰ ਹੈ। ਜੇ ਸਵਦੇਸ਼ੀ ਦੀ ਵਿਆਖਿਆ ਇਸ ਦੇਸ਼ ਦੇ ਲੱਖਾਂ ਵਾਸੀਆਂ ਦੀ ਜ਼ੁਬਾਨ ਵਿੱਚ ਕਰਨੀ ਹੋਵੇ ਤਾਂ ਖੱਦਰ ਦਾ ਸਵਦੇਸ਼ੀ ਵਿੱਚ ਉਹ ਸਥਾਨ ਹੈ ਜੋ ਸਾਡੇ ਜੀਵਨ ਲਈ ਹਵਾ ਦਾ ਹੁੰਦਾ ਹੈ। ਸਵਦੇਸ਼ੀ ਦੀ ਕਸੌਟੀ ਕਿਸੇ ਵਸਤੂ ਦੀ ਵਰਤੋਂ ਦੀ ਇਕਸਾਰਤਾ ਨਹੀਂ ਹੈ ਜਿਸ ਦਾ ਨਾਮ ਸਵਦੇਸ਼ੀ ਹੈ, ਪਰ ਅਜਿਹੀ ਵਸਤੂ ਦੇ ਨਿਰਮਾਣ ਅਤੇ ਉਤਪਾਦਨ ਵਿੱਚ ਭਾਗੀਦਾਰੀ ਦੀ ਸਮਾਨਤਾ ਇਸ ਦਾ ਖਾਸਾ ਹੈ। ਇਸ ਪ੍ਰਕਾਰ ਮਿੱਲ ਦਾ ਬਣਿਆ ਕੱਪੜਾ ਬਹੁਤ ਸੀਮਤ ਅਰਥਾਂ ਵਿੱਚ ਹੀ ਸਵਦੇਸ਼ੀ ਹੈ ਕਿਉਂਕਿ ਇਸ ਦੇ ਨਿਰਮਾਣ ਵਿੱਚ ਲੱਖਾਂ ਭਾਰਤੀਆਂ ਦਾ ਬਹੁਤ ਹੀ ਅਤਿ ਸੂਖਮ ਹਿੱਸਾ ਭਾਗ ਲੈ ਸਕਦਾ ਹੈ। ਪਰ ਖੱਦਰ ਦੇ ਨਿਰਮਾਣ ਵਿੱਚ ਲੱਖਾਂ ਭਾਰਤੀ ਭਾਗ ਲੈ ਸਕਦੇ ਹਨ" (ਯੰਗ ਇੰਡੀਆ, 17-6-1926)।

ਹੁਣ ਉਨ੍ਹਾਂ ਨੇ ਸਵਦੇਸ਼ੀ ਅੰਦੋਲਨ ਨੂੰ ਪੁਨਰ ਜਾਗਰਿਤ ਕਰਨ ਲਈ ਜ਼ਮੀਨ ਤਿਆਰ ਕਰ ਲਈ ਸੀ ਅਤੇ ਉਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਵਿਦੇਸ਼ੀ ਕੱਪੜੇ ਦਾ ਬਾਈਕਾਟ ਕਰਨ ਲਈ ਜ਼ੋਰ ਪਾਇਆ। ਉਨ੍ਹਾਂ ਨੇ ਸਵਦੇਸ਼ੀ ਰਾਹੀਂ ਰਾਸ਼ਟਰਵਾਦ ਦੀ ਭਾਵਨਾ ਜਾਗਰਿਤ ਕਰ ਦਿੱਤੀ ਅਤੇ ਖਾਦੀ ਨੂੰ ਰਾਸ਼ਟਰਵਾਦ ਦਾ ਪ੍ਰਤੀਕ ਬਣਾ ਦਿੱਤਾ। ਉਨ੍ਹਾਂ ਨੇ ਖਾਦੀ ਅੰਦੋਲਨ ਰਾਹੀਂ ਆਪਣੇ ਅਹਿੰਸਾ ਦੇ ਹਥਿਆਰ ਨੂੰ ਬਸਤੀਵਾਦੀ ਸ਼ੋਸ਼ਣ ਦੀਆਂ ਜੜ੍ਹਾਂ ਉਤੇ ਵਾਰ ਕਰਨ ਲਈ ਸੇਧ ਲਿਆ।

ਉਨ੍ਹਾਂ ਨੇ ਪੇਂਡੂ ਆਰਥਿਕਤਾ ਦੀ ਵਿਕੇਂਦਰੀਕ੍ਰਿਤ ਤਰੀਕੇ ਨਾਲ ਪੁਨਰ ਉਸਾਰੀ ਕਰਨ ਲਈ ਖਾਦੀ ਨੂੰ ਇਸ ਪ੍ਰੋਗਰਾਮ ਦਾ ਹਿੱਸਾ ਬਣਾਏ ਜਾਣ ਦਾ ਪ੍ਰਸਤਾਵ ਪੇਸ਼ ਕੀਤਾ। ਇਹ ਆਜ਼ਾਦੀ ਸੰਗਰਾਮ ਦਾ ਇਕ ਹਿੱਸਾ ਬਣ ਗਈ। ਉਨ੍ਹਾਂ ਨੇ ਖਾਦੀ ਅੰਦੋਲਨ ਨੂੰ ਪ੍ਰਸਿੱਧ ਕਰਨ ਲਈ ਦੇਸ਼ ਭਰ ਦਾ ਦੌਰਾ ਕੀਤਾ।

ਸ਼ੁਰੂਆਤੀ ਪੜਾਅ ਵਿੱਚ ਸਭ ਤੋਂ ਵੱਡਾ ਅੜਿੱਕਾ ਖਾਦੀ ਦੇ ਰੰਗ ਦਾ ਸੀ – ਸਫੈਦ। ਉਹ ਔਰਤਾਂ ਲਈ ਰੰਗਦਾਰ ਸਾੜ੍ਹੀ ਨਾ ਬਣਾ ਸਕੇ। ਰੰਗਦਾਰ ਬਸਤਰ ਤੋਂ ਬਿਨਾਂ ਵੀ ਸਫੈਦ ਸਾੜ੍ਹੀ ਵਿਧਵਾ ਦਾ ਪ੍ਰਤੀਕ ਸੀ ਅਤੇ ਕੋਈ ਵੀ ਪਰਿਵਾਰ ਇਸ ਪਹਿਰਾਵੇ ਨੂੰ ਸਵੀਕਾਰ ਨਹੀਂ ਕਰੇਗਾ। ਇਸ ਕਰਕੇ ਗਾਂਧੀ ਜੀ ਵਲੋਂ ਸਫੈਦ ਦੀ ਧਾਰਨਾ ਨੂੰ ਸ਼ੁੱਧਤਾ ਅਤੇ ਸਾਦਗੀ ਵਜੋਂ ਪੇਸ਼ ਕੀਤਾ ਗਿਆ। ਉਨ੍ਹਾਂ ਨੇ ਆਪਣੀ ਪਤਨੀ ਕਸਤੂਰਬਾ ਨੂੰ ਸਫੈਦ ਸਾੜ੍ਹੀ ਪਹਿਨਣ ਲਈ ਆਖਿਆ ਅਤੇ ਆਸ਼ਰਮ ਦੀਆਂ ਦੂਜੀਆਂ ਔਰਤਾਂ ਨੂੰ ਵੀ ਸਫੈਦ ਸਾੜ੍ਹੀ ਪਹਿਨਣ ਲਈ ਪ੍ਰੇਰਿਤ ਕੀਤਾ ਤਾਂ ਕਿ ਜੋ ਲੋਕਾਂ ਲਈ ਇਕ ਮਿਸਾਲ ਪੈਦਾ ਕੀਤੀ ਜਾ ਸਕੇ।

## ਖਾਦੀ ਆਰਥਿਕਤਾ

ਖਾਦੀ ਅੰਦੋਲਨ ਨੇ ਪਿੰਡਾਂ ਦੇ ਸਸ਼ਕਤੀਕਰਨ ਦਾ ਰਾਹ ਵੀ ਪੱਧਰਾ ਕੀਤਾ, ਖ਼ਾਸ ਕਰਕੇ ਔਰਤਾਂ ਦਾ। ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਵਲੋਂ ਸ਼ਮੂਲੀਅਤ ਕਰਨ ਦਾ ਇਕ ਵੱਡਾ ਕਾਰਨ ਬੇਸ਼ੱਕ ਖਾਦੀ ਅੰਦੋਲਨ ਸੀ।

ਉਨ੍ਹਾਂ ਆਖਿਆ, ''ਖਾਦੀ ਉਦੋਂ ਤੱਕ ਲੱਖਾਂ ਪਿੰਡ ਨਿਵਾਸੀਆਂ ਦੇ ਮਾਮਲੇ ਵਿੱਚ ਸੱਚੀ ਆਰਥਿਕਤਾ ਦਾ ਪ੍ਰਸਤਾਵ ਬਣੀ ਰਹੇਗੀ ਜਦੋਂ ਤੱਕ ਸੋਲਾਂ ਸਾਲ ਤੋਂ ਵੱਧ ਉਮਰ ਦੇ ਸਾਰੇ ਰਿਸ਼ਟ-ਪੁਸ਼ਟ, ਆਦਮੀ ਜਾਂ ਔਰਤ ਨੂੰ ਕੰਮ ਦੇ ਕੇ ਮਿਹਨਤਾਨਾ ਉਸ ਦੇ ਕੰਮ ਖੇਤਰ, ਘਰੇਲੂ ਜਾਂ ਕਾਰਖਾਨੇ ਵਿੱਚ, ਭਾਰਤ ਦੇ ਹਰੇਕ ਪਿੰਡ ਵਿੱਚ ਪ੍ਰਦਾਨ ਨਹੀਂ ਕੀਤਾ ਜਾਂਦਾ ਜਾਂ ਜਦੋਂ ਤੱਕ ਪਿੰਡਾਂ ਦੇ ਉਜਾੜੇ ਤੋਂ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਅਤੇ ਸੁਖ ਆਰਾਮ, ਬੁਨਿਆਦੀ ਸਹੂਲਤਾਂ ਲਈ ਸ਼ਹਿਰ ਨਹੀਂ ਵਸਾਏ ਜਾਂਦੇ ਜੋ ਆਮ ਜੀਵਨ ਲਈ ਜ਼ਰੂਰੀ ਹੁੰਦੀਆਂ ਹਨ ਅਤੇ ਜਿਸ ਦੇ ਨਾਗਰਿਕ ਹੱਕਦਾਰ ਹੁੰਦੇ ਹਨ। ਮੈਂ ਇਸ ਪ੍ਰਸਤਾਵ ਨੂੰ ਸਿਰਫ ਇਹ ਦਿਖਾਉਣ ਲਈ ਪੇਸ਼ ਕਰ ਰਿਹਾ ਹਾਂ ਕਿ ਖਾਦੀ ਸਾਡੀ ਸੋਚ ਅਧੀਨ ਕਿੰਨੇ ਵੀ ਲੰਮੇ ਸਮੇਂ ਲਈ ਆਪਣੀ ਜਗ੍ਹਾ ਬਣਾਈ ਰੱਖ ਸਕਦੀ ਹੈ" (ਖਾਦੀ - ਕਿਉਂ ਅਤੇ ਕਿਵੇਂ, ਪੰਨਾ 35)।

ਉਤਪਾਦਨ ਦੀ ਵਿਕੇਂਦਰੀਕ੍ਰਿਤ ਪ੍ਰਣਾਲੀ ਨਾਲ ਯਕੀਨੀ ਤੌਰ ਤੇ ਆਮਦਨ ਦੀ ਬਰਾਬਰ ਵੰਡ ਹੋਵੇਗੀ। ਰਾਜਾ ਜੀ ਨੇ ਆਖਿਆ, ''ਤੁਸੀਂ ਦੌਲਤ ਬਣਾਉਣ ਤੋਂ ਬਾਅਦ ਇਸ ਦੀ ਬਰਾਬਰ ਵੰਡ ਨਹੀਂ ਕਰ ਸਕਦੇ। ਤੁਸੀਂ ਇਸ ਲਈ ਆਦਮੀਆਂ ਨੂੰ ਰਾਜ਼ੀ ਕਰਨ ਵਿੱਚ ਸਫਲ ਨਹੀਂ ਹੋਵੋਗੇ। ਪਰ ਤੁਸੀਂ ਇਸ ਪ੍ਰਕਾਰ ਦੌਲਤ ਪੈਦਾ ਕਰ ਸਕਦੇ ਹੋ ਕਿ ਇਸ ਨੂੰ ਪੈਦਾ ਕਰਨ ਤੋਂ 'ਪਹਿਲਾਂ' ਬਰਾਬਰ ਵੰਡਿਆ ਜਾ ਸਕੇ। ਇਹ ਖਾਦੀ ਹੈ।"

''ਖਾਦੀ ਪਿੰਡ ਦੀ ਸੂਰਜੀ ਪ੍ਰਣਾਲੀ ਦਾ ਸੂਰਜ ਹੈ। ਗ੍ਰਹਿ ਵੱਖ-ਵੱਖ ਉਦਯੋਗ ਹਨ ਜੋ ਇਸ ਤੋਂ ਪ੍ਰਾਪਤ ਹੋਣ ਵਾਲੀ ਗਰਮੀ ਅਤੇ ਉਪਜੀਵਕਾ ਲਈ ਖਾਦੀ ਦੀ ਹਮਾਇਤ ਕਰ ਸਕਦੇ ਹਨ। ਇਸ ਤੋਂ ਬਿਨਾਂ ਦੂਜੇ ਉਦਯੋਗ ਵਿਕਸਤ ਨਹੀਂ ਹੋ ਸਕਦੇ। ਪਰ ਮੈਂ ਆਪਣੇ ਪਿਛਲੇ ਦੌਰੇ ਦੌਰਾਨ ਵੇਖਿਆ ਕਿ ਦੂਜੇ ਉਦਯੋਗਾਂ ਨੂੰ ਪੁਨਰ ਜੀਵਤ ਕੀਤੇ ਬਿਨਾਂ ਖਾਦੀ ਹੋਰ ਅੱਗੇ ਤਰੱਕੀ ਨਹੀਂ ਕਰ ਸਕਦੀ। ਪਿੰਡਾਂ ਨੂੰ ਆਪਣਾ ਵਿਹਲਾ ਸਮਾਂ ਲਾਭਕਾਰੀ ਕੰਮਾਂ ਵਿੱਚ ਲਗਾਉਣ ਲਈ ਯੋਗ ਬਣਾਉਣ ਵਾਸਤੇ ਪਿੰਡਾਂ ਦੇ ਜੀਵਨ ਦੇ ਸਾਰੇ ਪਹਿਲੂਆਂ ਉਤੇ ਕੰਮ ਕਰਨਾ ਹੋਵੇਗਾ" (ਹਰੀਜਨ, 16-11-1934)।

ਗਾਂਧੀ ਜੀ ਨੂੰ ਕਾਂਗਰਸ ਅੰਦਰਲੇ ਦਬਾਅ ਦਾ ਵੀ ਅਹਿਸਾਸ ਹੋ ਗਿਆ ਅਤੇ ਉਨ੍ਹਾਂ ਨੇ ਖਾਦੀ ਦੇ ਕੰਮ ਨੂੰ ਕਾਂਗਰਸ ਦੀ ਸੰਗਠਨਾਤਮਕ ਸਹਾਇਤਾ ਤੋਂ ਅਲਗ ਕਰਨ ਦਾ ਫੈਸਲਾ ਲਿਆ। ਉਨ੍ਹਾਂ ਵਲੋਂ ਆਲ ਇੰਡੀਆ ਸਪਿੰਨਰਜ਼ ਐਸੋਸੀਏਸ਼ਨ ਦੀ 1925 ਵਿੱਚ ਸਥਾਪਨਾ ਕੀਤੀ ਗਈ। ਆਲ ਇੰਡੀਆ ਸਪਿੰਨਰਜ਼ ਐਸੋਸੀਏਸ਼ਨ ਦੇ ਮਾਰਗ ਦਰਸ਼ਨ ਹੇਠ ਖਾਦੀ ਭਾਰਤ ਦੇ ਹਰੇਕ ਕੋਨੇ ਤੱਕ ਪਹੁੰਚ ਗਈ, ਇਸ ਨੂੰ ਨਵੇਂ ਹਮਾਇਤੀ ਮਿਲੇ ਅਤੇ ਭਾਰਤ ਭਰ ਵਿੱਚ ਇਸ ਦੀ ਹਮਾਇਤ ਦਾ ਅਧਾਰ ਹੋਰ ਵਿਸ਼ਾਲ ਹੋਇਆ।

## ਆਜ਼ਾਦੀ ਅੰਦੋਲਨ ਦਾ ਪ੍ਰਤੀਕ

**ਚਰਖਾ ਆਜ਼ਾਦੀ ਅੰਦੋਲਨ ਦਾ ਪ੍ਰਤੀਕ ਬਣ ਗਿਆ ਅਤੇ ਖਾਦੀ ਰਾਸ਼ਟਰਵਾਦ ਦੀ ਪਛਾਣ ਬਣ ਗਈ। ਭਾਰਤ ਨੇ ਬਸਤੀਵਾਦੀ ਤਾਕਤ ਤੋਂ ਲੋਕਾਂ ਦੀ ਤਾਕਤ ਵੱਲ ਬਦਲਾਅ ਹੁੰਦਾ ਵੇਖਿਆ। ਕਿਸੇ ਵੇਲੇ ਆਮ ਲੋਕ ਪੁਲਿਸ ਵਾਲਿਆਂ ਤੋਂ ਡਰਦੇ ਸਨ ਪਰ ਗਾਂਧੀ ਜੀ ਵਲੋਂ ਅਹਿੰਸਾ ਦੀ ਰਣਨੀਤੀ ਸ਼ੁਰੂ ਕਰਨ ਨਾਲ ਪੁਲਿਸ ਵਾਲੇ 'ਖਾਦੀ' ਵਾਲੇ ਲੋਕਾਂ ਤੋਂ ਡਰਨ ਲੱਗ ਪਏ। ਸਿੱਧੀ ਸਾਦੀ ਆਰਥਿਕ ਗਤੀਵਿਧੀ ਇਕ ਸ਼ਕਤੀਸ਼ਾਲੀ ਰਾਜਨੀਤਕ ਹਥਿਆਰ ਬਣ ਗਈ।**

ਲੀਜ਼ਾ ਤ੍ਰਿਵੇਦੀ ਨੇ ਆਪਣੀ ਕਿਤਾਬ 'ਕਲੋਟਿੰਗ ਗਾਂਧੀ 'ਜ਼ ਨੇਸ਼ਨ' ਵਿੱਚ ਲਿਖਿਆ ਹੈ, ''ਖਾਦੀ ਨੇ ਬਸਤੀਵਾਦ ਦੇ ਸਮਰਥਕ ਵਿਅਕਤੀਆਂ ਨੂੰ ਵੀ ਰਾਸ਼ਟਰੀ ਸ਼ਹਿਰੀਆਂ ਵਿੱਚ ਬਦਲ ਦਿੱਤਾ। ਪਹਿਰਾਵੇ ਦਾ ਇਕ ਨਵਾਂ ਤਰੀਕਾ ਈਜਾਦ ਕਰਕੇ, ਸਵਦੇਸ਼ੀ ਦੇ ਸਮਰਥਕਾਂ ਨੇ ਇਕ ਅਜਿਹਾ ਸਾਦਾ ਤੇ ਸਰਲ ਰਸਤਾ ਪ੍ਰਦਾਨ ਕਰ ਦਿੱਤਾ ਜਿਸ ਰਾਹੀਂ ਉੱਚ ਵਰਗ ਨਾਲ ਸੰਬੰਧਿਤ ਵਿਅਕਤੀ ਆਪਣੇ ਆਪ ਨੂੰ ਵਿਸ਼ਾਲ ਰਾਸ਼ਟਰੀ ਭਾਈਚਾਰੇ ਦੀ ਪਛਾਣ ਦੇ ਸਕਦੇ ਹਨ। ਪਹਿਰਾਵੇ ਦੇ ਨਵੇਂ ਢੰਗ ਅਤੇ ਤਰੀਕੇ ਅਪਣਾ ਕੇ ਬਸਤੀਵਾਦੀ ਅਤੇ ਰਵਾਇਤੀ ਵਿਵਹਾਰ, ਦੋਹਾਂ ਨੂੰ ਵੰਗਾਰਿਆ ਗਿਆ। ਅਖੌਤੀ 'ਆਦਤਨ ਖਾਦੀ ਪਹਿਨਣ' ਵਾਲਿਆਂ ਨੇ ਇਕਸਮਾਨ ਕਿਰਤ ਦੇ ਸਿਧਾਂਤ ਅਤੇ ਸਵੈ-ਨਿਰਭਰਤਾ ਨੂੰ ਰਾਜਨੀਤਕ ਸਮਾਜ ਦੇ ਅਧਾਰ ਵਜੋਂ ਮਨਾਇਆ ... ਸਿੱਧੇ ਸਿੱਧੇ, ਬਸਤੀਵਾਦੀ ਭਾਰਤ ਵਿੱਚ ਵਸਦੇ ਲੋਕਾਂ ਨੂੰ ਖਾਦੀ ਨੇ ਇਕ ਦੂਜੇ ਨੂੰ ਇਕੋ ਭਾਈਚਾਰੇ ਦੇ ਮੈਂਬਰ ਵਜੋਂ ਵੇਖਣ ਦੇ ਸਮਰੱਥ ਬਣਾ ਦਿੱਤਾ। ਹੋ ਸਕਦਾ ਹੈ ਕਿ ਖਾਦੀ ਹਰੇਕ ਨੂੰ ਇਕ 'ਭਾਰਤੀ' ਵਿੱਚ ਬਦਲਣ ਵਿੱਚ ਮੁਕੰਮਲ ਤੌਰ ਤੇ ਸਫਲ ਨਾ ਹੋਈ ਹੋਵੇ ਪਰ ਯਕੀਨੀ ਤੌਰ ਤੇ ਇਸ ਨੇ ਬਸਤੀਵਾਦੀ ਅਤੇ ਰਵਾਇਤੀ ਰਵੱਈਏ ਦੇ ਨੇਮਾਂ ਨੂੰ ਜ਼ਾਹਰਾ ਤੌਰ ਤੇ ਰੱਦ ਕੀਤਾ।"

''ਖਾਦੀ ਦਾ ਮਿਸ਼ਨ ਸ਼ਹਿਰ ਦੇ ਲੋਕਾਂ ਨੂੰ ਸਿਰਫ ਫੈਸ਼ਨਦਾਰ ਖਾਦੀ ਦੀ ਪੂਰਤੀ ਕਰਨਾ ਹੀ ਨਹੀਂ ਹੈ ਜੋ ਮਿੱਲ ਮਾਲਕਾਂ ਨਾਲ ਮੁਕਾਬਲਾ ਕਰੇਗੀ ਅਤੇ ਦੂਸਰੇ ਉਦਯੋਗਾਂ ਵਾਂਗ ਸਿਰਫ ਕੁੱਝ ਕਾਰੀਗਰਾਂ ਨੂੰ ਹੀ ਰੋਜ਼ਗਾਰ ਦੇਵੇਗੀ, ਸਗੋਂ ਇਹ ਖੇਤੀਬਾੜੀ ਲਈ ਪੂਰਕ ਉਦਯੋਗ ਬਣ ਜਾਵੇਗੀ। ਇਹ ਮਿਸ਼ਨ ਹਾਲੇ ਵੀ ਅਧੂਰਾ ਹੈ।

ਇਸ ਮਿਸ਼ਨ ਨੂੰ ਪੂਰਾ ਕਰਨ ਲਈ ਇਸ ਨੂੰ ਸਵੈ-ਨਿਰਭਰ ਹੋਣਾ ਹੋਵੇਗਾ ਅਤੇ ਪਿੰਡਾਂ ਵਿੱਚ ਇਸ ਦੀ ਵਰਤੋਂ ਦਾ ਪਸਾਰ ਕਰਨਾ ਹੋਵੇਗਾ। ਜਿਵੇਂ ਕਿ ਪਿੰਡਾਂ ਵਾਲੇ ਆਪਣੀ ਰੋਟੀ ਜਾਂ ਚੌਲ ਖੁਦ ਬਣਾਉਂਦੇ ਹਨ, ਇਸੇ ਪ੍ਰਕਾਰ ਆਪਣੀ ਨਿੱਜੀ ਵਰਤੋਂ ਲਈ ਆਪਣੀ ਖਾਦੀ ਬਣਾਉਣੀ ਹੋਵੇਗੀ। ਵਾਧੂ ਖਾਦੀ ਨੂੰ ਉਹ ਵੇਚ ਸਕਦੇ ਹਨ" (ਹਰੀਜਨ, 6-7-1935)।

## ਸਾਡੇ ਸਾਹਮਣੇ ਚੁਣੌਤੀਆਂ

ਹੁਣ ਖਾਦੀ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਸ ਨੂੰ ਲੋਕਾਂ ਲਈ ਕਿਫਾਇਤੀ ਕਿਵੇਂ ਬਣਾਇਆ ਜਾਵੇ ਅਤੇ ਕਿਰਤ ਦੇ ਸਨਮਾਨ, ਵਿਕੇਂਦਰੀਕਰਨ, ਅਹਿੰਸਾ ਅਤੇ ਸਾਦਗੀ ਦੇ ਬੁਨਿਆਦੀ ਸਿਧਾਂਤਾਂ ਨਾਲ ਸਮਝੌਤਾ ਕੀਤੇ ਬਿਨਾਂ ਇਸ ਨੂੰ ਹੋਰ ਦਿਲਕਸ਼ ਕਿਵੇਂ ਬਣਾਇਆ ਜਾਵੇ। 'ਆਜ਼ਾਦੀ ਅੰਦੋਲਨ' ਜਾਂ 'ਸਵਦੇਸ਼ੀ ਅੰਦੋਲਨ' ਵਰਗੇ ਸ਼ਕਤੀਸ਼ਾਲੀ ਪ੍ਰਭਾਵਾਂ ਦੀ ਗ਼ੈਰ-ਹਾਜ਼ਰੀ ਵਿੱਚ ਹੁਣ ਖਾਦੀ ਨੂੰ ਇਸ ਦੀ ਦਾਰਸ਼ਨਿਕ ਬੁਨਿਆਦ ਤੇ ਆਪ ਹੀ ਮਜਬੂਤੀ ਨਾਲ ਖੜ੍ਹੇ ਹੋਣਾ ਹੋਵੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੂਤੀ ਕੱਪੜਾ ਵਾਤਾਵਰਨ ਪੱਖੀ, ਸਾਡੇ ਮੌਸਮੀ ਹਾਲਾਤਾਂ ਦੇ ਅਨੁਕੂਲ ਚਮੜੀ ਲਈ ਮੁਆਫਕ ਅਤੇ ਕੁਦਰਤੀ ਉਤਪਾਦ ਹੈ। ਇਹ ਸਾਰੇ ਹੀ ਸੂਤੀ ਉਤਪਾਦਾਂ, ਜਿਸ ਵਿੱਚ ਮਿੱਲ ਦੇ ਬਣੇ ਉਤਪਾਦ ਸ਼ਾਮਲ ਹਨ ਤੇ ਲਾਗੂ ਹੈ। ਪਰ ਪਰਖ ਦੀ ਕਸੌਟੀ ਉਤਪਾਦਨ, ਵੰਡ ਅਤੇ ਖਪਤ

*ਬਾਕੀ ਸਫ਼ਾ 46 ਉੱਤੇ*

# ਭਾਰਤੀ ਪਟਸਨ ਖੇਤਰ ਨੂੰ ਉਤਸ਼ਾਹਿਤ ਕਰਨਾ

✍ ਸੁਬਰਤਾ ਗੁਪਤਾ

*ਭਾਰਤ ਵਿੱਚ ਪਟਸਨ ਖੇਤਰ ਨੂੰ ਪਟਸਨ ਪੈਕੇਜਿੰਗ ਮਟੀਰੀਅਲ ਐਕਟ, 1987 ਦੀ ਸੁਰੱਖਿਆ ਹਾਸਲ ਹੈ। ਇਸ ਲੇਖ ਵਿੱਚ ਦਲੀਲ ਦਿੱਤੀ ਗਈ ਹੈ ਕਿ ਭਾਵੇਂ ਇਸ ਐਕਟ ਨੇ ਕਿਸਾਨਾਂ ਅਤੇ ਨੌਕਰੀਆਂ ਦੀ ਕਾਫੀ ਹੱਦ ਤੱਕ ਸੁਰੱਖਿਆ ਕੀਤੀ ਹੈ ਪਰ ਇਸ ਨੇ ਇਨ੍ਹਾਂ ਨੂੰ ਖੜੋਤ ਵੱਲ ਵੀ ਧੱਕ ਦਿੱਤਾ ਹੈ, ਜਿਸ ਦੇ ਸਿੱਟੇ ਵਜੋਂ ਪਟਸਨ ਉਦਯੋਗ ਮੁਕਾਬਲੇਬਾਜ਼ੀ ਵਜੋਂ ਵਿਕਸਤ ਨਹੀਂ ਹੋ ਰਿਹਾ ਅਤੇ ਆਪਣੇ ਚੱਲਦੇ ਰਹਿਣ ਲਈ ਇਕ ਉਤਪਾਦ ਅਤੇ ਇਕ ਖਰੀਦਦਾਰ ਉਤੇ ਹੋਰ ਜ਼ਿਆਦਾ ਨਿਰਭਰ ਹੁੰਦਾ ਜਾ ਰਿਹਾ ਹੈ।*

ਕਪਾਹ ਤੋਂ ਬਾਅਦ ਪਟਸਨ (ਜਿਸ ਨੂੰ ਪੇਂਡੂ ਭਾਸ਼ਾ ਵਿੱਚ ਸਣ ਵੀ ਆਖਦੇ ਹਨ) ਭਾਰਤ ਵਿੱਚ ਪੈਦਾ ਕੀਤਾ ਜਾਣ ਵਾਲਾ ਦੂਜਾ ਸਭ ਤੋਂ ਮਹੱਤਵਪੂਰਨ ਕੁਦਰਤੀ ਰੇਸ਼ਾ ਹੈ। ਪਟਸਨ ਦੇ ਸਮਾਜਕ-ਆਰਥਿਕ ਅਤੇ ਵਾਤਾਵਰਨ ਨਾਲ ਸੰਬੰਧਿਤ ਅਨੇਕ ਲਾਭ ਹਨ। ਇਹ ਖਤਮ ਹੋ ਜਾਣ ਵਾਲਾ ਕੁਦਰਤੀ ਰੇਸ਼ਾ ਹੈ ਜੋ ਬਹੁਤ ਸਾਰੇ ਕੰਮਾਂ ਵਿੱਚ ਪ੍ਰਦੂਸ਼ਣ ਪੈਦਾ ਕਰਨ ਵਾਲੇ ਪਲਾਸਟਿਕ ਦਾ ਬਦਲ ਬਣ ਸਕਦਾ ਹੈ। ਖੇਤੀਬਾੜੀ ਵਿੱਚ ਇਹ ਨੀਵੀਂ ਜ਼ਮੀਨ ਵਿੱਚ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਵਾਧੂ ਆਮਦਨ ਪ੍ਰਦਾਨ ਕਰਦਾ ਹੈ, ਜਿਹੜੇ ਖੇਤਰਾਂ ਵਿੱਚ ਮੀਂਹ ਬਹੁਤ ਜ਼ਿਆਦਾ ਪੈਂਦਾ ਹੈ ਅਤੇ ਜਿਥੇ ਨਗਦੀ ਵਾਲੀਆਂ ਦੂਜੀਆਂ ਫ਼ਸਲਾਂ ਉਗਾਉਣੀਆਂ ਔਖੀਆਂ ਹਨ। ਇਕ ਅਨੁਮਾਨ ਮੁਤਾਬਕ ਲਗਭਗ 40 ਲੱਖ ਕਿਸਾਨ ਪਟਸਨ ਦੀ ਖੇਤੀ ਵਿੱਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਸ਼ਾਮਲ ਹਨ। ਰੇਸ਼ੇ ਦੀ ਪ੍ਰਸੈਸਿੰਗ ਅਤੇ ਪਟਸਨ ਤੋਂ ਬਣੀਆਂ ਵਸਤਾਂ ਦੇ ਉਤਪਾਦਨ ਵਿੱਚ 3.5 ਲੱਖ ਕਾਮਾ ਸ਼ਕਤੀ ਲੱਗੀ ਹੋਈ ਹੈ। ਆਸ ਮੁਤਾਬਕ, ਪੂਰਬੀ ਅਤੇ ਉੱਤਰ ਪੂਰਬੀ ਰਾਜਾਂ ਦੀ ਆਰਥਿਕਤਾ ਵਿੱਚ ਪਟਸਨ ਅਹਿਮ ਭੂਮਿਕਾ ਨਿਭਾਉਂਦੀ ਹੈ ਜੋ ਖੇਤੀ ਅਤੇ ਸੱਨਅਤੀ ਖੇਤਰਾਂ ਵਿੱਚ ਫੈਲੀ ਹੋਈ ਹੈ। ਪਿਛਲੇ 200 ਸਾਲਾਂ ਤੋਂ ਪਟਸਨ ਇਕ ਲਾਭਦਾਇਕ ਕੁਦਰਤੀ ਰੇਸ਼ਾ ਸਾਬਤ ਹੋਇਆ ਹੈ ਜੋ ਆਪਣੀ ਮਜਬੂਤੀ ਕਰਕੇ ਪੈਕਿੰਗ ਦਾ ਸਮਾਨ ਅਤੇ ਰੱਸੇ ਆਦਿ ਦੇ ਨਿਰਮਾਣ ਲਈ ਵਰਤਿਆ ਜਾਂਦਾ ਹੈ। ਇਹ ਰੇਸ਼ਾ ਕਪਾਹ ਨਾਲੋਂ ਖੁਰਦਰਾ ਹੋਣ ਕਾਰਨ ਕੱਪੜੇ ਬਣਾਉਣ ਲਈ ਢੁੱਕਵਾਂ ਨਹੀਂ ਸਮਝਿਆ ਗਿਆ ਜਿਸ ਕਾਰਨ ਇਸ ਦੀ ਮੁੱਖ ਵਰਤੋਂ ਪੈਕਿੰਗ ਦਾ ਸਮਾਨ ਬਣਾਉਣ ਵਿੱਚ ਹੀ ਹੋਈ। ਬਨਾਉਟੀ ਰੇਸ਼ਿਆਂ ਦੀ ਖੋਜ ਹੋਣ ਨਾਲ, ਜੋ ਉਤਪਾਦਨ ਵਿੱਚ ਸਸਤੇ ਹਨ ਅਤੇ ਜਿਨ੍ਹਾਂ ਨੂੰ ਖ਼ਾਸ ਲੋੜਾਂ ਲਈ ਬਣਾਇਆ ਜਾ ਸਕਦਾ ਹੈ, ਪੈਕਿੰਗ ਸਮੱਗਰੀ ਵਜੋਂ ਪਟਸਨ ਦੀ ਮਕਬੂਲੀਅਤ ਘਟਦੀ ਚਲੀ ਗਈ। ਹਾਲ ਹੀ ਵਿੱਚ, ਵਾਤਾਵਰਨ ਸੰਬੰਧੀ ਤੌਖਲਿਆਂ ਕਰਕੇ, ਦੂਜੇ ਕੁਦਰਤੀ ਰੇਸ਼ਿਆਂ ਵਾਂਗ ਪਟਸਨ ਵੀ ਬਜ਼ਾਰ ਵਿੱਚ ਵਾਪਸੀ ਕਰਨ ਲਈ ਤਿਆਰ ਹੈ।

ਬਹੁਤ ਜ਼ਿਆਦਾ ਸਸਤੇ ਪਲਾਸਟਿਕ ਦੇ ਪੈਕਿੰਗ ਮਟੀਰੀਅਲ ਨੇ ਪਟਸਨ ਨੂੰ ਬਜ਼ਾਰ ਵਿੱਚੋਂ ਗਾਇਬ ਕਰ ਦਿੱਤਾ। ਸੀਮਿੰਟ ਅਤੇ ਖਾਦ ਆਦਿ ਬਣਾਉਣ ਵਾਲੇ ਆਪਣੇ ਪੈਕਿੰਗ ਮਟੀਰੀਅਲ ਲਈ ਪਟਸਨ ਤੋਂ ਦੂਰ ਹੋ ਗਏ। ਪਟਸਨ ਦੇ ਦੂਸਰੇ ਉਤਪਾਦਾਂ ਦੀ ਅਣਹੋਂਦ ਵਿੱਚ, ਜੋ ਪਟਸਨ ਮਿੱਲਾਂ ਅਤੇ ਪਟਸਨ ਦੇ ਕਿਸਾਨਾਂ ਨੂੰ ਚੱਲਦੇ ਰੱਖਣ ਵਿੱਚ ਸਹਾਈ ਹੋ ਸਕਦੇ ਸਨ, ਪਟਸਨ ਦੇ ਲਿਫਾਫਿਆਂ ਜਾਂ ਥੈਲਿਆਂ ਦੀ ਮੰਗ ਪੈਦਾ ਕਰਨ ਲਈ ਇਕ ਕਾਨੂੰਨ ਸੋਚਿਆ ਗਿਆ। ਇਹ ਥੈਲੇ ਪਟਸਨ ਦਾ ਸਭ ਤੋਂ ਅਹਿਮ ਉਤਪਾਦ ਹਨ।



*ਪਟਸਨ ਪੈਕਿੰਗ ਮੈਟੀਰੀਅਲ*

**ਪਟਸਨ ਪੈਕੇਜਿੰਗ ਮਟੀਰੀਅਲ ਐਕਟ– ਵਰ ਜਾਂ ਸਰਾਪ ?**

ਪਟਸਨ ਪੈਕੇਜਿੰਗ ਮਟੀਰੀਅਲ (ਪੈਕਿੰਗ ਸਮੱਗਰੀ ਵਿੱਚ ਲਾਜ਼ਮੀ ਵਰਤੋਂ) ਐਕਟ, 1987 11 ਮਈ 1987 ਨੂੰ ਲਾਗੂ ਹੋਇਆ। ਇਸ ਐਕਟ ਦੁਆਰਾ ਹਰੇਕ ਸਾਲ ਸਰਕਾਰ ਉਹ ਵਸਤਾਂ ਅਤੇ ਉਨ੍ਹਾਂ ਦੀ ਪਟਸਨ ਪੈਕਿੰਗ ਸਮੱਗਰੀ ਵਿੱਚ ਲਾਜ਼ਮੀ ਪੈਕਿੰਗ ਦੀ ਮਾਤਰਾ ਨਿਰਧਾਰਤ ਕਰਦੀ ਹੈ। ਇਸ ਕਾਨੂੰਨ ਨੇ ਪਿਛਲੇ ਤਿੰਨ ਦਹਾਕਿਆਂ ਵਿੱਚ ਭਾਰਤ ਅੰਦਰ ਪਟਸਨ ਉਦਯੋਗ ਨੂੰ ਤਕੜਾ ਹੁਲਾਰਾ ਦਿੱਤਾ ਹੈ।

ਹਾਲ ਹੀ ਤੱਕ ਪਟਸਨ ਦੇ ਦੂਜੇ ਪ੍ਰਮੁੱਖ ਉਤਪਾਦਕ ਬੰਗਲਾਦੇਸ਼ ਕੋਲ ਅਜਿਹੇ ਕਾਨੂੰਨ ਦੀ ਸੁਰੱਖਿਆ ਨਹੀਂ ਸੀ। ਬੰਗਲਾਦੇਸ਼ ਦਾ ਪਟਸਨ ਪੈਕਿੰਗ ਸਮੱਗਰੀ ਨੂੰ ਲਾਜ਼ਮੀ ਬਣਾਉਣ ਵਾਲਾ 2010 ਦਾ ਐਕਟ 12 ਅਕਤੂਬਰ, 2010 ਨੂੰ ਪਾਸ ਕੀਤਾ ਗਿਆ ਜੋ ਸਤੰਬਰ 2012 ਤੋਂ ਲਾਗੂ ਹੋਇਆ। ਦੱਸਿਆ ਜਾਂਦਾ ਹੈ ਕਿ 2014 ਤੱਕ ਇਸ ਉਤੇ ਅਮਲ ਨਹੀਂ ਕੀਤਾ ਜਾ ਸਕਿਆ। ਭਾਰਤ ਤੋਂ ਉਲਟ ਬੰਗਲਾਦੇਸ਼ ਸਰਕਾਰ ਵਸਤਾਂ ਦੀ ਪੈਕਿੰਗ ਵਾਸਤੇ ਸਿੱਧੇ ਤੌਰ ਤੇ ਪਟਸਨ ਦੀ ਖਰੀਦ ਨਹੀਂ ਕਰਦੀ। ਉਸ ਦੀ ਅਸਿੱਧੀ ਸਹਾਇਤਾ ਹੈ ਜੋ ਵਰਤੋਂਕਾਰਾਂ ਲਈ ਪਟਸਨ ਦੀ ਪੈਕਿੰਗ ਸਮੱਗਰੀ ਜ਼ਰੂਰੀ ਬਣਾਉਂਦੀ ਹੈ। ਇਸ ਦਾ ਇਹ ਮਤਲਬ ਹੈ ਕਿ ਬੰਗਲਾਦੇਸ਼ ਵਿੱਚ ਪਟਸਨ ਖੇਤਰ ਦੀ ਸੁਰੱਖਿਆ ਲਈ ਕਾਨੂੰਨ ਦੀ ਪ੍ਰਭਾਵਿਕਤਾ ਸਰਕਾਰ ਵਲੋਂ ਨਿੱਜੀ ਵਪਾਰ ਲਈ ਪਟਸਨ ਪੈਕਿੰਗ ਸਮੱਗਰੀ ਨੂੰ ਉਤਸ਼ਾਹ ਦੇਣ ਦੀ ਸਮਰੱਥਾ ਉਤੇ ਨਿਰਭਰ ਕਰਦੀ ਹੈ।

ਵਰਤਮਾਨ ਸਮੇਂ ਭਾਰਤ ਵਿੱਚ ਅਨਾਜ ਅਤੇ ਖੰਡ ਪਟਸਨ ਦੇ ਬੋਰਿਆਂ ਵਿੱਚ ਭਰਨਾ ਜ਼ਰੂਰੀ ਹੈ। ਅਨਾਜ ਦੀ ਭਰਾਈ ਲਈ ਲੋੜੀਂਦੇ ਪਟਸਨ ਦੇ ਬੋਰਿਆਂ ਦਾ ਵੱਡਾ ਹਿੱਸਾ ਸਰਕਾਰ ਵਲੋਂ ਸਿੱਧੇ ਪਟਸਨ ਮਿੱਲਾਂ ਤੋਂ ਖਰੀਦਿਆ ਜਾਂਦਾ ਹੈ। ਹੇਠਾਂ ਦਿੱਤੀ ਤਾਲਿਕਾ ਅਨਾਜ ਦੀ ਭਰਾਈ ਲਈ ਵਰਤੇ ਗਏ ਪਟਸਨ ਦੇ ਬੋਰਿਆਂ ਅਤੇ ਪਟਸਨ ਵਸਤਾਂ ਦਾ ਕੁੱਲ ਉਤਪਾਦਨ ਅਤੇ ਭਰਾਈ ਲਈ ਵਰਤੀ ਗਈ ਕੱਚੀ ਪਟਸਨ ਅਤੇ ਪਿਛਲੇ ਦਹਾਕੇ (2006–07 ਤੋਂ 2015–16) ਦੌਰਾਨ ਉਤਪਾਦਨ ਕੀਤੀ ਗਈ ਕੁੱਲ ਕੱਚੀ ਪਟਸਨ ਦੇ ਅਨੁਪਾਤ ਦੇ ਮਾਮਲੇ ਵਿੱਚ ਜੇ ਪੀ ਐੱਮ ਐਕਟ ਵਲੋਂ ਮੁਹੱਈਆ ਕਰਵਾਈ ਸੁਰੱਖਿਆ ਦੀ ਮਾਤਰਾ ਦਿਖਾਉਂਦੀ ਹੈ।

ਭਾਵੇਂ ਕਿ ਅਨਾਜ ਅਤੇ ਖੰਡ ਲਈ 100 ਪ੍ਰਤਿਸ਼ਤ ਲਾਜ਼ਮੀ ਭਰਾਈ ਵਾਸਤੇ ਨਿਰੰਤਰ ਮੰਗ ਰਹੀ ਹੈ, ਸੱਚ ਇਹ ਹੈ ਕਿ ਪਿਛਲੇ ਦਹਾਕੇ ਦੌਰਾਨ ਅਸਲ ਵਿੱਚ ਰਾਖਵੇਂਕਰਨ ਰਾਹੀਂ ਪ੍ਰਾਪਤ ਕੀਤੀ ਗਈ ਮਾਤਰਾ ਵਧੀ ਹੈ। 2006–07 ਵਿੱਚ ਸਰਕਾਰ ਵਲੋਂ 4 ਲੱਖ ਮੀਟਰਿਕ ਟਨ ਬੀ–ਟਵਿਲ ਦੀ ਖਰੀਦ ਦੇ ਮੁਕਾਬਲੇ 2015–16 ਵਿੱਚ 8.3 ਲੱਖ ਮੀਟਰਿਕ ਟਨ ਬੀ–ਟਵਿਲ ਬੋਰਿਆਂ ਦੀ ਖਰੀਦ ਕੀਤੀ ਗਈ ਹੈ, ਜੋ ਇਕ ਦਹਾਕੇ ਵਿੱਚ 107 ਪ੍ਰਤਿਸ਼ਤ ਤੋਂ ਉਪਰ ਵਾਧਾ ਦਰਸਾਉਂਦੀ ਹੈ। ਇਸੇ ਸਮੇਂ ਦੌਰਾਨ ਹੀ ਕੱਚੀ ਪਟਸਨ ਦਾ ਉਤਪਾਦਨ 18 ਲੱਖ ਮੀਟਰਿਕ ਟਨ ਤੋਂ ਘਟ ਕੇ 14.4 ਲੱਖ ਮੀਟਰਿਕ ਟਨ ਰਹਿ ਗਿਆ। ਸਰਕਾਰ ਵਲੋਂ ਕੱਚੀ ਪਟਸਨ ਦੀ ਵਰਤੋਂ ਦੇ ਮਾਮਲੇ ਵਿੱਚ ਪ੍ਰਭਾਵੀ ਸੁਰੱਖਿਆ ਇਸੇ ਸਮੇਂ ਦੌਰਾਨ 22.3 ਪ੍ਰਤਿਸ਼ਤ ਤੋਂ ਵਧ ਕੇ 57.6 ਪ੍ਰਤਿਸ਼ਤ ਹੋ ਗਈ। ਇਸ ਦੌਰਾਨ ਸਰਕਾਰ ਦੁਆਰਾ ਸੱਨਅਤ ਵਲੋਂ ਬਣਾਏ ਜਾਂਦੇ ਸਾਰੇ ਪਟਸਨ ਉਤਪਾਦਾਂ ਦੀ ਬੀ–ਟਵਿਲ ਖਰੀਦ 29.5 ਪ੍ਰਤਿਸ਼ਤ ਤੋਂ ਵਧ ਕੇ 68.1 ਪ੍ਰਤਿਸ਼ਤ ਹੋ ਗਈ। ਹੇਠਾਂ ਦਿੱਤੇ ਗਏ ਗਰਾਫ ਦਰਸਾਉਂਦੇ ਹਨ ਕਿ ਪਿਛਲੇ ਸਾਲਾਂ ਦੌਰਾਨ ਪ੍ਰਭਾਵੀ ਰਾਖਵਾਂਕਰਨ ਕਿਵੇਂ ਵਧਿਆ ਹੈ।

ਸੁਰੱਖਿਆ ਦੇ ਸਮੇਂ ਦੌਰਾਨ ਇਹ ਆਸ ਕੀਤੀ ਗਈ ਸੀ ਕਿ ਭਾਰਤ ਦੇ ਪਟਸਨ ਉਦਯੋਗ ਵਿੱਚ ਭਿੰਨਤਾ ਆਵੇਗੀ, ਨਵੇਂ ਉਤਪਾਦ ਵਿਕਸਤ ਹੋਣਗੇ ਅਤੇ ਨਵੇਂ ਬਜ਼ਾਰ ਬਣਾਏ ਜਾਣਗੇ। ਇਸ ਦੇ ਉਲਟ ਵੇਖਿਆ ਇਹ ਗਿਆ ਕਿ ਪਟਸਨ ਸੱਨਅਤ ਆਪਣੇ ਬਚਾਅ ਲਈ ਲਗਾਤਾਰ ਜੇ ਪੀ ਐੱਮ ਐਕਟ ਉਤੇ ਜ਼ਿਆਦਾ ਤੋਂ ਜ਼ਿਆਦਾ ਨਿਰਭਰ ਹੋ ਗਈ ਹੈ। ਪਟਸਨ ਸੱਨਅਤ ਨੇ ਨਿੱਜੀ ਬਜ਼ਾਰ (ਘਰੇਲੂ ਅਤੇ ਨਿਰਯਾਤ ਬਜ਼ਾਰਾਂ) ਵਿੱਚ ਵੇਚਣ ਦੀ ਸਮਰੱਥਾ ਵੀ ਗੁਆ ਲਈ। ਮੌਜੂਦਾ ਸਮੇਂ ਪਟਸਨ ਉਦਯੋਗ ਆਪਣੇ ਬਚਾਅ ਲਈ ਸਿਰਫ ਇਕ ਉਤਪਾਦ ਬੀ–ਟਵਿਲ (ਅਨਾਜ ਦੀ ਭਰਾਈ ਲਈ) ਅਤੇ ਇਕ ਖਰੀਦਦਾਰ– ਸਰਕਾਰ ਉਤੇ ਨਿਰਭਰ ਹੈ। ਬੰਗਲਾਦੇਸ਼ੀ ਪਟਸਨ ਸੱਨਅਤ ਦੇ


| ਸਾਲ | ਕੱਚੀ ਪਟਸਨ ਦਾ ਕੁੱਲ ਉਤਪਾਦਨ (‘000 ਐੱਮ ਟੀ) | ਪਟਸਨ ਵਸਤਾਂ ਦਾ ਕੁੱਲ ਉਤਪਾਦਨ (‘000 ਐੱਮ ਟੀ) | ਸਰਕਾਰੀ ਖਾਤੇ ਲਈ ਲੋੜ (ਬੀ–ਟਵਿਲ) (‘000 ਐੱਮ ਟੀ) | ਕੁੱਲ ਪਟਸਨ ਵਸਤਾਂ ਦੇ ਮੁਕਾਬਲੇ ਬੀ–ਟਵਿਲ (ਦੀ ਪ੍ਰਤਿਸ਼ਤ) | ਕੱਚੀ ਪਟਸਨ ਦੇ ਉਤਪਾਦਨ ਦੇ ਮੁਕਾਬਲੇ ਬੀ–ਟਵਿਲ ਵਿੱਚ ਪਟਸਨ ਦੀ ਪ੍ਰਤਿਸ਼ਤ |
|---|---|---|---|---|---|
| 2006–07 | 1800.0 | 1356.3 | 400.7 | 29.5 ਪ੍ਰਤਿਸ਼ਤ | 22.3 ਪ੍ਰਤਿਸ਼ਤ |
| 2007–08 | 1782.0 | 1776.0 | 557.9 | 31.4 ਪ੍ਰਤਿਸ਼ਤ | 31.3 ਪ੍ਰਤਿਸ਼ਤ |
| 2008–09 | 1476.0 | 1633.7 | 572.2 | 35.0 ਪ੍ਰਤਿਸ਼ਤ | 38.8 ਪ੍ਰਤਿਸ਼ਤ |
| 2009–10 | 1620.0 | 1323.3 | 530.7 | 40.1 ਪ੍ਰਤਿਸ਼ਤ | 32.8 ਪ੍ਰਤਿਸ਼ਤ |
| 2010–11 | 1800.0 | 1565.7 | 688.6 | 44.0 ਪ੍ਰਤਿਸ਼ਤ | 38.3 ਪ੍ਰਤਿਸ਼ਤ |
| 2011–12 | 1845.0 | 1582.4 | 864.2 | 54.6 ਪ੍ਰਤਿਸ਼ਤ | 46.8 ਪ੍ਰਤਿਸ਼ਤ |
| 2012–13 | 1674.0 | 1591.5 | 884.1 | 55.6 ਪ੍ਰਤਿਸ਼ਤ | 52.8 ਪ੍ਰਤਿਸ਼ਤ |
| 2013–14 | 1782.0 | 1527.7 | 778.1 | 50.9 ਪ੍ਰਤਿਸ਼ਤ | 43.7 ਪ੍ਰਤਿਸ਼ਤ |
| 2014–15 | 1296.0 | 1267.1 | 727.5 | 57.4 ਪ੍ਰਤਿਸ਼ਤ | 56.1 ਪ੍ਰਤਿਸ਼ਤ |
| 2015–16 | 1440.0 | 1217.2 | 829.0 | 68.1 ਪ੍ਰਤਿਸ਼ਤ | 57.6 ਪ੍ਰਤਿਸ਼ਤ |


*ਨੋਟ : ਇਥੇ ਬੀ–ਟਵਿਲ ਦਾ ਮਤਲਬ ਹੈ ਸਰਕਾਰ ਵਲੋਂ ਬੋਰਿਆਂ ਦੀ ਕੀਤੀ ਗਈ ਸਿੱਧੀ ਖਰੀਦ*

ਮੁਕਾਬਲੇ ਭਾਰਤੀ ਪਟਸਨ ਉਦਯੋਗ ਵਿੱਚ ਮੁਕਾਬਲੇਬਾਜ਼ੀ ਦੀ ਕਮੀ ਕਿਸੇ ਹੱਦ ਤੱਕ ਇਸ ਸੁਰੱਖਿਆ ਕਰਕੇ ਵੀ ਹੈ। ਇਹ ਸਪੱਸ਼ਟ ਹੈ ਕਿ ਜੇ ਪੀ ਐੱਮ ਐਕਟ ਨੇ ਭਾਰਤੀ ਪਟਸਨ ਉਦਯੋਗ ਨੂੰ ਢੁੱਕਵੀਂ ਭਿੰਨਤਾ ਲਈ ਉਤਸ਼ਾਹਿਤ ਨਹੀਂ ਕੀਤਾ। ਨਵੇਂ ਉਤਪਾਦਾਂ ਦੇ ਵਿਕਾਸ ਅਤੇ ਨਵੇਂ ਬਜ਼ਾਰਾਂ ਦਾ ਨਿਰਮਾਣ ਕਰਨ ਦੀ ਦਰ ਬਹੁਤ ਹੀ ਸਤਹੀ ਪੱਧਰ ਦੀ ਰਹੀ ਹੈ।

ਬੰਗਲਾਦੇਸ਼ ਵਿੱਚ ਪਟਸਨ ਉਦਯੋਗ ਨੂੰ ਬਜ਼ਾਰ ਤਾਕਤਾਂ ਦਾ ਸਾਹਮਣਾ ਕਰਨਾ ਪਿਆ। ਕੱਚੀ ਪਟਸਨ ਦੇ ਉਤਪਾਦਨ ਅਤੇ ਨਿਰਯਾਤ ਦੇ ਮਾਮਲੇ ਵਿੱਚ ਬੰਗਲਾਦੇਸ਼ ਦੇ ਪਟਸਨ ਉਦਯੋਗ ਦੀ ਕਾਰਗੁਜ਼ਾਰੀ ਭਾਰਤ ਨਾਲੋਂ ਕਿਤੇ ਬਿਹਤਰ ਰਹੀ ਹੈ। ਹੇਠਾਂ ਦਿੱਤੀ ਤਾਲਿਕਾ ਵਿੱਚ 2008-09 ਦੌਰਾਨ ਭਾਰਤ ਤੇ ਬੰਗਲਾਦੇਸ਼ ਵਿੱਚ ਕੱਚੀ ਪਟਸਨ ਦੇ ਉਤਪਾਦਨ ਅਤੇ ਹਰੇਕ ਦੇਸ਼ ਤੋਂ ਪਟਸਨ ਤੋਂ ਬਣੀਆਂ ਵਸਤਾਂ ਦੇ ਨਿਰਯਾਤ ਦੀ ਤੁਲਨਾ ਦਰਸਾਈ ਗਈ ਹੈ (ਸੰਬੰਧਿਤ ਸਾਲ ਦੀ ਔਸਤ ਵਟਾਂਦਰਾ ਦਰ ਉਤੇ ਆਧਾਰਤ ਭਾਰਤੀ ਰੁਪਏ ਵਿੱਚ ਬਦਲ ਕੇ)। ਇਹ ਸਾਫ ਹੈ ਕਿ ਭਾਰਤ ਦੇ ਪਟਸਨ ਖੇਤਰ ਨੂੰ ਦਿੱਤੀ ਸੁਰੱਖਿਆ ਦੇ ਬਾਵਜੂਦ ਕੱਚੀ ਪਟਸਨ ਦੇ ਉਤਪਾਦਨ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ ਜਦ ਕਿ ਬੰਗਲਾਦੇਸ਼ ਦੀ ਕਾਰਗੁਜ਼ਾਰੀ ਭਾਰਤ ਨਾਲੋਂ ਕਿਤੇ ਵਧੀਆ ਰਹੀ ਹੈ।ਭਾਰਤ ਦੇ 17308 ਮਿਲੀਅਨ ਰੁਪਏ ਦੇ ਮੁਕਾਬਲੇ ਬੰਗਲਾਦੇਸ਼ ਦੀ ਔਸਤ 88787 ਮਿਲੀਅਨ (ਭਾਰਤੀ ਰੁਪਏ) ਰਹੀ ਹੈ।

ਜਦਕਿ ਭਾਰਤੀ ਪਟਸਨ ਮਿੱਲਾਂ ਵਿਦੇਸ਼ੀ ਬਜ਼ਾਰਾਂ ਵਿੱਚ ਦਾਖਲ ਹੋਣ ਤੋਂ ਅਸਮਰੱਥ ਹੀ ਰਹੀਆਂ ਹਨ, ਦੂਜੇ ਪਾਸੇ ਉਹ ਬੰਗਲਾਦੇਸ਼ ਤੋਂ ਸਸਤੇ ਆਯਾਤ ਦੇ ਚਲਦਿਆਂ ਘਰੇਲੂ ਬਜ਼ਾਰ ਵੀ ਲਗਾਤਾਰ ਗੁਆ ਰਹੀਆਂ ਹਨ। ਵੱਡੇ ਪ੍ਰਤਿਯੋਗੀ ਦੀ ਤੁਲਨਾ ਵਿੱਚ ਭਾਰਤ ਦੇ ਪਟਸਨ ਉਦਯੋਗ ਦੀ ਮੁਕਾਬਲੇਬਾਜ਼ੀ ਸਪੱਸ਼ਟ ਤੌਰ ਤੇ ਘਟੀ ਹੈ। ਇਸ ਦਾ ਮੁੱਖ ਕਾਰਨ ਬੰਗਲਾਦੇਸ਼ੀ ਸਰਕਾਰ ਵਲੋਂ ਅਪਣਾਈਆਂ ਗਈਆਂ ਨੀਤੀਆਂ, ਬੰਗਲਾਦੇਸ਼ ਵਿੱਚ ਲਾਗਤ ਦੇ ਕੁੱਝ ਲਾਭ ਅਤੇ ਭਾਰਤੀ ਉਤਪਾਦਕਾਂ ਦੀਆਂ ਢਿੱਲੀਆਂ ਮੱਠੀਆਂ ਕੋਸ਼ਿਸ਼ਾਂ ਹਨ। ਇਹ ਦੱਸਿਆ ਗਿਆ ਹੈ ਕਿ ਬੰਗਲਾਦੇਸ਼ ਦੀਆਂ ਪਟਸਨ ਮਿੱਲਾਂ ਲਈ 15-20 ਪ੍ਰਤਿਸ਼ਤ ਲਾਗਤ ਦਾ ਫਾਇਦਾ ਹੈ ਕਿਉਂਕਿ ਉਜਰਤਾਂ ਭਾਰਤ ਨਾਲੋਂ




| ਭਾਰਤ ਤੇ ਬੰਗਲਾਦੇਸ਼ ਪਟਸਨ ਵਸਤਾਂ ਦਾ ਉਤਪਾਦਨ ਤੇ ਨਿਰਯਾਤ | | | | |
|---|---|---|---|---|
| ਕੱਚੀ ਪਟਸਨ ਦਾ ਉਤਪਾਦਨ ('000 ਗੰਢਾਂ) | | | ਕੁੱਲ ਨਿਰਯਾਤ (ਮਿਲੀਅਨ ਭਾਰਤੀ ਰੁਪਏ) | |
| ਸਾਲ | ਭਾਰਤ | ਬੰਗਲਾਦੇਸ਼ | ਭਾਰਤ | ਬੰਗਲਾਦੇਸ਼ |
| 2008-09 | 8200 | 5172 | 12161.6 | 56045.8 |
| 2009-10 | 9000 | 5945 | 8594.6 | ਲਾਗੂ ਨਹੀਂ |
| 2010-11 | 10000 | 7803 | 18541.5 | 90946.0 |
| 2011-12 | 10250 | 7405 | 20949.6 | 81941.4 |
| 2012-13 | 9300 | 7572 | 19918.0 | 96578.7 |
| 2013-14 | 9000 | 8000 | 21219.5 | 89172.7 |
| 2014-15 | 7200 | ਲਾਗੂ ਨਹੀਂ | 18138.1 | 97295.9 |
| 2015-16 | 6500 | ਲਾਗੂ ਨਹੀਂ | 18893.9 | 109565.5 |

ਕੱਚੀ ਪਟਸਨ ਉਤਪਾਦਨ (ਭਾਰਤ) : ਪਟਸਨ ਸਲਾਹਕਾਰ ਬੋਰਡ
ਕੱਚੀ ਪਟਸਨ (ਉਤਪਾਦਨ (ਬੰਗਲਾਦੇਸ਼) : ਐੱਫ ਏ ਓ
ਨਿਰਯਾਤ (ਭਾਰਤ) : ਡੀ ਜੀ ਸੀ ਆਈ ਐਂਡ ਐੱਸ, ਕੋਲਕਾਤਾ
ਨਿਰਯਾਤ (ਬੰਗਲਾਦੇਸ਼) : ਨਿਰਯਾਤ ਪ੍ਰੋਤਸਾਹਨ ਬਿਓਰੋ, ਬੰਗਲਾਦੇਸ਼ (www.epb.gov.bd)

30 ਪ੍ਰਤਿਸ਼ਤ ਘੱਟ ਹਨ ਅਤੇ ਬਿਜਲੀ ਦੀਆਂ ਦਰਾਂ ਭਾਰਤ ਨਾਲੋਂ 35 ਪ੍ਰਤਿਸ਼ਤ ਸਸਤੀਆਂ ਹਨ। ਪਟਸਨ ਵਸਤਾਂ 'ਤੇ 10 ਪ੍ਰਤਿਸ਼ਤ ਨਿਰਯਾਤ ਸਬਸਿਡੀ ਨੂੰ ਮਿਲਾ ਕੇ (ਧਾਗੇ 'ਤੇ 7.5 ਪ੍ਰਤਿਸ਼ਤ), ਬੰਗਲਾਦੇਸ਼ ਸਾਰੇ ਵਿਦੇਸ਼ੀ ਬਜ਼ਾਰਾਂ ਵਿੱਚ ਭਾਰਤੀ ਕੀਮਤਾਂ ਨੂੰ ਪਛਾੜ ਦਿੰਦਾ ਹੈ। ਪਰ, ਭਾਰਤ ਅੰਦਰ ਵੀ, ਬੰਗਲਾਦੇਸ਼ ਤੋਂ ਆਯਾਤ ਕੀਤੀਆਂ ਪਟਸਨ ਦੀਆਂ ਵਸਤਾਂ ਉਤੇ ਸਿਫਰ ਆਯਾਤ ਸ਼ੁਲਕ ਦਾ ਮਤਲਬ ਹੈ ਕਿ ਆਯਾਤ ਭਾਰਤੀ ਬਜ਼ਾਰਾਂ ਵਿੱਚੋਂ ਭਾਰਤੀ ਪਟਸਨ ਵਸਤਾਂ ਦਾ ਬਦਲ ਬਣ ਰਿਹਾ ਹੈ। ਪਸ਼ੂਆਂ ਦੀ ਖੁਰਾਕ ਅਤੇ ਮੁਰਗੀ ਪਾਲਣ ਉਦਯੋਗ ਜੋ ਪਟਸਨ ਦੇ ਬੋਰਿਆਂ ਦੇ ਵੱਡੇ ਖਪਤਕਾਰ ਹਨ, ਵਲੋਂ ਵੀ ਮੰਗਿਆ ਜਾਂਦਾ ਹੈ ਕਿ ਉਹ ਨਿਰਯਾਤ ਵੱਲ ਮੁੜ ਗਏ ਹਨ। ਬੰਗਲਾਦੇਸ਼ ਤੋਂ ਸਸਤੇ ਆਯਾਤ ਦੇ ਚਲਦਿਆਂ ਹਾਲ ਦੇ ਮਹੀਨਿਆਂ ਵਿੱਚ ਆਂਧਰਾ ਪ੍ਰਦੇਸ਼ ਦੀਆਂ ਰੱਸੇ ਬਣਾਉਣ ਵਾਲੀਆਂ ਮਿੱਲਾਂ ਬੰਦ ਹੋ ਗਈਆਂ ਹਨ।


ਪਟਸਨ ਦੇ ਬੂਟੇ



## ਰੇਸ਼ੇ ਅਤੇ ਕੱਪੜੇ ਵਿੱਚ ਸੁਧਾਰ

ਭਾਰਤ ਦੇ ਪਟਸਨ ਉਦਯੋਗ ਦੀ ਇਕ ਚਿਰਾਂ ਤੋਂ ਤੁਰੀ ਆ ਰਹੀ ਕਮੀ ਇਹ ਹੈ ਕਿ ਭਾਰਤ ਵਿੱਚ ਪੈਦਾ ਕੀਤੇ ਜਾਂਦੇ ਰੇਸ਼ੇ ਦੀ ਗੁਣਵੱਤਾ ਔਸਤ ਅਤੇ ਔਸਤ ਤੋਂ ਹੇਠਾਂ ਹੈ (ਟੀ ਡੀ-5 ਤੋਂ ਟੀ ਡੀ-8) ਜੋ ਕੁੱਲ ਉਤਪਾਦਨ ਦਾ ਦੋ ਤਿਹਾਈ ਹੈ। ਰੇਸ਼ੇ ਦੀ ਇਹ ਕਿਸਮ ਮੁੱਖ ਤੌਰ ਤੇ ਮੋਟਾ ਧਾਗਾ ਬਣਾਉਣ ਲਈ ਵਰਤੀ ਜਾਂਦੀ ਹੈ ਜੋ ਬੀ-ਟਵਿਲ ਵਰਗੇ ਮੋਟੇ ਬੋਰੇ ਦੀ ਬੁਣਾਈ ਕਰਨ ਲਈ ਢੁੱਕਵੀਂ ਹੁੰਦੀ ਹੈ। ਦਲੀਲ ਇਹ ਹੈ ਕਿਉਂਕਿ ਭਾਰਤ ਮੋਟੇ ਰੇਸ਼ੇ ਦਾ ਉਤਪਾਦਨ ਕਰਦਾ ਹੈ, ਇਸ ਲਈ ਬੋਰਿਆਂ ਦਾ ਉਤਪਾਦਨ ਕਰਨਾ ਪਟਸਨ ਮਿੱਲਾਂ ਦੀ ਮਜਬੂਰੀ ਹੈ ਅਤੇ ਸਰਕਾਰ ਇਨ੍ਹਾਂ ਬੋਰਿਆਂ ਲਈ ਬਜ਼ਾਰ ਉਪਲਬਧ ਕਰਨ ਲਈ ਵਚਨਬੱਧ ਹੈ। ਇਹ ਤਰਕ ਸੰਪੂਰਨ ਰੂਪ ਵਿੱਚ ਦਰੁਸਤ ਨਹੀਂ। ਜੇ ਉੱਚਿਤ ਨਹੀਂ ਹੋਵੇਗਾ ਅਤੇ ਉੱਚ ਗੁਣਵੱਤਾ ਵਾਲੇ ਰੇਸ਼ੇ ਦੀ ਸਹੀ ਕੀਮਤ ਨਹੀਂ ਮਿਲੇਗੀ ਤਾਂ ਕਿਸਾਨਾਂ ਕੋਲ ਚੰਗੀ ਕਿਸਮ ਦਾ ਰੇਸ਼ਾ ਪੈਦਾ ਕਰਨ ਦਾ ਕੋਈ ਕਾਰਨ ਨਹੀਂ ਹੋਵੇਗਾ। ਕਿਉਂਕਿ ਜ਼ਿਆਦਾ ਮੰਗ ਔਸਤ ਅਤੇ ਔਸਤ ਤੋਂ ਹੇਠਲੇ ਪੱਧਰ ਦੇ ਰੇਸ਼ੇ ਦੀ ਹੁੰਦੀ ਹੈ, ਇਸ ਕਰਕੇ ਕਿਸਾਨ ਬਿਹਤਰ ਗੁਣਵੱਤਾ ਵਾਲਾ ਰੇਸ਼ਾ ਪੈਦਾ ਕਰਨ ਲਈ ਵਾਧੂ ਧਿਆਨ ਅਤੇ ਯਤਨ ਨਹੀਂ ਕਰਦੇ।

ਪਟਸਨ ਨੂੰ ਉਤਸ਼ਾਹਿਤ ਕਰਨ ਦੀ ਚੁਣੌਤੀ ਵਿੱਚ ਉੱਚ ਪੱਧਰ ਦੇ ਉਤਪਾਦ ਪੈਦਾ ਕਰਨ ਲਈ ਪਟਸਨ ਦੇ ਰੇਸ਼ੇ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੀ ਜ਼ਰੂਰਤ ਪਵੇਗੀ ਸਗੋਂ ਬਿਹਤਰ ਕਿਸਮ ਦੇ ਧਾਗੇ ਦੇ ਉਤਪਾਦਨ ਲਈ ਪ੍ਰਾਸੈਸਿੰਗ ਲੜੀ ਵਿੱਚ ਵੀ ਸੁਧਾਰ ਕਰਨਾ ਹੋਵੇਗਾ ਜਿਸ ਦੇ ਸਿੱਟੇ ਵਜੋਂ ਵੱਖ-ਵੱਖ ਵਸਤਾਂ ਦੇ ਉਤਪਾਦਨ ਲਈ ਬਿਹਤਰ ਗੁਣਵੱਤਾ ਵਾਲਾ ਕੱਪੜਾ ਤਿਆਰ ਕੀਤਾ ਜਾਵੇਗਾ ਜਿਸ ਦਾ ਬਜ਼ਾਰ ਵਿੱਚ ਵਧੀਆ ਭਾਅ ਪ੍ਰਾਪਤ ਕੀਤਾ ਜਾ ਸਕੇਗਾ। ਪਟਸਨ ਆਰਥਿਕਤਾ ਵਿੱਚ ਬਦਲਾਅ ਪਟਸਨ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਆਪਣੇ ਰੇਸ਼ੇ ਲਈ ਬਿਹਤਰ ਕੀਮਤ ਹਾਸਲ ਕਰਨ ਦੇ ਸਮਰੱਥ ਬਣਾਵੇਗਾ ਅਤੇ ਕਾਰੀਗਰਾਂ ਅਤੇ ਕਾਮਿਆਂ ਨੂੰ ਉੱਚ ਪਾਏ ਦੇ ਉਤਪਾਦਾਂ ਤੋਂ ਬਿਹਤਰ ਮੁਨਾਫਾ/ਉਜਰਤ ਪ੍ਰਾਪਤ ਹੋ ਸਕੇਗੀ।

ਬਿਹਤਰ ਗੁਣਵੱਤਾ ਵਾਲੇ ਰੇਸ਼ੇ ਦੇ ਉਤਪਾਦਨ

ਲਈ ਕਿਸਾਨਾਂ ਨੂੰ ਬਿਹਤਰ ਖੇਤੀ-ਵਿਗਿਆਨ ਪ੍ਰਥਾਵਾਂ ਅਪਣਾਉਣ ਲਈ ਉਤਸ਼ਾਹਿਤ ਕਰਨਾ ਪਵੇਗਾ ਜਿਵੇਂ ਕਿ ਪ੍ਰਮਾਣਿਤ ਬੀਜਾਂ ਦੀ ਵਰਤੋਂ, ਕਤਾਰ ਵਿੱਚ ਬਿਜਾਈ ਅਤੇ ਸਮੇਂ ਸਿਰ ਗੋਡੀ ਕਰਨੀ ਅਤੇ ਘਾਹ-ਫੂਸ ਨੂੰ ਨਸ਼ਟ ਕਰਨਾ। ਛੱਟਾ ਦੇਣ ਦੀ ਮੌਜੂਦਾ ਪ੍ਰਥਾ ਪੌਦੇ ਦੇ ਇਕਸਾਰ ਅਤੇ ਸਿਹਤਮੰਦ ਵਿਕਾਸ ਨੂੰ ਹੁਲਾਰਾ ਨਹੀਂ ਦਿੰਦੀ। ਵੇਲੇ ਸਿਰ ਖਾਦ ਅਤੇ ਕੀਟਨਾਸ਼ਕਾਂ ਦੀ ਵਰਤੋਂ ਵੀ ਜ਼ਰੂਰੀ ਹੈ।

ਰੇਸ਼ੇ ਦੇ ਉਤਪਾਦਨ ਵਿੱਚ ਇਕ ਸਭ ਤੋਂ ਮਹੱਤਵਪੂਰਨ ਕਦਮ ਰੇਸ਼ਾ ਕੱਢਣ ਲਈ ਪਟਸਨ ਦੇ ਸਾਰੇ ਪੌਦੇ ਨੂੰ ਪਾਣੀ ਵਿੱਚ ਡੁਬੋ ਕੇ ਤਰ ਕਰਨਾ ਹੈ। ਦਿਹਾਤੀ ਭਾਰਤ ਵਿੱਚ ਪਾਣੀ ਦੇ ਸੀਮਤ ਸਰੋਤਾਂ ਦੀ ਵਧਦੀ ਮੰਗ ਦੇ ਮੱਦੇਨਜ਼ਰ, ਪਟਸਨ ਨੂੰ ਗਾਲਣ ਲਈ ਵਧੀਆ ਪਾਣੀ ਦੀ ਉਪਲਬਧਤਾ ਘਟੀ ਹੈ ਜਿਸ ਨੇ ਕਿਸਾਨਾਂ ਨੂੰ ਸੜਕਾਂ ਕਿਨਾਰੇ ਬਣੇ ਟੋਇਆਂ ਦੇ ਗੰਦੇ ਅਤੇ ਗਾਰ ਭਰੇ ਪਾਣੀ ਵਿੱਚ ਗ਼ੈਰ-ਸਿਹਤਮੰਦ ਹਾਲਤਾਂ ਵਿੱਚ ਪਟਸਨ ਨੂੰ ਗਾਲਣ ਲਈ ਮਜਬੂਰ ਕੀਤਾ ਹੈ। ਇਸ ਨਾਲ ਔਸਤ ਤੇ ਔਸਤ ਤੋਂ ਹੇਠਲੇ ਪੱਧਰ ਦਾ ਰੇਸ਼ਾ ਪੈਦਾ ਹੁੰਦਾ ਹੈ ਜੋ ਉੱਚ ਪਾਏ ਦੇ ਉਤਪਾਦ ਬਣਾਉਣ ਲਈ ਢੁੱਕਵਾਂ ਨਹੀਂ ਹੁੰਦਾ। 2015 ਵਿੱਚ ਸ਼ੁਰੂ ਕੀਤੇ ਗਏ ਪਟਸਨ-ਆਈ ਸੀ ਏ ਆਰ ਈ (ਸੁਧਰੀ ਬਿਜਾਈ ਆਧੁਨਿਕ ਗਾਲਣ ਦਾ ਕੰਮ) ਜਿਸ ਦਾ ਮੰਤਵ ਕਿਸਾਨਾਂ ਨੂੰ ਘੱਟ ਦਰਾਂ ਉਤੇ ਪ੍ਰਮਾਣਿਤ ਬੀਜ ਮੁਹੱਈਆ ਕਰਵਾ ਕੇ, ਕਤਾਰਾਂ ਵਿੱਚ ਬਿਜਾਈ ਕਰਨ ਲਈ ਸੀਡ ਡ੍ਰਿਲ ਪ੍ਰਦਾਨ ਕਰਕੇ, ਸਮੇਂ-ਸਮੇਂ ਘਾਹ-ਫੂਸ ਪੁੱਟਣ ਲਈ ਤਿੱਖੀਆਂ ਰੰਬੀਆਂ ਦੇ ਕੇ ਅਤੇ ਸੀਮਤ ਪਾਣੀ ਵਾਲੇ ਹਾਲਾਤਾਂ ਵਿੱਚ ਨਵੀਆਂ ਵਿਕਸਤ ਕੀਤੀਆਂ ਪਟਸਨ ਨੂੰ ਗਾਲਣ ਵਾਲੀਆਂ ਤਕਨੀਕਾਂ ਨੂੰ ਪ੍ਰਸਿੱਧ ਕਰਕੇ ਇਨ੍ਹਾਂ ਮਸਲਿਆਂ ਦਾ ਹੱਲ ਕਰਨਾ ਹੈ।



ਪਟਸਨ ਬੁਣਨ ਵਾਲੀ ਮਸ਼ੀਨ


ਹੱਥ ਨਾਲ ਬੁਣੇ ਪਟਸਨ ਦੇ ਕੰਬਲ

ਪਟਸਨ ਨੂੰ ਗਾਲਣ ਵਾਲੀਆਂ ਤਿੰਨ ਤਕਨੀਕਾਂ ਨੂੰ ਵਧੀਆ ਹੁਲਾਰਾ ਮਿਲਿਆ ਹੈ। ਪਹਿਲੀ ਤਕਨੀਕ ਪੌਦੇ ਦੀ ਬਾਹਰੀ ਪਰਤ ਹਟਾ ਕੇ, ਪਟਸਨ ਦਾ ਪਹਿਲਾ ਫੀਤਾ ਕੱਢ ਲਿਆ ਜਾਂਦਾ ਹੈ ਅਤੇ ਫਿਰ ਮਸਨੂਈ ਜਲ ਭੰਡਾਰ ਵਿੱਚ ਵੱਖ-ਵੱਖ ਪਾਚਕ ਪਾ ਕੇ ਇਸ ਨੂੰ ਗਾਲਿਆ ਜਾਂਦਾ ਹੈ। ਦੁਨੀਆਂ ਦੀ ਸਭ ਤੋਂ ਵੱਡੀ ਉਦਯੋਗਿਕ ਪਾਚਕ ਬਣਾਉਣ ਵਾਲੀ ਕੰਪਨੀ ਨੋਵੋਜਾਈਮ ਨੇ ਆਈ ਜੇ ਆਈ ਆਰ ਏ ਅਤੇ ਜੇ ਸੀ ਆਈ ਦੀ ਭਾਈਵਾਲੀ ਹੇਠ ਇਨ੍ਹਾਂ ਪਾਚਕਾਂ ਦੇ ਵਿਅੰਜਨ ਤਿਆਰ ਕੀਤੇ ਹਨ ਤਾਂ ਕਿ ਬਹੁਤ ਘੱਟ ਪਾਣੀ ਦੀ ਵਰਤੋਂ ਕਰਕੇ ਪਟਸਨ ਨੂੰ ਗਾਲਿਆ ਜਾ ਸਕੇ। ਇਸ ਲਈ ਸਮਾਂ ਵੀ ਆਮ ਤੌਰ ਤੇ ਗਾਲਣ ਲਈ ਲੋੜੀਂਦੇ 18-22 ਦਿਨਾਂ ਦੇ ਮੁਕਾਬਲੇ ਹਫ਼ਤਾ ਕੁ ਹੀ ਲਗਦਾ ਹੈ।

ਦੂਜੀ ਤਕਨੀਕ, ਜਿਸ ਦੀ ਪਟਸਨ- ਆਈ ਸੀ ਏ ਆਰ ਈ ਅਧੀਨ ਪਰਖ ਚੱਲ ਰਹੀ ਹੈ, ਅਧੀਨ ਵੱਖ-ਵੱਖ ਤਰ੍ਹਾਂ ਦੇ ਬੈਕਟੀਰੀਆ ਦੀ ਵਰਤੋਂ ਉਨ੍ਹਾਂ ਦੇ ਕੁਦਰਤੀ ਰਿਹਾਇਸ਼ ਵਾਲੇ ਸਥਾਨਾਂ ਤੋਂ ਕੀਤੀ ਜਾਂਦੀ ਹੈ। ਇਸ ਨਾਲ ਕਿਸਾਨਾਂ ਨੂੰ ਉਪਲਬਧ ਪਾਣੀ ਦੇ ਰਵਾਇਤੀ ਸਰੋਤਾਂ ਵਿੱਚ ਸਾਰੇ ਪੌਦੇ 10 ਤੋਂ 12 ਦਿਨਾਂ ਦੇ ਸਮੇਂ ਵਿੱਚ ਤੇਜ਼ੀ ਨਾਲ ਗਲ ਜਾਂਦੇ ਹਨ। ਆਈ ਜੇ ਆਈ ਆਰ ਏ ਵਲੋਂ ਪਰਖ ਅਧੀਨ ਤੀਸਰੀ

ਤਕਨੀਕ ਵਿੱਚ ਇਸੇ ਮੰਤਵ ਲਈ ਵੱਖ-ਵੱਖ ਰੋਗਾਣੂਆਂ ਦੇ ਸਮੂਹਾਂ ਨੂੰ ਇਸਤੇਮਾਲ ਕੀਤਾ ਜਾਂਦਾ ਹੈ। ਇਨ੍ਹਾਂ ਦੋ ਤਕਨੀਕਾਂ ਨੂੰ ਅਪਣਾਉਣਾ ਕਿਸਾਨਾਂ ਲਈ ਸਭ ਤੋਂ ਸੌਖਾ ਹੋਵੇਗਾ ਕਿਉਂਕਿ ਇਹ ਕਿਸਾਨਾਂ ਵਲੋਂ ਮੌਜੂਦਾ ਸਮੇਂ ਪਟਸਨ ਗਾਲਣ ਲਈ ਵਰਤੇ ਜਾਂਦੇ ਰਵਾਇਤੀ ਢੰਗਾਂ ਦੇ ਬਿਲਕੁਲ ਨੇੜੇ-ਨੇੜੇ ਹਨ। ਗਾਲਣ ਦਾ ਸਮਾਂ ਘੱਟ ਕਰਨ ਤੋਂ ਇਲਾਵਾ ਇਨ੍ਹਾਂ ਤਕਨੀਕਾਂ ਨਾਲ ਰੇਸ਼ੇ ਦੇ ਵਰਗ ਵਿੱਚ ਵੀ 1 ਤੋਂ 1.5 ਵਰਗ ਦਾ ਸ਼ਰਤੀਆ ਸੁਧਾਰ ਆਵੇਗਾ।

ਖੇਤੀ-ਵਿਗਿਆਨ ਪ੍ਰਥਾਵਾਂ ਅਤੇ ਗਲਾਈ ਦੀਆਂ ਸੁਧਰੀਆਂ ਤਕਨੀਕਾਂ ਮਿਲ ਕੇ ਆਸ ਹੈ ਕਿ ਉਤਪਾਦਕਤਾ ਵਿੱਚ ਘੱਟੋ-ਘੱਟ 15 ਪ੍ਰਤਿਸ਼ਤ ਦਾ ਵਾਧਾ ਕਰਨਗੀਆਂ ਜੋ ਕਿਸਮ ਵਿੱਚ ਸੁਧਾਰ ਨਾਲ ਮਿਲ ਕੇ ਸੰਭਵ ਹੈ ਕਿ ਕਿਸਾਨ ਦੀ ਆਮਦਨ ਵਿੱਚ 25 ਪ੍ਰਤਿਸ਼ਤ ਵਾਧਾ ਕਰ ਦੇਣ।

ਪਟਸਨ ਰੇਸ਼ੇ ਦੇ ਔਸਤ ਅਤੇ ਨਿਮਨ ਵਰਗ ਤੋਂ ਬਿਹਤਰ ਵਰਗ ਵੱਲ ਜਾਣ ਨਾਲ ਪਟਸਨ ਰੇਸ਼ੇ ਤੋਂ ਵਧੀਆ ਧਾਗੇ ਦਾ ਨਿਰਮਾਣ ਕਰਨ ਲਈ ਪ੍ਰਾਸੈਸਿੰਗ ਵਾਸਤੇ ਮਸ਼ੀਨਰੀ ਵਿੱਚ ਵੀ ਵੱਡੇ ਸੁਧਾਰ ਕਰਨੇ ਪੈਣਗੇ ਜਿਸ ਨਾਲ ਆਖਰ ਨੂੰ ਉੱਚ ਮੁੱਲ ਦਾ ਕੱਪੜਾ ਪੈਦਾ ਕੀਤਾ ਜਾ ਸਕੇਗਾ। ਪਟਸਨ ਮਿੱਲਾਂ ਵਿੱਚ ਇਸਤੇਮਾਲ ਕੀਤੀਆਂ ਜਾਂਦੀਆਂ ਮਸ਼ੀਨਾਂ ਤਕਨੀਕੀ ਪੱਖੋਂ ਬਰਤਾਨਵੀ ਯੁਗ ਦੀਆਂ ਹਨ। ਇਥੋਂ ਤੱਕ ਕਿ ਹਾਲ ਹੀ ਵਿੱਚ ਪਟਸਨ ਤਕਨੀਕ ਮਿਸ਼ਨ ਦੀ ਸਹਾਇਤਾ ਨਾਲ ਲਾਈਆਂ ਗਈਆਂ ਨਵੀਆਂ ਮਸ਼ੀਨਾਂ ਦੀ ਤਕਨੀਕ ਵੀ 1980ਵਿਆਂ ਦੀ ਹੈ।

ਕੱਪੜੇ ਦੇ ਖੇਤਰ ਵਿੱਚ ਤਾਜ਼ਾ ਘਟਨਾ, ਜਿਸ ਨੇ ਭਾਰਤ ਵਿੱਚ ਕਪਾਹ ਅਤੇ ਸਿੰਥੈਟਿਕ ਰੇਸ਼ੇ ਦੀਆਂ ਆਰਥਿਕਤਾਵਾਂ ਵਿੱਚ ਤਬਦੀਲੀ ਲਿਆਂਦੀ ਹੈ, ਉਸ ਦਾ ਪਟਸਨ ਖੇਤਰ ਵਿੱਚ ਦਾਖਲਾ ਹੋਣਾ ਅਜੇ ਬਾਕੀ ਹੈ। ਦੂਜੇ ਰੇਸ਼ਿਆਂ ਲਈ ਵਿਕਸਤ ਕੀਤੀਆਂ ਤਕਨੀਕਾਂ ਦਾ ਲਾਹਾ ਲੈ ਕੇ ਪਟਸਨ ਪ੍ਰਾਸੈਸ ਕਰਨ ਵਾਲੀ ਮਸ਼ੀਨਰੀ ਵਿਕਸਤ ਕਰਨ ਖਾਤਰ ਅਨੇਕ ਯੋਜਨਾਵਾਂ ਸ਼ੁਰੂ ਹੋਣ ਲਈ ਤਿਆਰ ਹਨ। ਜ਼ਿਆਦਾ ਆਧੁਨਿਕ ਮਸ਼ੀਨਾਂ ਅਤੇ ਵਧੀਆ ਕਿਸਮ ਦੇ ਪਟਸਨ ਦੇ ਰੇਸ਼ੇ ਵੱਡੀ ਮਾਤਰਾ ਵਿੱਚ ਉਪਲਬਧ ਹੋਣ ਨਾਲ ਪਟਸਨ ਮਿੱਲਾਂ ਨੂੰ ਵਧੀਆ ਧਾਗਾ ਬਣਾਉਣ ਲਈ ਉਤਸ਼ਾਹ ਮਿਲੇਗਾ ਜੋ ਉੱਚ ਪਾਏ ਦੇ ਉਤਪਾਦ ਬਣਾਉਣ ਲਈ ਜ਼ਰੂਰੀ ਸ਼ੁਰੂਆਤੀ ਸਮੱਗਰੀ ਹੈ।

ਇਹ ਆਧੁਨਿਕ ਉਤਪਾਦਨ ਲੜੀਆਂ ਨਾ ਕੇਵਲ ਖਪਤਕਾਰਾਂ ਅਤੇ ਹੇਠਲੇ ਪੱਧਰ ਦੇ ਉਦਯੋਗਾਂ ਦੀਆਂ ਲੋੜਾਂ ਮੁਤਾਬਕ ਵਧੀਆ ਕਿਸਮ ਦਾ ਕੱਪੜਾ ਉਤਪਾਦਨ ਕਰਨ ਵਿੱਚ ਮਦਦ ਕਰਨਗੀਆਂ ਸਗੋਂ ਕਿਰਤੀ ਉਤਪਾਦਕਤਾ ਵਿੱਚ ਸੁਧਾਰ ਲਿਆਉਣ ਲਈ ਵੀ ਸਹਾਈ ਹੋਣਗੀਆਂ।

## ਉਤਪਾਦ ਅਤੇ ਸੰਭਾਵਨਾਵਾਂ - ਬੇਅੰਤ

ਪਿਛਲੇ ਸਾਲਾਂ ਦੌਰਾਨ ਪ੍ਰਾਸੈਸ ਕੀਤਾ ਪਟਸਨ ਰੇਸ਼ਾ, ਧਾਗੇ ਦੀ ਵਰਤੋਂ ਕਰਕੇ ਕੱਪੜਾ ਅਤੇ ਮਿਸ਼ਰਤ ਕੱਪੜਾ ਆਦਿ ਗ਼ੈਰ-ਰਵਾਇਤੀ ਅਤੇ ਉੱਚ ਪਾਏ ਦੇ ਉਤਪਾਦ ਵਿਕਸਤ ਕੀਤੇ ਗਏ ਹਨ। ਇਨ੍ਹਾਂ ਵਿੱਚ ਪਟਸਨ ਦੇ ਹੈਂਡ ਬੈਗ, ਖਰੀਦਦਾਰੀ ਬੈਗ, ਹਲਕਾ ਸਮਾਨ ਲੈ ਕੇ ਜਾਣ ਵਾਲੇ ਥੈਲੇ, ਜੁੱਤੇ, ਪਟਸਨ ਤੋਂ ਬਣੀਆਂ ਸਜਾਵਟੀ ਵਸਤਾਂ ਜਿਵੇਂ ਫੁੱਲਾਂ ਦੇ ਗੁਲਦਸਤੇ, ਪਟਸਨ ਦੇ ਗਹਿਣੇ, ਕੰਧਾਂ ਉਤੇ ਲਟਕਾਉਣ ਵਾਲੀਆਂ ਵਸਤਾਂ ਆਦਿ ਦੀਆਂ ਕਈ ਕਿਸਮਾਂ ਸ਼ਾਮਲ ਹਨ। ਪਟਸਨ ਦਾ ਇਸਤੇਮਾਲ ਚਿੱਤਰ ਛਪਿਆ ਕੱਪੜਾ ਅਤੇ ਸਜਾਵਟੀ ਵਸਤਾਂ ਬਣਾਉਣ ਲਈ ਵੀ ਕੀਤਾ ਗਿਆ ਹੈ। ਫਰਸ਼ ਉਤੇ ਵਿਛਾਉਣ ਵਾਲੀਆਂ ਪਟਸਨ ਦੀਆਂ ਬਣੀਆਂ ਵਸਤਾਂ ਜਿਵੇਂ ਹੱਥ ਨਾਲ ਬਣੇ ਗਲੀਚੇ ਅਤੇ ਕਾਲੀਨ ਖ਼ਾਸ ਕਰਕੇ ਪੱਛਮੀ ਅਤੇ ਮੱਧ ਪੂਰਬ ਦੇ ਦੇਸ਼ਾਂ ਵਿੱਚ ਖਾਸੇ ਪ੍ਰਸਿੱਧ ਹਨ।

ਕੁੱਝ ਹੱਦ ਤੱਕ ਦੂਜੀਆਂ ਵਸਤਾਂ ਜਿਵੇਂ ਪਟਸਨ ਦੀ ਰਹਿੰਦ-ਖੂੰਹਦ ਤੋਂ ਹੱਥ ਨਾਲ ਬੁਣਿਆ ਕਾਗਜ਼, ਖਾਣੇ ਵਾਲੇ ਮੇਜ਼ ਦਾ ਸਮਾਨ, ਮੇਜ਼ ਉਤੇ ਵਿਛਾਉਣ ਵਾਲੀਆਂ ਚਟਾਈਆਂ, ਸੌਣ ਵਾਲੇ ਕਮਰੇ, ਬੈਠਣ ਵਾਲੇ ਕਮਰੇ ਦਾ ਸਮਾਨ ਜਿਵੇਂ ਸਿਰਹਾਣੇ ਦੇ ਉਛਾੜ, ਗੱਦੇ, ਟੈਲੀਵੀਜ਼ਨ ਦਾ ਕਵਰ ਅਤੇ ਦਫ਼ਤਰੀ ਸਟੇਸ਼ਨਰੀ ਜਿਵੇਂ ਕਿ ਪੈਨ ਸਟੈਂਡ, ਸਟੇਸ਼ਨਰੀ ਫਰੇਮ, ਫਾਈਲ ਕਵਰ ਅਤੇ ਕਲੰਡਰ ਆਦਿ ਵੀ ਮਸ਼ਹੂਰ ਹੋ ਰਹੇ ਹਨ। ਜਨਸੰਖਿਆ ਦੇ ਵਾਤਾਵਰਨ ਪੱਖੋਂ ਚੇਤੰਨ ਵਰਗ, ਜੋ ਖਰਚਾ ਕਰਨ ਲਈ ਤਿਆਰ ਹਨ, ਉਨ੍ਹਾਂ ਵਿੱਚ ਸਿੰਥੈਟਿਕ ਉਤਪਾਦਾਂ ਦੇ ਮੁਕਾਬਲੇ ਪਟਸਨ ਤੋਂ ਬਣੇ ਉਤਪਾਦ ਲਗਾਤਾਰ ਮਕਬੂਲ ਹੋ ਰਹੇ ਹਨ। ਪਟਸਨ ਵਿਭਿੰਨਤਾ ਵਾਲੇ ਉਤਪਾਦਾਂ ਦਾ ਛੋਟੀ ਪੱਧਰ ਦਾ ਵਰਗ, ਜਿਸ ਵਿੱਚ ਬੈਗ, ਘਰਾਂ ਦਾ ਸਜਾਵਟੀ ਸਮਾਨ, ਅਤੇ ਦੂਜਾ ਸਮਾਨ ਆਦਿ ਸ਼ਾਮਲ ਹੈ। ਇਹ ਪਟਸਨ ਉਤਪਾਦਨ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਵੈ-ਰੋਜ਼ਗਾਰ ਦਾ ਇਕ ਮੌਕਾ ਪ੍ਰਦਾਨ ਕਰਦਾ ਹੈ। ਖ਼ਾਸ ਕਰਕੇ ਔਰਤਾਂ ਨੂੰ ਜਿਨ੍ਹਾਂ ਨੇ ਆਪਣੇ ਆਪ ਨੂੰ ਸਵੈ-ਸਹਾਇਤਾ ਸਮੂਹਾਂ ਵਿੱਚ ਸੰਗਠਿਤ ਕਰ ਲਿਆ ਹੈ।

ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਬਰਾਂਡ ਜਿਵੇਂ ਹੈਰਾਡਸ, ਸਲਵਾਟੋਰ ਫੈਰਾਗਾਮੋ, ਮਾਰਕਸ ਐਂਡ ਸਪੈਂਸਰ ਅਤੇ ਆਈ ਕੇ ਈ ਏ ਪਟਸਨ ਅਤੇ ਪਟਸਨ ਮਿਸ਼ਰਤ ਕੱਪੜੇ ਬਜ਼ਾਰ ਵਿੱਚ ਵੇਚ ਰਹੇ ਹਨ। ਇਥੋਂ ਤੱਕ ਕਿ ਆਰਥਿਕ ਖੇਤਰ ਵਿੱਚ ਵੀ ਮੰਨੀਆਂ ਪ੍ਰਮੰਨੀਆਂ ਖਰੀਦਦਾਰੀ ਲੜੀਆਂ ਜਿਵੇਂ ਵਾਲਮਾਰਟ ਅਤੇ ਕੇਅਰਫੋਰ ਅਤੇ ਬਰਤਾਨੀਆ ਦੇ ਵੱਡੇ ਬਜ਼ਾਰ ਜਿਵੇਂ ਟੈਸਕੋ, ਏਸਡਾ, ਵੇਟਰੋਜ਼ ਅਤੇ ਸੇਨਸਬਰੀਜ਼ ਆਦਿ ਪਟਸਨ ਤੋਂ ਬਣੇ ਖਰੀਦਦਾਰੀ ਬੈਗ ਵੇਚ ਰਹੇ ਹਨ।

ਇਸ ਕਰਕੇ ਸਮੇਂ ਦੀ ਮੰਗ ਇਹ ਹੈ ਕਿ ਗਾਹਕ ਦੀ ਪਸੰਦ ਦੇ ਮੁਤਾਬਕ ਜ਼ਿਆਦਾ ਡਿਜ਼ਾਈਨ ਬਣਾਏ ਜਾਣ ਅਤੇ ਪੱਛਮੀ ਦੇਸ਼ਾਂ ਦੇ ਬਜ਼ਾਰਾਂ ਵਿੱਚ ਵਧੀਆ ਅਤੇ ਭਿੰਨ-ਭਿੰਨ ਪ੍ਰਕਾਰ ਦੇ ਉਤਪਾਦ ਮੁਹੱਈਆ ਕਰਵਾਏ ਜਾਣ। ਭਾਰਤੀ ਬਰਾਂਡ ਜਿਵੇਂ ਗਲੋਸਟਰ ਲਾਈਫਸਟਾਈਲ, ਐਂਜਜ਼, ਕਲੱਬ, ਅਰਾਬਰ, ਬੈਲੀਫੈਬਜ਼ ਨੇ ਇਨ੍ਹਾਂ ਬਜ਼ਾਰਾਂ ਵਿੱਚ ਆਪਣੀ ਕੁੱਝ ਪੈਂਠ ਬਣਾਈ ਹੈ।

**ਬੁਣਤੀ ਵਾਲੇ ਕੱਪੜਿਆਂ ਤੋਂ ਇਲਾਵਾ ਇਕ ਬਹੁਤ ਮਹੱਤਵਪੂਰਨ ਉਤਪਾਦ ਜੋ ਪਟਸਨ ਦੇ ਮੋਟੇ ਰੇਸ਼ੇ ਦੀ ਕਿਸਮ ਤੋਂ ਤਿਆਰ ਕੀਤਾ ਜਾਂਦਾ ਹੈ, ਉਹ ਹੈ ਬਿਨਾਂ ਬੁਣਤੀ ਵਾਲਾ ਕੱਪੜਾ ਜੋ ਤਕਨੀਕੀ ਕੱਪੜਾ ਵਰਗ ਦਾ ਹਿੱਸਾ ਹੈ। ਬਿਨਾਂ ਬੁਣਤੀ ਵਾਲਾ ਪਟਸਨ ਦਾ ਕੱਪੜਾ ਘਰਾਂ ਦੀ ਗਰਮੀ ਰੋਕਣ, ਵਾਤਾਨਕੂਲਨ ਅਤੇ ਗੱਡੀਆਂ ਦੇ ਅੰਦਰੂਨੀ ਹਿੱਸਿਆਂ ਵਿੱਚ ਵਰਤਿਆ ਜਾ ਰਿਹਾ ਹੈ। ਬੁਣਤੀ ਅਤੇ ਬਿਨਾਂ ਬੁਣਤੀ ਵਾਲੇ ਪਟਸਨ ਦੇ ਰੇਸ਼ਿਆਂ ਤੋਂ ਬਣੀ ਮਿਸ਼ਰਤ ਸਮੱਗਰੀ ਪੁਰਜ਼ੇ ਬਣਾਉਣ, ਆਟੋਮੋਬਾਈਲ ਅਤੇ ਫਰਨੀਚਰ ਉਦਯੋਗ ਵਿੱਚ ਵਰਤੋਂ ਲਈ ਵਿਕਸਤ ਕੀਤੇ ਗਏ ਹਨ।**

ਮੋਟੇ ਰੇਸ਼ਿਆਂ ਨੂੰ ਇਕੱਲੇ ਇਸਤੇਮਾਲ ਕੀਤਾ ਜਾ ਸਕਦਾ ਹੈ ਜਾਂ ਮੋਟੇ ਧਾਗੇ ਵਿੱਚ ਬਦਲਿਆ ਜਾ ਸਕਦਾ ਹੈ ਜੋ ਗ਼ੈਰ-ਬੁਣਤੀ ਅਤੇ ਬੁਣਤੀ ਵਾਲੇ ਪਟਸਨ ਜੀਉ ਟੈਕਸਟਾਈਲ (ਜੇ ਜੀ ਟੀ) ਉਤਪਾਦਨ ਵਿੱਚ ਕੰਮ ਆਉਂਦਾ ਹੈ। ਬਹੁਤ ਸਾਰੇ ਨਵੀਨਤਮ ਤਕਨੀਕੀ ਕੱਪੜੇ ਹਨ ਜੋ ਮਨੁੱਖ ਦੁਆਰਾ ਬਣਾਏ (ਸਿੰਥੈਟਿਕ) ਜੀਉ ਟੈਕਸਾਈਲ ਦਾ ਸਿਵਲ ਇੰਜਨੀਅਰਿੰਗ ਦੇ ਕਈ ਕੰਮਾਂ ਵਿੱਚ ਬਦਲ ਬਣ ਸਕਦੇ ਹਨ। ਇਹ ਵਿਸ਼ੇਸ਼ ਕੱਪੜੇ ਬਹੁਤ ਸਾਰੀਆਂ ਮਿੱਟੀ ਨਾਲ ਸੰਬੰਧਿਤ ਸਮੱਸਿਆਵਾਂ ਦੇ ਹੱਲ, ਸੜਕ ਉਸਾਰੀ, ਦਰਿਆਈ ਕੰਢਿਆਂ ਦੀ ਸੁਰੱਖਿਆ, ਢਲਾਨ ਪ੍ਰਬੰਧਨ ਅਤੇ ਇਥੋਂ ਤੱਕ ਕਿ ਰੇਲਵੇ ਪਟੜੀਆਂ ਦੇ ਨਿਰਮਾਣ ਨੂੰ ਧਿਆਨ ਵਿੱਚ ਰੱਖ ਕੇ ਡਿਜ਼ਾਈਨ ਕੀਤੇ ਅਤੇ ਬਣਾਏ ਗਏ ਹਨ। ਕੱਪੜਾ ਮੰਤਰਾਲਾ ਨੇ ਵਾਤਾਵਰਨ ਪੱਖੀ ਅਤੇ ਜੈਵਿਕ ਘੁਲਣਸ਼ੀਲਤਾ ਨੂੰ ਮੱਦੇਨਜ਼ਰ ਰੱਖਦਿਆਂ ਦੇਸ਼ ਭਰ ਵਿੱਚ ਸਿਵਲ ਇੰਜਨੀਅਰਿੰਗ ਦੇ ਕੰਮਾਂ ਵਿੱਚ ਪਟਸਨ ਜੀਉ ਟੈਕਸਟਾਈਲ ਦੀ ਵਰਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਵੱਖ-ਵੱਖ ਮੌਸਮੀ ਹਾਲਾਤਾਂ ਅਤੇ ਮਿੱਟੀਆਂ ਵਿੱਚ ਦੇਸ਼ ਭਰ ਅੰਦਰ 210 ਕੰਮਾਂ ਵਿੱਚ ਪਟਸਨ ਜੀਉ ਟੈਕਸਟਾਈਲ ਦਾ ਇਸਤੇਮਾਲ ਕੀਤਾ ਗਿਆ ਹੈ। ਉਦੇਸ਼ ਹਾਸਲ ਕਰਨ ਤੋਂ ਬਾਅਦ ਪਟਸਨ ਜੀਉ ਟੈਕਸਟਾਈਲ ਦੀ ਜੈਵਿਕ ਘੁਲਣਸ਼ੀਲਤਾ ਜੀਉ ਟੈਕਸਟਾਈਲ ਦੀਆਂ ਦੂਜੀਆਂ ਕਿਸਮਾਂ ਦੇ ਮੁਕਾਬਲੇ ਇਸ ਦਾ ਸਭ ਤੋਂ ਵੱਡਾ ਗੁਣ ਹੈ। ਵਾਤਾਵਰਨ ਦੀ ਸੰਭਾਲ ਲਈ ਵਿਸ਼ਵ ਦੇ ਤੌਖਲਿਆਂ ਦੇ ਮੱਦੇਨਜ਼ਰ, ਆਪਣੇ ਮਜਬੂਤ ਵਾਤਾਵਰਨਿਕ ਪ੍ਰਵਾਨਗੀ ਦੇ ਚੱਲਦਿਆਂ ਜੇ ਜੀ ਟੀ ਨੀਤੀ ਘਾੜਿਆਂ ਅਤੇ ਇੰਜੀਨੀਅਰਾਂ ਲਈ ਸਿਵਲ ਇੰਜਨੀਅਰਿੰਗ ਦੀਆਂ ਭੂ-ਤਕਨੀਕੀ ਮੁਸ਼ਕਿਲਾਂ ਦੇ ਹੱਲ ਲਈ ਇਕ ਕੁਦਰਤੀ ਚੋਣ ਬਣ ਗਿਆ ਹੈ।

## ਜੇ ਪੀ ਐੱਮ ਐਕਟ ਤੋਂ ਅਗਾਂਹ ਵੇਖਦਿਆਂ

ਪਟਸਨ ਲਈ ਸੰਭਾਵਨਾਵਾਂ ਦਾ ਕੋਈ ਅੰਤ ਨਹੀਂ। ਤਕਨੀਕ ਅਤੇ ਉਤਪਾਦ ਤਿਆਰ ਹਨ। ਕਮੀ ਸਿਰਫ ਇਨ੍ਹਾਂ ਉਤਪਾਦਾਂ ਨੂੰ ਉਸ ਸਿਖਰ ਉਤੇ ਲੈ ਜਾਣ ਲਈ ਉੱਦਮਤਾ ਦੀ ਹੈ ਜੋ ਉੱਚ ਕੀਮਤ ਦੀਆਂ ਵਸਤਾਂ ਦੇ ਉਤਪਾਦਨ ਦੁਆਰਾ ਇਸ ਖੇਤਰ ਨੂੰ ਆਮਦਨ ਪੈਦਾ ਕਰਨ ਦੇ ਉੱਚੇ ਸਿਖਰ ਉਤੇ ਲੈ ਜਾਵੇਗਾ। ਬੰਗਲਾਦੇਸ਼ ਦੀ ਉਦਾਹਰਣ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਨੇ ਪਟਸਨ ਖੇਤਰ ਨੂੰ ਆਪਣੇ ਆਪ ਵਿਕਸਤ ਹੋਣ ਦਿੱਤਾ। ਉਨ੍ਹਾਂ ਦੀ 'ਦੂਰ ਰਹਿਣ' ਦੀ ਨੀਤੀ ਕਾਰਨ ਕੱਚੀ ਦੇ ਉਤਪਾਦਨ ਅਤੇ ਨਿਰਯਾਤ ਵਿੱਚ ਵੱਡਾ ਵਾਧਾ ਦਰਜ ਕੀਤਾ ਗਿਆ। ਬਜ਼ਾਰੀਕਰਨ ਦੀ ਮੁਕਾਬਲੇਬਾਜ਼ੀ ਨੇ ਬੰਗਲਾਦੇਸ਼ ਦੇ ਪਟਸਨ ਉਦਯੋਗ ਨੂੰ ਮੁਕਾਬਲੇ ਵਾਲਾ ਬਣਾ ਦਿੱਤਾ। ਜਦੋਂ ਉਨ੍ਹਾਂ ਨੇ ਇਕ ਮੁਕਾਮ ਹਾਸਲ ਕਰ ਲਿਆ, ਬੰਗਲਾਦੇਸ਼ ਸਰਕਾਰ ਲਾਜ਼ਮੀ ਪੈਕਿੰਗ ਦੇ ਰੂਪ ਵਿੱਚ ਉਨ੍ਹਾਂ ਦੀ ਮਦਦ ਉਤੇ ਆ ਗਈ ਹੈ ਜੋ ਸੱਨਅਤ ਬਕਾਇਆ ਸਹਾਇਤਾ ਵੀ ਪ੍ਰਦਾਨ ਕਰੇਗਾ। ਇਸ ਦੇ ਲਈ ਵੀ ਨਿੱਜੀ ਪਟਸਨ ਮਿੱਲਾਂ ਨੂੰ ਬਜ਼ਾਰ ਵਿੱਚ ਮੁਕਾਬਲੇਬਾਜ਼ੀ ਕਰਨੀ ਹੋਵੇਗੀ।

ਭਾਰਤ ਨੇ ਇਸ ਤੋਂ ਬਿਲਕੁਲ ਉਲਟ ਰਸਤਾ ਅਖਤਿਆਰ ਕੀਤਾ ਹੈ। ਜੇ ਪੀ ਐੱਮ ਐਕਟ ਪਟਸਨ ਸੱਨਅਤ ਨੂੰ ਕਾਫੀ ਵੱਡੀ ਸਹਾਇਤਾ ਦਿੰਦਾ ਹੈ, ਬਚਿਆ-ਖੁਚਿਆ ਬਾਕੀ ਉਤਪਾਦਾਂ ਲਈ ਰਹਿ ਜਾਂਦਾ ਹੈ। ਸਬੂਤ ਇਹ ਹਨ ਕਿ ਇਹ ਉਦਯੋਗ ਆਪਣੇ ਬਚਾਅ ਲਈ ਕਾਨੂੰਨ ਉਤੇ ਜ਼ਿਆਦਾ ਤੋਂ ਜ਼ਿਆਦਾ ਨਿਰਭਰ ਹੋ ਗਿਆ ਹੈ ਅਤੇ ਨਿਰਧਾਰਿਤ ਕੀਮਤ ਨਿਜ਼ਾਮ ਨੇ ਇਸ ਦੀ ਮੁਕਾਬਲੇਬਾਜ਼ੀ ਨੂੰ ਹੋਰ ਖੋਰਾ ਲਾਇਆ ਹੈ। ਇਸ ਲਈ ਇਹ ਢੁੱਕਵਾਂ ਵੇਲਾ ਹੈ ਕਿ ਜੇ ਪੀ ਐੱਮ ਐਕਟ ਵਲੋਂ ਦਿੱਤੀ ਜਾਂਦੀ ਸੁਰੱਖਿਆ ਉਤੇ ਨਵੇਂ ਸਿਰਿਉਂ ਵਿਚਾਰ ਕੀਤਾ ਜਾਵੇ ਅਤੇ ਇਸ ਢੰਗ ਨਾਲ ਪ੍ਰਬੰਧ ਕੀਤਾ ਜਾਵੇ ਜਿਸ ਨਾਲ ਮੁਕਾਬਲੇਬਾਜ਼ੀ ਅਤੇ ਖੇਤਰ ਦੇ ਵਿਕਾਸ ਨੂੰ ਹੁਲਾਰਾ ਮਿਲੇ। ਪਟਸਨ ਮਿੱਲਾਂ ਦੇ ਕਾਮਿਆਂ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦਾ ਟੀਚਾ ਤਾਂ ਹੀ ਬਿਹਤਰ ਤਰੀਕੇ ਨਾਲ ਹਾਸਲ ਕੀਤਾ ਜਾ ਸਕੇਗਾ ਜੇ ਪਟਸਨ ਉਤਪਾਦਾਂ ਦੀ ਗੁਣਵੱਤਾ ਵਿੱਚ ਵਾਧਾ ਹੋਵੇ। ਇਹ ਵਿਭਿੰਨਤਾ ਅਤੇ ਨਵੇਂ ਬਜ਼ਾਰਾਂ ਦਾ ਨਿਰਮਾਣ ਕਰਨ ਨਾਲ ਹੀ ਸੰਭਵ ਹੋ ਸਕੇਗਾ। ਜਿੰਨਾ ਚਿਰ ਭਾਰਤ ਦਾ ਪਟਸਨ ਉਦਯੋਗ ਜੇ ਪੀ ਐੱਮ ਐਕਟ ਤੋਂ ਅਗਾਂਹ ਨਹੀਂ ਵੇਖਦਾ ਅਤੇ ਆਪਣੇ ਆਪ ਨੂੰ ਵਿਸ਼ਵ ਮੁਕਾਬਲੇਬਾਜ਼ੀ ਦੇ ਅਨੁਕੂਲ ਨਹੀਂ ਢਾਲਦਾ, ਅਜਿਹਾ ਹੋਣਾ ਸੰਭਵ ਨਹੀਂ ਲਗਦਾ। ਇਸ ਖੇਤਰ ਦੇ ਬਦਲਾਅ ਦੇ ਸਮੇਂ ਵੀ ਉਦਯੋਗ ਦੀ ਸੁਰੱਖਿਆ ਲਈ ਜੇ ਪੀ ਐੱਮ ਐਕਟ ਦੀ ਲੋੜ ਪਵੇਗੀ। ਸ਼ਾਇਦ ਕਾਨੂੰਨ ਅਧੀਨ ਰਾਖਵੇਂਕਰਨ ਦੀ ਮਾਤਰਾ ਵਿੱਚ ਹੌਲੀ-ਹੌਲੀ ਕਮੀ ਕਰਕੇ ਅਤੇ ਉਦਯੋਗ ਦੇ ਆਧੁਨਿਕੀਕਰਨ ਅਤੇ ਵਿਭਿੰਨਤਾ ਲਈ ਸਹਾਇਤਾ ਦੇ ਕੇ ਇਸ ਖੇਤਰ ਨੂੰ ਗੁੰਮਨਾਮੀ ਵਿੱਚ ਜਾਣ ਤੋਂ ਬਚਾਇਆ ਜਾ ਸਕਦਾ ਹੈ। ਪਰ ਇਹ ਸਾਰਾ ਕੁੱਝ ਜਲਦੀ ਨਹੀਂ ਵਾਪਰਨ ਵਾਲਾ ਜਦੋਂ ਤੱਕ ਅਗਾਂਹਵਧੂ ਸੋਚ ਰੱਖਣ ਵਾਲੇ ਹਿਤਧਾਰਕ ਆਪਣੇ ਯਤਨਾਂ ਦਾ ਕੇਂਦਰ ਬਿੰਦੂ ਵਿਸ਼ਵ ਬਾਜ਼ਾਰ ਉਤੇ ਏਕਾਧਿਕਾਰ ਕਰਨ ਅਤੇ ਰਾਜਕੀ ਸਹਾਇਤਾ ਦੇ ਵੱਖਰੇ ਮਾਡਲ ਨੂੰ ਨਹੀਂ ਬਣਾਉਂਦੇ - ਇਕ ਅਜਿਹਾ ਮਾਡਲ ਜੋ ਆਧੁਨਿਕੀਕਰਨ ਨੂੰ ਉਤਸ਼ਾਹਿਤ ਕਰਦਾ ਹੈ, ਵਿਭਿੰਨਤਾ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਭਾਰਤ ਦੇ ਪਟਸਨ ਨਿਰਮਾਤਾਵਾਂ ਨੂੰ ਵਿਸ਼ਵ ਮੁਕਾਬਲੇਬਾਜ਼ੀ ਦੇ ਸਮਰੱਥ ਬਣਾਉਂਦਾ ਹੈ।

*(ਲੇਖਕ ਭਾਰਤ ਸਰਕਾਰ ਦੇ ਵਸਤਰ ਮੰਤਰਾਲੇ ਵਿੱਚ ਜਯੂਟ ਕਮਿਸ਼ਨਰ ਹਨ)*

*e-mail :subratagupta65@gmail.com*

**ਸਫ਼ਾ 39 ਦਾ ਬਾਕੀ**

ਹੋਣਗੇ। ਖਾਦੀ ਦਾ ਉਤਪਾਦਨ ਆਪਣੇ ਆਪ ਵਿੱਚ ਵਾਤਾਵਰਨ ਪੱਖੀ ਹੋਵੇਗਾ ਜਿਸ ਲਈ ਉਤਪਾਦਕ ਲਈ ਹਿਤੂ ਢੁੱਕਵੀ ਤਕਨੀਕ ਦਾ ਇਸਤੇਮਾਲ ਕੀਤਾ ਜਾਵੇਗਾ। ਵਿਕੇਂਦਰੀਕ੍ਰਿਤ ਉਤਪਾਦਨ ਵੀ ਜਨਸਧਾਰਨ ਨੂੰ ਆਮਦਨ ਦੀ ਵੰਡ ਵਿੱਚ ਮਦਦ ਕਰੇਗਾ ਜਿਸ ਨਾਲ ਅਸੀਂ ਲੋਕਾਂ ਦੀ ਖਰੀਦ ਸ਼ਕਤੀ ਵਧਾ ਸਕਦੇ ਹਾਂ।

**ਜੇ ਅਸੀਂ ਸਥਾਈ, ਵਾਤਾਵਰਨ ਪੱਖੀ ਵਿਕਾਸ ਚਾਹੁੰਦੇ ਹਾਂ ਤਾਂ ਖਾਦੀ ਸਾਰੀਆਂ ਵਿਕਾਸ ਗਤੀਵਿਧੀਆਂ ਦੀ ਬੁਨਿਆਦ ਹੋਣੀ ਚਾਹੀਦੀ ਹੈ। ਖਾਦੀ ਅੰਦੋਲਨ ਲੋਕਾਂ ਦਾ ਅੰਦੋਲਨ ਬਣਨਾ ਚਾਹੀਦਾ ਹੈ ਅਤੇ ਸਾਨੂੰ ਖਾਦੀ ਨੂੰ ਰਾਸ਼ਟਰੀ ਪਹਿਰਾਵਾ ਬਣਾਉਣਾ ਚਾਹੀਦਾ ਹੈ। ਲੋਕਾਂ ਦੀ ਮਾਨਸਿਕਤਾ ਜ਼ਿਆਦਾਤਰ ਬਣਾਈ ਜਾਂਦੀ ਹੈ ਅਤੇ ਸਾਨੂੰ ਖਾਦੀ ਨੂੰ ਆਪਣੇ ਲਈ ਕੱਪੜੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਰਤਣ ਵਾਸਤੇ ਇਕ ਅਨੁਕੂਲ ਵਾਤਾਵਰਨ ਬਣਾਉਣਾ ਪਵੇਗਾ। ਖਾਦੀ ਦੀ ਵਰਤੋਂ ਕਰਕੇ ਅਸੀਂ ਮਨੁੱਖਤਾ ਦੇ ਸਭ ਤੋਂ ਪੁਰਾਣੇ ਹੁਨਰ ਦੀ ਸੰਭਾਲ ਕਰ ਰਹੇ ਹਾਂ।**

*(ਲੇਖਕ ਨੈਸ਼ਨਲ ਗਾਂਧੀ ਮਿਊਜ਼ੀਅਮ, ਰਾਜਘਾਟ, ਨਵੀਂ ਦਿੱਲੀ ਵਿਖੇ ਡਾਇਰੈਕਟਰ ਹਨ)*

*e-mail :nationalgandhimuseum@gmail.com*

# ਰੇਸ਼ਮੀ ਕੱਪੜਾ ਉਦਯੋਗ : ਚੁਨੌਤੀਆਂ ਅਤੇ ਉੱਨਤੀ

ਬੀ ਐੱਸ ਅੰਗਾਡੀ, ਕੇ.ਕੇ. ਸ਼ੇਟੀ ਅਤੇ ਐੱਚ ਨਗੇਸ਼ ਪ੍ਰਭੂ

ਕੱਪੜਿਆਂ ਦੀ ਰਾਣੀ ਰੇਸ਼ਮ, ਨਾ ਸਿਰਫ ਸਮੇਂ ਦੇ ਮਾਪਦੰਡ ਉਤੇ ਖਰੀ ਉਤਰੀ ਹੈ ਸਗੋਂ ਆਪਣੀ ਚਮਕ-ਦਮਕ, ਮੁਲਾਇਮਤਾ, ਹਲਕੇ ਭਾਰ, ਸਮਤਾਪੀ ਵਿਸ਼ੇਸ਼ਤਾਵਾਂ, ਰੰਗਾਂ ਨਾਲ ਗਜਬ ਦਾ ਸੁਮੇਲ, ਪਾਇਦਾਰੀ ਅਤੇ ਸੁੰਦਰਤਾ ਕਾਰਨ ਦੁਨੀਆਂ ਭਰ ਵਿੱਚ ਸਭ ਤੋਂ ਵੱਧ ਪਸੰਦੀਦਾ ਕੱਪੜਾ ਹੈ। ਇਸ ਨੇ ਸਿੰਥੈਟਿਕ ਅਤੇ ਗ਼ੈਰ-ਸਿੰਥੈਟਿਕ ਧਾਗਿਆਂ ਦਾ ਹਮਲਾ ਝੱਲਿਆ ਹੈ ਅਤੇ ਆਪਣੀ ਅਦੁੱਤੀ ਸ਼ਾਨ ਬਣਾ ਕੇ ਰੱਖੀ ਹੈ। ਕੁਦਰਤੀ ਰੇਸ਼ਮ ਦੀਆਂ ਪੰਜ ਵਪਾਰਕ ਕਿਸਮਾਂ ਹਨ, ਜਿਵੇਂ ਕਿ ਮਲਬਰੀ, ਤਪਤ-ਖੰਡੀ ਟਸਰ, ਬਲੂਤੀ ਟਸਰ, ਈਰੀ ਅਤੇ ਮੁਗਾ। ਇਨ੍ਹਾਂ ਵਿੱਚੋਂ ਮਲਬਰੀ ਰੇਸ਼ਮ, ਇਕ ਕੀੜੇ ਬੌਮਬਾਈਕਸ ਮੋਰੀ ਰਾਹੀਂ ਪੈਦਾ ਕੀਤਾ ਜਾਂਦਾ ਹੈ ਜਿਸ ਨੂੰ ਘਰੇਲੂ ਪਾਲਿਆ ਜਾਂਦਾ ਹੈ ਅਤੇ ਸ਼ਹਿਤੂਤ ਦਾ ਰੁੱਖ ਇਸ ਦੀ ਖੁਰਾਕ ਹੈ। ਸ਼ਹਿਤੂਤ ਦੇ ਕੀੜੇ ਤੋਂ ਇਲਾਵਾ ਬਾਕੀ ਕੀੜੀਆਂ ਰਾਹੀਂ ਉਤਪੰਨ ਰੇਸ਼ਮ ਨੂੰ ਹੁਣ ਇਕ ਨਵੀਂ ਪਛਾਣ ਦਿੱਤੀ ਜਾ ਰਹੀ ਹੈ ਅਤੇ ਇਸ ਨੂੰ ਸਾਂਝੇ ਤੌਰ ਤੇ 'ਵੰਨਿਆ ਰੇਸ਼ਮ' ਕਰਕੇ ਜਾਣਿਆ ਜਾਂਦਾ ਹੈ।

ਰੇਸ਼ਮ ਉਤਪਾਦਨ ਦਾ ਅਰਥ ਹੈ ਵੱਡੇ ਪੈਮਾਨੇ ਉਤੇ ਰੇਸ਼ਮ ਪੈਦਾ ਕਰਨ ਵਾਲੇ ਕੀੜਿਆਂ ਦੀ ਪਾਲਣਾ। ਰੇਸ਼ਮ ਉਤਪਾਦਨ, ਕੱਪੜਾ ਖੇਤਰ ਦਾ ਬਹੁਤ ਭਾਰੀ ਮਿਹਨਤ ਦਾ ਕੰਮ ਹੈ ਜਿਸ ਵਿੱਚ ਖੇਤ ਵਿੱਚ ਅਤੇ ਖੇਤ ਤੋਂ ਬਾਹਰ ਗਤੀਵਿਧੀਆਂ ਦਾ ਸੁਮੇਲ ਕਰਨਾ ਪੈਂਦਾ ਹੈ, ਜਿਵੇਂ ਕਿ :

- ਰੇਸ਼ਮ ਦੇ ਕੀੜੇ ਦੀ ਖੁਰਾਕ ਦੇ ਪੌਦਿਆਂ ਦੀ ਖੇਤੀ।
- ਰੇਸ਼ਮ ਦੇ ਕੀੜਿਆਂ ਦਾ ਕੌਕੂਨ ਬਣਾਉਣ ਲਈ ਪਾਲਣ-ਪੋਸ਼ਣ।
- ਰੇਸ਼ਮੀ ਸੂਤਰ ਦੀਆਂ ਕੌਕੂਨ ਤੋਂ ਰੀਲਾਂ ਬਣਾਉਣਾ।
- ਕੌਕੂਨ ਤੋਂ ਬਾਅਦ ਦੀਆਂ ਹੋਰ ਪ੍ਰਕਿਰਿਆਵਾਂ ਜਿਵੇਂ ਕਿ ਵਟ ਚੜ੍ਹਾਉਣਾ, ਰੰਗਣਾ, ਬੁਣਨਾ, ਛਪਾਈ ਅਤੇ ਸੁੰਦਰ ਸ਼ਕਲ ਦੇਣਾ।

ਰੇਸ਼ਮੀ ਕੱਪੜਾ ਉਦਯੋਗ ਗਤੀਵਿਧੀਆਂ ਸੰਯੁਕਤ ਰਾਸ਼ਟਰਸੰਘ ਵਲੋਂ ਪਾਇਦਾਰ ਵਿਕਾਸ ਟੀਚਿਆਂ ਦੇ 17 ਟੀਚਿਆਂ ਵਿੱਚੋਂ ਪੰਜ ਵੱਡੇ ਟੀਚਿਆਂ ਨਾਲ ਮੇਲ ਖਾਂਦੀਆਂ ਹਨ, ਜਿਵੇਂ ਕਿ ਗਰੀਬੀ ਹਟਾਉਣਾ, ਔਰਤਾਂ ਦਾ ਸਸ਼ਕਤੀਕਰਨ, ਲਗਾਤਾਰ ਸਮਾਵੇਸ਼ੀ ਅਤੇ ਪਾਏਦਾਰ ਆਰਥਿਕ ਵਿਕਾਸ, ਸਮੁੱਚਾ ਅਤੇ ਉਪਜਾਊ ਰੋਜ਼ਗਾਰ ਅਤੇ ਹਰਾ-ਭਰਾ ਖੇਤਰ ਵਧਾਉਣ ਰਾਹੀਂ ਜੰਗਲਾਤੀ ਬਨਸਪਤੀ ਦੀ ਸੁਰਜੀਤੀ ਅਤੇ ਜੰਗਲਾਂ ਦੀ ਅਧੋਗਤੀ ਨੂੰ ਉਲਟਾਉਣਾ। ਇਸ ਉਦਯੋਗ ਦੀਆਂ ਹੋਰ ਮੁੱਖ ਵਿਸ਼ੇਸ਼ਤਾਵਾਂ ਹਨ :

- ਕਿਰਤੀ ਜਮਾਤ ਦੀ ਵੱਡੀ ਗਿਣਤੀ ਵਿੱਚ ਭਾਗੀਦਾਰੀ ਦਰ ਕਾਰਨ ਰੋਜ਼ਗਾਰ ਦੇ ਬਹੁਤ ਮੌਕੇ ਪੈਦਾ ਕਰਨ ਦੀ ਸਮਰੱਥਾ (11.3 ਮਾਨਵੀ ਦਿਨ/ ਪ੍ਰਤਿ ਕਿਲੋਗ੍ਰਾਮ ਰੇਸ਼ਮ ਉਤਪਾਦਨ)।
- ਔਰਤਾਂ (60 ਪ੍ਰਤਿਸ਼ਤ) ਅਤੇ ਪਰਿਵਾਰਕ ਮੈਂਬਰਾਂ ਦੀ ਸ਼ਮੂਲੀਅਤ ਨਾਲ ਪਰਿਵਾਰ ਦੀ ਆਮਦਨ ਵਿੱਚ ਵਾਧਾ।
- ਆਮਦਨ ਦਾ 60 ਪ੍ਰਤਿਸ਼ਤ ਮੁੜ ਤੋਂ

**ਕੁਦਰਤੀ ਰੇਸ਼ਮ ਦੀਆਂ ਪੰਜ ਵਪਾਰਕ ਕਿਸਮਾਂ**

| | ਮਲਬਰੀ | ਟ੍ਰਾਪੀਕਲ ਟਸਰ | ਓਅਕ ਟਸਰ | ਈਰੀ | ਮੁਗਾ |
|---|---|---|---|---|---|
| ਮਦਰ | | | | | |
| ਆਂਡੇ | | | | | |
| ਹੋਸਟ ਪਲਾਂਟ | | | | | |
| ਲਾਰਵੇ | | | | | |
| ਕੌਕੂਨਜ਼ | | | | | |
| ਸਿਲਕ ਫੇਬਰਿਕ/ ਗਾਰਮੈਂਟ | | | | | |



ਕਿਸਾਨਾਂ ਕੋਲ (ਬੁਨਿਆਦੀ ਉਤਪਾਦਕਾਂ) ਆਉਣਾ।

● ਅਮੀਰ ਉਪਭੋਗਤਾਵਾਂ ਕੋਲੋਂ ਸੰਪਤੀ ਗਰੀਬਾਂ ਕੋਲ ਆਉਣ ਨੂੰ ਸਾਰਥਕ ਕਰਨਾ (ਕਿਸਾਨਾਂ, ਰੀਲਾਂ ਬਣਾਉਣ ਵਾਲਿਆਂ ਅਤੇ ਬੁਣਕਰਾਂ ਕੋਲ)।

● ਵਾਤਾਵਰਨ ਸੁਖਾਵਾਂ ਕਾਰਜ ਬਨਸਪਤੀ ਵਿਭਿੰਨਤਾ ਅਤੇ ਕੁਦਰਤੀ ਜੰਗਲਾਤੀ ਖੇਤਰ ਵਿੱਚ ਵੰਨਿਆ ਖੁਰਾਕੀ ਰੁੱਖਾਂ ਦੀ ਸੰਭਾਲ ਕਰਨਾ।

● ਰੇਸ਼ਮ ਦੀ ਜ਼ਿਮਨੀ ਪੈਦਾਵਾਰ ਜਿਵੇਂ ਕਿ ਸੈਰੀਸਿਨ, ਪ੍ਰਪੇ ਆਦਿ ਵਾਧੂ ਆਮਦਨ ਪੈਦਾ ਕਰਨ ਦੇ ਵੱਧ ਤੋਂ ਵੱਧ ਸਾਧਨ ਮੁਹੱਈਆ ਕਰਦੇ ਹਨ।

## ਦਰਜਾ

ਭਾਰਤੀ ਰੇਸ਼ਮ ਉਦਯੋਗ, ਭਾਰਤੀ ਕੱਪੜਾ ਉਦਯੋਗ ਦਾ ਇਕ ਅਭਿੰਨ ਅੰਗ ਹੈ। ਇਹ ਚੀਨ ਤੋਂ ਬਾਅਦ ਦੁਨੀਆਂ ਵਿੱਚ ਸਭ ਤੋਂ ਵੱਡਾ ਹੈ ਅਤੇ ਦੁਨੀਆਂ ਦੇ ਕੁੱਲ ਉਤਪਾਦਨ ਵਿੱਚ ਲਗਭਗ 14 ਪ੍ਰਤਿਸ਼ਤ ਹਿੱਸਾ ਪਾਉਂਦਾ ਹੈ।

ਭਾਰਤੀ ਰੇਸ਼ਮ ਉਦਯੋਗ ਦੀਆਂ ਮਜਬੂਤੀਆਂ ਹਨ :

● ਚੀਨ ਤੋਂ ਬਾਅਦ, ਦੁਨੀਆਂ ਵਿੱਚ ਦੂਸਰਾ ਸਭ ਤੋਂ ਵੱਡਾ ਰੇਸ਼ਮ ਉਤਪਾਦਕ ਦੇਸ਼।

● ਦੁਨੀਆਂ ਵਿੱਚ ਰੇਸ਼ਮ ਦਾ ਸਭ ਤੋਂ ਵੱਡਾ ਖਪਤਕਾਰ।


● ਦੁਨੀਆਂ ਵਿੱਚ ਅਜਿਹਾ ਇਕੋ ਇਕ ਦੇਸ਼ ਜੋ ਰੇਸ਼ਮ ਦੀਆਂ ਸਭ ਪੰਜ ਕਿਸਮਾਂ ਵਪਾਰਕ ਪੱਧਰ ਉਤੇ ਤਿਆਰ ਕਰਦਾ ਹੈ।

● ਮਸ਼ਹੂਰ ਸੁਨਹਿਰੀ ਮੁਗਾ ਰੇਸ਼ਮ ਦੇ ਉਤਪਾਦਨ ਵਿੱਚ ਵਿਸ਼ਵ ਵਿੱਚ ਏਕਾਧਿਕਾਰ।

● ਦੱਖਣੀ ਖੇਤਰ ਦੇ ਮਜ਼ਬੂਤ ਖੇਤੀਬਾੜੀ ਵਾਤਾਵਰਨ ਹਾਲਾਤ, ਰੇਸ਼ਮ ਉਤਪਾਦਨ ਸਾਰਾ ਸਾਲ ਕਰਨ ਲਈ ਢੁਕਵੇਂ ਹਨ।

● ਰੇਸ਼ਮ ਉਤਪਾਦਨ ਵਧਾਉਣ ਲਈ ਭਾਰੀ ਮਾਤਰਾ ਵਿੱਚ ਖੇਤੀਯੋਗ ਭੂਮੀ।

● ਉੱਚ ਕੋਟੀ ਦੇ ਤਜਰਬੇਕਾਰ ਅਤੇ ਵਿਦਵਾਨ, ਵਿਗਿਆਨੀਆਂ ਅਤੇ ਤਕਨੀਸ਼ੀਅਨਾਂ ਵਾਲਾ ਦੁਨਿਆਵੀ ਪੱਧਰ ਦਾ ਖੋਜ ਸੰਸਥਾਨ ਵਿਕਸਤ ਕੀਤਾ ਹੈ।




● ਇਸ ਵਿੱਚ ਕਾਫੀ ਮਾਤਰਾ ਵਿੱਚ ਹੁਨਰ ਪ੍ਰਾਪਤ ਕਿਰਤੀ ਜਮਾਤ ਸ਼ਾਮਲ ਹੈ।

ਦੇਸ਼ ਵਿੱਚ ਕੱਚੇ ਰੇਸ਼ਮ ਦਾ ਉਤਪਾਦਨ 2011-12 (11ਵੀਂ ਯੋਜਨਾ ਦੇ ਅੰਤ ਤੱਕ) ਵਿੱਚ 23,060 ਟਨ ਤੋਂ ਵਧ ਕੇ 2015-16 ਵਿੱਚ 5.4 ਪ੍ਰਤਿਸ਼ਤ ਸਾਲਾਨਾ ਚਕ੍ਰਵਿਧੀ ਵਿਕਾਸ ਦਰ ਤੋਂ ਵਧ ਕੇ 28,472 ਟਨ ਹੋ ਗਿਆ। ਸੁਧਰੀ ਨਸਲ ਦੇ ਕੀੜੇ ਤੋਂ ਉਤਪਾਦਤ ਰੇਸ਼ਮ ਵਿੱਚ 28 ਪ੍ਰਤਿਸ਼ਤ ਸਾਲਾਨਾ ਚਕ੍ਰਵਿਧੀ ਦਰ ਤੋਂ ਵਿਕਾਸ ਹੋਇਆ ਅਤੇ ਵੰਨਿਆ ਰੇਸ਼ਮ ਵਿੱਚ ਇਸੇ ਸਮੇਂ ਵਿੱਚ 13.8 ਪ੍ਰਤਿਸ਼ਤ ਦਰ ਨਾਲ ਵਾਧਾ ਹੋਇਆ। ਕੱਚੇ ਰੇਸ਼ਮ ਦਾ ਆਯਾਤ ਲਗਾਤਾਰ ਘਟ ਰਿਹਾ ਹੈ ਅਤੇ ਇਹ 2011-12 ਵਿੱਚ 5,685 ਟਨ ਤੋਂ ਘਟ ਕੇ 2015-16 ਵਿੱਚ 3,529 ਟਨ ਰਹਿ ਗਿਆ ਸੀ। ਅਜਿਹਾ ਆਯਾਤ ਬਦਲਾਓ ਵਾਲੇ ਸੁਧਰੀ ਨਸਲ ਦੇ ਸ਼ਹਿਤੂਤ ਦੇ ਕੀੜੇ ਦੇ ਕੱਚੇ ਰੇਸ਼ਮ ਉਤਪਾਦਨ ਵਿੱਚ ਸੁਧਾਰ ਕਾਰਨ ਹੋ ਸਕਿਆ ਹੈ।

## ਕੱਚੇ ਰੇਸ਼ਮ ਦਾ ਆਯਾਤ

ਇਥੇ ਇਹ ਜ਼ਿਕਰ ਕਰਨਾ ਮਹੱਤਵਪੂਰਨ ਹੋਵੇਗਾ ਕਿ ਦੇਸ਼ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਸੁਧਾਰੀ ਨਸਲ ਦੇ ਸ਼ਹਿਤੂਤ ਦੇ ਕੀੜੇ ਤੋਂ ਕੱਚੇ ਰੇਸ਼ਮ ਦੇ ਉਤਪਾਦਨ ਵਿੱਚ ਵਾਧੇ ਨਾਲ, ਜੋ ਆਯਾਤ ਦਾ ਵਿਕਲਪ ਹੈ, ਰੇਸ਼ਮ ਦਾ ਆਯਾਤ ਬਹੁਤ ਘਟ ਗਿਆ ਅਤੇ 2011-12 ਵਿੱਚ 5,685 ਟਨ ਤੋਂ ਘਟ ਕੇ 2015-16 ਵਿੱਚ 3,529 ਟਨ ਰਹਿ ਗਿਆ ਸੀ। ਇਸ ਦਾ ਉਦੇਸ਼, ਭਾਰਤ ਨੂੰ ਸੁਧਰੀ ਨਸਲ ਦੇ ਕੱਪੜੇ ਤੋਂ ਉਤਪਾਦਤ ਰੇਸ਼ਮ ਨਾਲ ਆਯਾਤ ਵਿਕਲਪ ਰਾਹੀਂ, ਸਾਲ 2019 ਤੱਕ ਆਯਾਤ ਨੂੰ ਜ਼ੀਰੋ ਕਰ ਦੇਣਾ ਹੈ।

## ਨਿਰਯਾਤ

ਭਾਵੇਂ ਭਾਰਤ ਦੁਨੀਆਂ ਵਿੱਚ ਰੇਸ਼ਮ ਉਤਪਾਦਨ ਕਰਨ ਵਾਲਾ ਦੂਸਰਾ ਸਭ ਤੋਂ ਵੱਡਾ ਦੇਸ਼ ਹੈ, ਵਿਸ਼ਵ ਰੇਸ਼ਮ ਨਿਰਯਾਤ ਵਿੱਚ ਭਾਰਤ ਦਾ ਹਿੱਸਾ ਕਾਫੀ ਨਹੀਂ ਹੈ (10 ਪ੍ਰਤਿਸ਼ਤ ਤੋਂ ਘੱਟ ਹੈ)। ਇਸ ਦਾ ਕਾਰਨ ਇਹ ਹੈ ਕਿ ਭਾਰਤ ਰੇਸ਼ਮੀ ਮਾਲ ਦੀ ਇਕ ਵੱਡੀ ਮੰਡੀ ਹੈ ਅਤੇ ਉਤਪਾਦਤ ਰੇਸ਼ਮੀ ਮਾਲ ਦਾ ਲਗਭਗ 85 ਪ੍ਰਤਿਸ਼ਤ ਹਿੱਸਾ ਘਰੇਲੂ ਮਾਰਕੀਟ ਵਿੱਚ ਖਪਤ ਹੋ ਜਾਂਦਾ ਹੈ। ਪਰ ਭਾਰਤ ਦਾ ਨਿਰਯਾਤ, ਜੋ 15 ਪ੍ਰਤਿਸ਼ਤ ਹਿੱਸਾ ਹੈ, ਹਰ ਕਿਸਮ ਦੇ ਰੇਸ਼ਮੀ ਮਾਲ ਦਾ ਹੈ (ਜਿਸ ਵਿੱਚ ਮੁੱਲ ਵਰਧਕ ਮਾਲ ਵੀ ਸ਼ਾਮਲ ਹੈ) ਜਿਵੇਂ ਕਿ ਕੁਦਰਤੀ ਰੇਸ਼ਮੀ ਧਾਗਾ, ਰੇਸ਼ਮੀ ਕੱਪੜੇ, ਤਿਆਰ ਕੱਪੜੇ, ਰੇਸ਼ਮੀ ਕਾਰਪਟ ਅਤੇ ਰੇਸ਼ਮੀ ਕਚਰਾ ਸ਼ਾਮਲ ਹਨ। ਭਾਰਤੀ ਰੇਸ਼ਮੀ ਮਾਲ, ਰਵਾਇਤੀ ਵੱਡੀਆਂ ਮੰਡੀਆਂ, ਜਿਵੇਂ ਕਿ ਅਮਰੀਕਾ, ਯੂਰਪ ਦੇ ਦੇਸ਼ ਅਤੇ ਏਸ਼ੀਆ ਖੇਤਰ ਦੀਆਂ ਛੋਟੀਆਂ ਮੰਡੀਆਂ ਨੂੰ ਨਿਰਯਾਤ ਹੁੰਦਾ ਹੈ। ਰੇਸ਼ਮੀ ਮਾਲ ਦੇ ਨਿਰਯਾਤ ਤੋਂ ਕਮਾਈ, ਪਿਛਲੇ ਸਾਲਾਂ ਵਿੱਚ ਵਿਸ਼ਵੀ ਮੰਦੀ ਅਤੇ ਪੱਛਮੀ ਦੇਸ਼ਾਂ ਵਿੱਚ ਰੇਸ਼ਮ ਦੇ ਮਾਲ ਦੀ ਮੰਗ ਵਿੱਚ ਕਮੀ ਨਾਲ,

| ਤਾਲਿਕਾ-4 : ਰੇਸ਼ਮੀ ਮਾਲ ਦਾ ਨਿਰਯਾਤ ਅਤੇ ਉਸ ਦੀ ਕੀਮਤ | | | | | |
|---|---|---|---|---|---|
| ਕਿਸਮ | ਨਿਰਯਾਤ ਕੀਮਤ (ਕਰੋੜ ਰੁਪਏ ਵਿੱਚ) | | | | |
| | 11ਵੀਂ ਯੋਜਨਾ (2011-12) | 2012-13 | 2013-14 | 2014-15 | 2015-16 |
| ਕੁਦਰਤੀ ਰੇਸ਼ਮੀ ਧਾਗਾ | 19.68 | 21.96 | 36.25 | 25.40 | 30.32 |
| ਰੇਸ਼ਮੀ ਕੱਪੜਾ | 1497.97 | 1410.31 | 1455.63 | 1465.44 | 1280.60 |
| ਸੀਤੇ ਸਿਲਾਏ ਕੱਪੜੇ | 765.83 | 787.15 | 874.00 | 1214.01 | 1078.39 |
| ਰੇਸ਼ਮੀ ਕਾਰਪਟ | 20.08 | 21.14 | 15.71 | 15.97 | 16.88 |
| ਰੇਸ਼ਮੀ ਕਚਰਾ | 49.77 | 62.97 | 99.30 | 109.12 | 89.80 |
| **ਕੁੱਲ** | **2353.33** | **2303.53** | **2480.89** | **2829.94** | **2495.99** |

*ਸਰੋਤ : ਐੱਫ ਟੀ ਐੱਸ ਆਈ ਅਤੇ ਐੱਮ ਐੱਸ ਐੱਫ ਟੀ ਆਈ, ਡੀ ਜੀ ਸੀ ਆਈ ਐੱਸ, ਕੋਲਕਾਤਾ*

ਘਟ ਗਈ ਹੈ। ਰੇਸ਼ਮ ਦੀ ਮਾਲ ਦੇ ਨਿਰਯਾਤ ਤੋਂ 2015-16 ਵਿੱਚ ਕਮਾਈ 2495.99 ਕਰੋੜ ਰੁਪਏ ਸੀ। ਗਿਆਰਵੀਂ ਯੋਜਨਾ ਅਤੇ 12ਵੀਂ ਯੋਜਨਾ ਦੇ ਪਹਿਲੇ ਚਾਰ ਸਾਲਾਂ ਵਿੱਚ ਰੇਸ਼ਮੀ ਮਾਲ ਦੀ ਨਿਰਯਾਤ ਕੀਮਤ ਤਾਲਿਕਾ-4 ਵਿੱਚ ਦਿੱਤੀ ਜਾ ਰਹੀ ਹੈ।

ਕੇਂਦਰੀ ਰੇਸ਼ਮ ਬੋਰਡ ਅਤੇ ਰਾਜਾਂ ਦੀਆਂ ਖੋਜ ਅਤੇ ਵਿਕਾਸ ਕੋਸ਼ਿਸ਼ਾਂ ਨਾਲ ਰੇਸ਼ਮ ਉਤਪਾਦਨ ਦੀ ਉੱਤਮਤਾ, ਮਿਕਦਾਰ ਅਤੇ ਉਪਜਾਇਕਤਾ ਵਿੱਚ ਬਹੁਤ ਸੁਧਾਰ ਹੋਇਆ ਹੈ। ਜਿਥੇ ਮਲਬਰੀ ਰੇਸ਼ਮ ਦਾ ਉਤਪਾਦਨ 1997 ਵਿੱਚ ਲਗਭਗ 46 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਤੋਂ ਵਧ ਕੇ 2015-16 ਵਿੱਚ 101 ਕਿਲੋਗ੍ਰਾਮ ਹੋ ਗਿਆ ਹੈ, ਇਸੇ ਸਮੇਂ ਵਿੱਚ ਪ੍ਰਤਿ ਕਿਲੋਗ੍ਰਾਮ ਰੀਲ ਰੇਸ਼ਮ ਦਾ ਉਤਪਾਦਨ 8.9 ਕਿਲੋਗ੍ਰਾਮ ਕੌਕੂਨ ਤੋਂ ਘਟ ਕੇ 7.4 ਕਿਲੋਗ੍ਰਾਮ ਰਹਿ ਗਿਆ ਹੈ। ਇਹ ਮਹੱਤਵਪੂਰਨ ਉਪਲਬਧੀਆਂ ਹਨ। ਰੇਸ਼ਮ ਦੇ ਕੀੜਿਆਂ ਦੀ ਖੁਰਾਕ ਲਈ ਸੁਧਰੀ ਕਿਸਮ ਦੇ ਪੌਦਿਆਂ ਦਾ ਵਿਕਾਸ ਅਤੇ ਉਨ੍ਹਾਂ ਦਾ ਉਗਾਉਣਾ, ਉੱਚ ਨਸਲ ਦੇ ਰੇਸ਼ਮ ਦੇ ਕੀੜਿਆਂ ਦੀ ਪਾਲਣਾ ਜੋ ਵਧੇਰੇ ਉਤਪਾਦਨ ਦੇ ਸਕਣ, ਉੱਤਮ ਕਿਸਮ ਦੇ ਰੇਸ਼ਮ ਦੇ ਕੀੜਿਆਂ ਦੇ ਬੀਜ ਦੀ ਸਪਲਾਈ, ਅਗਾਂਹ ਵਧੂ ਸਭਿਆਚਾਰਕ ਅਤੇ ਪਾਲਣ ਪੋਸ਼ਣ ਰਵਾਇਤਾਂ ਅਪਣਾਉਣਾ ਅਤੇ ਕੌਕੂਨ ਬਣਨ ਤੋਂ ਬਾਅਦ ਦੀਆਂ ਪ੍ਰਕਿਰਿਆਵਾਂ ਵਿੱਚ ਸੁਧਾਰ।

ਭਾਰਤੀ ਰੇਸ਼ਮ ਉਦਯੋਗ ਜਿਸ ਵਿੱਚ ਲਗਭਗ 12 ਲੱਖ ਪੇਸ਼ਾਵਰ ਕਾਰਜਸ਼ੀਲ ਹਨ ਅਤੇ ਜੋ 82 ਲੱਖ 80 ਹਜ਼ਾਰ ਲੋਕਾਂ ਨੂੰ ਰੋਜ਼ਗਾਰ ਦੇਣ ਦੀ ਸਮਰੱਥਾ ਰੱਖਦਾ ਹੈ, ਜੋ ਕੱਪੜਾ ਉਦਯੋਗ ਦਾ ਲਗਭਗ 20 ਪ੍ਰਤਿਸ਼ਤ ਹਿੱਸਾ ਹੈ, ਨੇ ਆਪਣੀ ਵਿਕਾਸ ਗਤੀ ਅਤੇ ਪਾਇਦਾਰੀ, ਤੇਜ਼ੀ ਨਾਲ ਹੋ ਰਹੇ ਉਦਯੋਗੀਕਰਨ ਅਤੇ ਖੇਤੀਯੋਗ ਭੂਮੀ ਉਪਰ ਵਧ ਰਹੇ ਦਬਾਅ ਦੇ ਬਾਵਜੂਦ ਬਣਾ ਕੇ ਰੱਖੀ ਹੋਈ ਹੈ।

## ਵਿਸ਼ਵੀ ਸੰਦਰਭ ਵਿੱਚ ਭਾਰਤੀ ਰੇਸ਼ਮ ਦਾ ਮੁਕਾਬਲਾ

ਹਾਲ ਹੀ ਸਮੇਂ ਵਿੱਚ ਵਿਸ਼ਵੀ ਰੇਸ਼ਮ ਉਤਪਾਦਨ ਵਿੱਚ ਵੱਡੀਆਂ ਤਬਦੀਲੀਆਂ ਆ ਰਹੀਆਂ ਹਨ। ਇਹ ਦੇਖਣ ਵਿੱਚ ਆ ਰਿਹਾ ਹੈ ਕਿ ਕਈ ਦੇਸ਼ਾਂ ਵਿੱਚ ਉਦਯੋਗੀਕਰਨ ਕਾਰਨ ਇਨਪੁਟ ਕੀਮਤ ਵਿੱਚ ਵਾਧਾ ਹੋ ਜਾਣ ਨਾਲ ਅਤੇ ਖੇਤੀਬਾੜੀ ਕਿਰਤੀਆਂ ਦਾ ਹੋਰ ਉਦਯੋਗਿਕ ਅਤੇ ਸੇਵਾ ਖੇਤਰਾਂ ਵੱਲ ਝੁਕਾਅ ਹੋਣ ਨਾਲ ਰੇਸ਼ਮ ਉਤਪਾਦਨ ਵਿੱਚ ਕਮੀ ਆਈ ਹੈ। ਅਣਵੰਡੇ ਸੋਵੀਅਤ ਯੂਨੀਅਨ, ਦੱਖਣੀ ਕੋਰੀਆ, ਬ੍ਰਾਜ਼ੀਲ ਅਤੇ ਥਾਈਲੈਂਡ ਜਿਹੇ ਦੇਸ਼ ਅੰਤਰਰਾਸ਼ਟਰੀ ਮੁਕਾਬਲੇ ਦੀਆਂ ਕੀਮਤਾਂ ਤੇ ਰੇਸ਼ਮ ਉਤਪਾਦਨ ਵਿੱਚ ਵਾਧਾ ਕਰਨ ਵਿੱਚ ਔਖਿਆਈ ਮਹਿਸੂਸ ਕਰ ਰਹੇ ਹਨ।

ਭਾਰਤ ਦੀ ਸਥਿਤੀ ਕਿਸੇ ਵੀ ਹੋਰ ਰੇਸ਼ਮ ਉਤਪਾਦਨ ਕਰਨ ਵਾਲੇ ਦੇਸ਼ ਨਾਲੋਂ ਮੁਕਾਬਲਤਨ ਬਹੁਤ ਲਾਭਕਾਰੀ ਹੈ। ਅੰਤਰਰਾਸ਼ਟਰੀ ਰੇਸ਼ਮ ਉਤਪਾਦਨ ਦੀ ਰੌਂ ਤੋਂ ਸੰਕੇਤ ਮਿਲਦਾ ਹੈ ਕਿ

| ਤਾਲਿਕਾ-3 : ਚੀਨ ਬਨਾਮ ਭਾਰਤ | | |
|---|---|---|
| **ਵੇਰਵਾ** | **ਚੀਨ** | **ਭਾਰਤ** |
| ਮੌਸਮੀ ਹਾਲਾਤ | ਸ਼ੀਤੋਸ਼ਣੀ | ਤਪਤਖੰਡੀ/ਅਰਧ ਤਪਤਖੰਡੀ/ਸ਼ੀਤੋਸ਼ਣੀ |
| ਉਤਪਾਦਨ ਪ੍ਰਣਾਲੀ | ਕੌਕੂਨ ਬਣਨ ਤੋਂ ਪਹਿਲਾਂ ਅਤੇ ਕੌਕੂਨ ਬਣਨ ਤੋਂ ਬਾਅਦ ਦੇ ਸੰਗਠਤ ਵੱਡੇ ਖੇਤਰ | ਗ਼ੈਰ ਸੰਗਠਿਤ ਛੋਟੇ ਯੂਨਿਟ |
| ਅਰਥਤੰਤਰ | ਸਰਕਾਰ ਅਧੀਨ | ਮੰਡੀ ਹਾਲਾਤ ਅਨੁਸਾਰ ਚਲਣ ਵਾਲੇ |
| ਸ਼ਹਿਤੂਤ ਦੀ ਖੇਤੀ ਅਧੀਨ ਖੇਤਰਫਲ (ਹੈਕਟੇਅਰ) | 8.22 ਲੱਖ | 2.10 |
| ਨਸਲਾਂ ਜੋ ਪਾਲੀਆਂ ਜਾਂਦੀਆਂ ਹਨ | ਸਭ ਸੁਧਰੀਆਂ ਨਸਲਾਂ | 78 ਪ੍ਰਤਿਸ਼ਤ ਦੋਗਲੀਆਂ, 22 ਪ੍ਰਤਿਸ਼ਤ ਸੁਧਰੀਆਂ ਹੋਈਆਂ |
| ਸੁਧਰੀਆਂ ਨਸਲਾਂ ਦੇ ਕੀੜੇ ਤੋਂ ਪੈਦਾ ਰੇਸ਼ਮ ਦਾ ਗ੍ਰੇਡ | 6 ਏ ਤੱਕ | 3 ਏ ਤੱਕ |
| ਉਪਭੋਗ ਲੜੀ | 80 ਪ੍ਰਤਿਸ਼ਤ ਨਿਰਯਾਤ<br>20 ਪ੍ਰਤਿਸ਼ਤ ਘਰੇਲੂ ਖਪਤ | 85 ਪ੍ਰਤਿਸ਼ਤ ਘਰੇਲੂ ਖਪਤ, 15 ਪ੍ਰਤਿਸ਼ਤ ਨਿਰਯਾਤ<br>11 ਪ੍ਰਤਿਸ਼ਤ ਆਯਾਤ |
| ਨਿਰਯਾਤ ਤੋਂ ਆਮਦਨ (ਮਿਲੀਅਨ ਅਮਰੀਕੀ ਡਾਲਰ) 2015-16 | 3068.95 | 389.53 |


ਭਾਰਤ ਵਿੱਚ ਰੇਸ਼ਮ ਉਤਪਾਦਨ ਦੇ ਵਿਕਾਸ ਦੀ ਬਹੁਤ ਗੁੰਜਾਇਸ਼ ਹੈ। ਜਿਥੇ ਜਪਾਨ ਵਿੱਚ ਰੇਸ਼ਮ ਦਾ ਉਤਪਾਦਨ ਉੱਕਾ ਹੀ ਖਤਮ ਹੋ ਚੁੱਕਾ ਹੈ, ਚੀਨ ਇਸ ਕੋਸ਼ਿਸ਼ ਵਿੱਚ ਹੈ ਕਿ ਰੇਸ਼ਮ ਦਾ ਉਤਪਾਦਨ ਗ਼ੈਰ ਰਵਾਇਤੀ ਖੇਤਰਾਂ ਵਿੱਚ ਕੀਤਾ ਜਾਵੇ ਤਾਂ ਕਿ ਉਤਪਾਦਨ ਦੀ ਗਤੀ ਬਣਾ ਕੇ ਰੱਖੀ ਜਾ ਸਕੇ। ਭਾਰਤ ਵਿੱਚ ਚੀਨ ਨਾਲੋਂ ਵਧੇਰੇ ਭੂਮੀ ਖੇਤੀ ਯੋਗ ਹੈ ਅਤੇ ਇਥੋਂ ਦਾ ਮੌਸਮ (ਮੁੱਖ ਰੇਸ਼ਮ ਉਤਪਾਦਨ ਕਰਨ ਵਾਲੇ ਦੱਖਣੀ ਰਾਜਾਂ ਵਿੱਚ) ਚੀਨ ਨਾਲੋਂ ਰੇਸ਼ਮ ਉਤਪਾਦਨ ਲਈ ਵਧੇਰੇ ਅਨੁਕੂਲ ਹੈ ਜਿਸ ਵਿੱਚ ਪੂਰਾ ਸਾਲ ਕੋਕੂਨ ਉਤਪਾਦਨ ਹੋ ਸਕਦਾ ਹੈ। ਇਸ ਤਰ੍ਹਾਂ ਭਾਰਤ ਕੋਲ ਆਪਣਾ ਉਤਪਾਦਨ ਵਧਾਉਣ ਦੇ ਵਧੇਰੇ ਚੰਗੇ ਹਾਲਾਤ ਹਨ, ਨਿਰਯਾਤ ਵਧਾਉਣ ਦੀ ਕਾਫੀ ਸਮਰੱਥਾ ਹੈ ਅਤੇ ਇਹ ਵਿਸ਼ਵੀ ਮੰਡੀ ਵਿੱਚ ਆਪਣੇ ਬ੍ਰਾਂਡ ਦੀ ਪਛਾਣ ਬਣਾ ਸਕਦਾ ਹੈ।

ਤਾਲਿਕਾ-3 ਵਿੱਚ ਭਾਰਤ ਅਤੇ ਚੀਨ ਦੀ ਤੁਲਨਾਤਮਕ ਸਥਿਤੀ ਦਿਖਾਈ ਗਈ ਹੈ। ਇਹ ਸਾਫ ਜ਼ਾਹਰ ਹੈ ਕਿ ਸ਼ਹਿਤੂਤ ਦੀ ਖੇਤੀਬਾੜੀ ਅਧੀਨ ਖੇਤਰ, ਸਾਡੇ ਦੇਸ਼ ਨਾਲੋਂ ਲਗਭਗ 4 ਗੁਣਾ ਹੈ, ਜੋ ਬਹੁਤ ਅਧਿਕ ਪੈਦਾਵਾਰ ਦਿੰਦਾ ਹੈ।

## ਦੂਰ-ਦ੍ਰਿਸ਼ਟੀ

ਕੇਂਦਰੀ ਰੇਸ਼ਮ ਬੋਰਡ, ਜਿਸ ਦੇ ਜ਼ਿੰਮੇ ਇਸ ਖੇਤਰ ਦਾ ਵਿਕਾਸ ਹੈ, ਨੇ 2020 ਤੱਕ 8500 ਟਨ ਕੱਚਾ ਸੁਧਰੀ ਕਿਸਮ ਦਾ ਰੇਸ਼ਮ ਤਿਆਰ ਕਰਨ ਦੀ ਯੋਜਨਾ ਬਣਾਈ ਹੈ ਤਾਂ ਕਿ ਭਾਰਤ ਨੂੰ ਰੇਸ਼ਮ ਦੇ ਖੇਤਰ ਵਿੱਚ ਆਯਾਤ ਮੁਕਤ ਕੀਤਾ ਜਾ ਸਕੇ। ਇਸ ਦੀ ਇਹ ਵੀ ਦੂਰਅੰਦੇਸ਼ੀ ਹੈ ਕਿ ਭਾਰਤ ਦੁਨੀਆਂ ਦੀ ਰੇਸ਼ਮ ਦੀ ਮੰਡੀ ਵਿੱਚ ਇਕ ਲੀਡਰ ਦੇ ਤੌਰ ਤੇ ਉੱਭਰੇ ਅਤੇ ਇਸ ਨੇ ਦੇਸ਼ ਵਿੱਚ ਰੇਸ਼ਮ ਦਾ ਕੁੱਲ ਉਤਪਾਦਨ 2030 ਤੱਕ 60,000 ਟਨ ਤੱਕ ਲੈ ਜਾਣ ਬਾਰੇ ਸੋਚਿਆ ਹੈ, ਜਿਸ ਦੇ ਨਾਲ-ਨਾਲ ਆਯਾਤ ਦੇ ਬਦਲੇਵੇਂ ਵਾਲੇ ਸੁਧਰੀ ਕਿਸਮ ਦੇ ਰੇਸ਼ਮ ਦਾ ਉਤਪਾਦਨ ਵੀ 20,000 ਟਨ ਕਰਨ ਦਾ ਟੀਚਾ ਹੈ।

ਛੋਟੀ ਮਿਆਦ ਅਤੇ ਲੰਬੀ ਮਿਆਦ ਦੇ ਉਤਪਾਦਨ ਟੀਚੇ ਅੱਗੇ ਦਿੱਤੇ ਚਿੱਤਰ ਵਿੱਚ ਦਰਸਾਏ ਗਏ ਹਨ :




### 1. ਰੇਸ਼ਮ ਉਤਪਾਦਨ ਵਾਲੇ ਰਵਾਇਤੀ ਖੇਤਰਾਂ ਦਾ ਸ਼ਹਿਰੀਕਰਨ

ਦੇਸ਼ ਦੇ ਰਵਾਇਤੀ ਖੇਤਰਾਂ ਵਿੱਚ ਤੇਜ਼ੀ ਨਾਲ ਆਰਥਿਕ ਵਿਕਾਸ ਹੋਣ ਦੇ ਨਾਲ-ਨਾਲ ਉਦਯੋਗੀਕਰਨ ਅਤੇ ਸ਼ਹਿਰੀਕਰਨ ਦੀ ਪ੍ਰਕਿਰਿਆ ਵਿੱਚ ਵੀ ਕਾਫੀ ਤੇਜ਼ੀ ਆਈ ਹੈ। ਇਸ ਨੇ ਭੂਮੀ ਦੀਆਂ ਵਧ ਰਹੀਆਂ ਕੀਮਤਾਂ ਅਤੇ ਮਜ਼ਦੂਰੀ ਵਧਣ ਨਾਲ ਰੇਸ਼ਮ ਉਤਪਾਦਨ ਦੇ ਖਿਤਜੀ ਪਸਾਰ ਵਿੱਚ ਰੁਕਾਵਟ ਪੈਦਾ ਕੀਤੀ ਹੈ।

ਗ਼ੈਰ ਰਵਾਇਤੀ ਖੇਤਰਾਂ ਵਿੱਚ, ਭੂਮੀ ਵੀ ਕਾਫੀ ਮਾਤਰਾ ਵਿੱਚ ਉਪਲਬਧ ਹੈ ਅਤੇ ਕਿਰਤੀ ਸਰੋਤ ਵੀ ਮੌਜੂਦ ਹਨ, ਜਿਵੇਂ ਕਿ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਜਿਹੇ ਰਾਜ, ਉਤਪਾਦਨ ਦਾ ਆਧਾਰ ਵਧਾਉਣ ਨਾਲ ਕੱਚੇ ਰੇਸ਼ਮ ਦਾ ਉਤਪਾਦਨ ਬਿਨਾਂ ਸ਼ੱਕ ਬਹੁਤ ਵਧ ਜਾਵੇਗਾ। ਅਜਿਹੇ ਸਥਾਨਾਂ ਉਤੇ ਰੇਸ਼ਮ ਉਤਪਾਦਨ ਦੇ ਵਿਕਾਸ ਲਈ ਕੁਦਰਤੀ ਹਾਲਾਤ ਅਤੇ ਸਮਾਜਕ ਆਧਾਰ ਵੀ ਹਨ।

### 2. ਆਯਾਤ ਦੇ ਬਦਲੇਵੇਂ ਵਾਲੇ ਸੁਧਰੀ ਕਿਸਮ ਦੇ ਕੱਚੇ ਰੇਸ਼ਮ ਦਾ ਉਤਪਾਦਨ ਵਧਾਉਣਾ

ਸੁਧਰੀਆਂ ਹੋਈਆਂ ਨਸਲਾਂ ਗ੍ਰੇਡ ਹੋਣ ਲਾਇਕ ਕੱਚਾ ਰੇਸ਼ਮ ਪੈਦਾ ਕਰ ਸਕਦੀਆਂ ਹਨ ਜਿਸ ਦੀ ਮਜਬੂਤੀ ਅਤੇ ਪਕਿਆਈ ਸਾਡੀਆਂ ਬਿਜਲੀ ਨਾਲ ਚਲਣ ਵਾਲੀਆਂ ਖੱਡੀਆਂ ਲਈ ਲੋੜ ਮੁਤਾਬਕ ਹੋਵੇਗੀ। ਪਰ ਅਸੀਂ ਕਾਫੀ ਮਾਤਰਾ ਵਿੱਚ ਆਯਾਤ ਬਦਲੇਵੇਂ ਵਾਲੀ ਸੁਧਰੀ ਕਿਸਮ ਦਾ ਕੱਚਾ ਰੇਸ਼ਮ ਪੈਦਾ ਨਹੀਂ ਕਰ ਪਾ ਰਹੇ, ਜੋ ਸਾਡੀ ਘਰੇਲੂ ਮੰਗ ਵੀ ਪੂਰੀ ਨਹੀਂ ਕਰਦਾ। ਅਸੀਂ ਆਪਣੀਆਂ ਬਿਜਲੀ ਦੀਆਂ ਖੱਡੀਆਂ ਦੀ ਲੋੜ ਪੂਰੀ ਕਰਨ ਲਈ ਆਯਾਤ ਉਪਰ ਨਿਰਭਰ ਹਾਂ। ਸੁਧਰੀ ਕਿਸਮ ਦੇ ਰੇਸ਼ਮ ਉਤਪਾਦਨ ਦਾ ਤਪਤਖੰਡੀਕਰਨ ਅਤੇ ਉਸ ਨੂੰ ਮਨ ਲੁਭਾਉਣਾ ਬਣਾਉਣਾ ਸਾਡੇ ਦੇਸ਼ ਸਾਹਮਣੇ ਇਕ ਵੱਡੀ ਚੁਨੌਤੀ ਹੈ।

ਸੁਧਰੀ ਕਿਸਮ ਦੇ ਰੇਸ਼ਮ ਦਾ ਉਤਪਾਦਨ ਨਾ ਸਿਰਫ ਘਣੀ ਤਕਨਾਲੋਜੀ ਆਧਾਰਤ ਹੈ ਸਗੋਂ ਬਹੁਤ ਪੂੰਜੀ ਮੰਗ ਵਾਲਾ ਵੀ ਹੈ। ਇਨ੍ਹਾਂ ਚੁਨੌਤੀਪੂਰਨ ਹਾਲਾਤ ਵਿੱਚ, ਸਾਨੂੰ ਸੁਧਰੀ ਕਿਸਮ ਦੇ ਰੇਸ਼ਮ ਉਤਪਾਦਨ ਦੇ ਉੱਤਮ ਬੀਜਾਂ ਵਿੱਚ ਵਧੇਰੇ ਨਿਵੇਸ਼ ਕਰਨ, ਕਿਸਾਨ ਦੀ ਪੱਧਰ ਉਤੇ ਬੁਨਿਆਦੀ ਢਾਂਚਾ ਮਜ਼ਬੂਤ ਕਰਨ, ਕੋਕੂਨ ਬਣਨ ਤੋਂ ਬਾਅਦ ਦੀਆਂ ਨਵੀਨ ਸਹੂਲਤਾਂ ਪੈਦਾ ਕਰਨ ਅਤੇ ਇਸ ਉਦਯੋਗ ਦੇ ਸਸ਼ਕਤੀਕਰਨ ਦੀ ਲੋੜ ਹੈ। ਸਮੇਂ ਅਨੁਸਾਰ ਖਰੀ ਸਿੱਧ ਹੋਈ, ਸੁਧਰੀ ਕਿਸਮ ਦੇ ਰੇਸ਼ਮ ਉਤਪਾਦਨ ਲਈ ਤਕਨਾਲੋਜੀ ਮੌਜੂਦ ਹੈ, ਪਰ ਇਸ ਨੂੰ ਬਹੁਤ ਵੱਡੇ ਪੈਮਾਨੇ ਉਤੇ ਚੰਗੀ ਸੰਭਾਵਨਾ ਵਾਲੇ ਖੇਤਰਾਂ ਵਿੱਚ ਫੈਲਾਉਣ ਦੀ ਲੋੜ ਹੈ। ਸੁਧਰੀ ਕਿਸਮ ਦੇ ਰੇਸ਼ਮ ਉਤਪਾਦਨ ਨੂੰ ਹਰਮਨ ਪਿਆਰਾ ਬਣਾਉਣਾ ਤਿੰਨ ਥੰਮ੍ਹਾਂ ਉਪਰ ਨਿਰਭਰ ਕਰਦਾ ਹੈ, "ਵਿਆਪਕਤਾ, ਤੇਜ਼ੀ ਅਤੇ ਮੁਹਾਰਤ"। ਅਸੀਂ ਸੁਧਰੀ ਕਿਸਮ ਦੇ ਰੇਸ਼ਮ ਉਤਪਾਦਨ ਨੂੰ 20,000 ਟਨ ਤੱਕ ਲੈ ਜਾਣ ਦਾ ਇਰਾਦਾ ਰਖਦੇ ਹਾਂ ਜੋ ਸਾਡੇ ਕਿਸਾਨਾਂ, ਰੀਲ ਬਣਾਉਣ ਵਾਲਿਆਂ ਅਤੇ ਬੁਣਕਰਾਂ ਦੀ ਮੁਹਾਰਤ ਵਧਾ ਕੇ, ਤੇਜ਼ੀ ਨਾਲ ਕਾਰਜ ਪੂਰਾ ਕਰ ਕੇ ਉਸ ਸ਼ਾਨਦਾਰ ਸਥਾਨ

ਉਤੇ ਪਹੁੰਚਿਆ ਜਾ ਸਕਦਾ ਹੈ ਜਿਥੇ ਭਾਰਤ ਅਸਲ ਵਿੱਚ ਦੁਨੀਆਂ ਵਿੱਚ ਰੇਸ਼ਮ ਦਾ ਆਗੂ ਹੋਵੇਗਾ।

### 3. ਵਪਾਰਕ ਪੱਧਰ ਉਤੇ ਭਰੋਸਾ ਕਰਨ ਯੋਗ ਕਿਸਮ ਦੇ ਰੇਸ਼ਮ ਦੇ ਬੀਜਾਂ ਦਾ ਉਤਪਾਦਨ ਅਤੇ ਸਪਲਾਈ

ਰੇਸ਼ਮ ਦੇ ਕੀੜੇ ਦਾ ਬੀਜ, ਉੱਤਮ ਕਿਸਮ ਦੇ ਕੱਚੇ ਰੇਸ਼ਮ ਦੇ ਉਤਪਾਦਨ ਲਈ ਇਕ ਬੁਨਿਆਦੀ ਇਨਪੁਟ ਹੈ। ਜਿਥੇ ਅਸੀਂ ਆਯਾਤ ਬਦਲੇਵੇਂ ਵਾਲੇ ਸੁਧਰੀ ਕਿਸਮ ਦੇ ਕੱਚੇ ਰੇਸ਼ਮ ਦੇ ਉਤਪਾਦਨ ਵਿੱਚ ਤੇਜ਼ੀ ਲਿਆਉਣਾ ਚਾਹੁੰਦੇ ਹਾਂ, ਸੁਧਰੀ ਕਿਸਮ ਦੇ ਰੇਸ਼ਮ ਦੇ ਕੀੜਿਆਂ ਦੇ ਬੀਜ ਦੀ ਵਪਾਰਕ ਮੰਗ ਵੀ ਉਸੇ ਅਨੁਪਾਤ ਅਨੁਸਾਰ ਵਧ ਜਾਵੇਗੀ। ਵੱਡੇ ਪੈਮਾਨੇ ਉਤੇ ਸੁਧਰੀ ਕਿਸਮ ਦੇ ਵਪਾਰਕ ਰੇਸ਼ਮ ਦੇ ਕੀੜਿਆਂ ਦੇ ਬੀਜ ਤਿਆਰ ਕਰਨ ਲਈ, ਨਿੱਜੀ ਖੇਤਰ ਦੇ ਰੇਸ਼ਮ ਦੇ ਬੀਜ ਉਤਪਾਦਕਾਂ ਨੂੰ ਵੀ ਇਸ ਕੰਮ ਵਿੱਚ ਲਗਾਉਣਾ ਹੋਵੇਗਾ। ਕਿਉਂਕਿ ਸੁਧਰੀ ਕਿਸਮ ਦੇ ਰੇਸ਼ਮ ਦੇ ਕੀੜਿਆਂ ਦੇ ਬੀਜ ਉਤਪਾਦਨ ਲਈ ਭਾਰੀ ਪੂੰਜੀ, ਬੁਨਿਆਦੀ ਢਾਂਚਾ ਜਿਵੇਂ ਕਿ ਕੋਲਡ ਸਟੋਰੇਜ਼ ਪਲਾਂਟ, ਸੂਖਮ ਵਾਤਾਵਰਨ ਹਾਲਾਤ ਪੈਦਾ ਕਰਨ ਲਈ ਨਵੀਨਤਮ ਮਸ਼ੀਨਾਂ ਅਤੇ ਕੌਕੂਨਾਂ ਦੇ ਬੀਜ ਖਰੀਦਣ ਦੀ ਲੋੜ ਹੁੰਦੀ ਹੈ, ਇਸ ਲਈ ਅਜਿਹੇ ਨਿੱਜੀ ਬੀਜ ਉਤਪਾਦਕਾਂ ਨੂੰ ਜੋ ਰਵਾਇਤੀ ਬਹੁ ਨਸਲੀ ਰੇਸ਼ਮ ਦੇ ਕੀੜਿਆਂ ਤੋਂ ਬਦਲੇਵਾਂ ਕਰਕੇ ਸੁਧਰੀ ਕਿਸਮ ਦੇ ਕੀੜਿਆਂ ਨੂੰ ਅਪਣਾਉਣ ਲਈ ਤਿਆਰ ਹੋਣ, ਲੋੜੀਂਦੀ ਮਾਲੀ ਸਹਾਇਤਾ ਅਤੇ ਤਕਨੀਕੀ ਮਾਹਰ ਦੇਣੇ ਹੋਣਗੇ। ਅਸਲ ਵਿੱਚ ਰੇਸ਼ਮ ਦੇ ਕੀੜਿਆਂ ਦੇ ਬੀਜ ਉਤਪਾਦਨ ਵਿੱਚ ''ਜ਼ੀਰੋ ਖਰਾਬੀ ਜ਼ੀਰੋ ਅਸਰ" ਪਹੁੰਚ ਹੀ, ਸਾਡੇ ਦੇਸ਼ ਨੂੰ ਨਵੇਂ ਸਿਖਰਾਂ ਉਤੇ ਲੈ ਜਾ ਸਕਦੀ ਹੈ।

### 4. ਥੱਲੇ ਜਾ ਰਿਹਾ ਪਾਣੀ ਦਾ ਪੱਧਰ

ਭਾਰਤ ਵਿੱਚ ਰੇਸ਼ਮ ਉਤਪਾਦਨ ਉਨ੍ਹਾਂ ਚੁਣੇ ਹੋਏ ਖੇਤਰਾਂ ਵਿੱਚ ਹੀ ਕੀਤਾ ਜਾਂਦਾ ਹੈ ਜੋ ਵਧੇਰੇ ਕਰਕੇ ਮੀਂਹ ਉਪਰ ਨਿਰਭਰ ਹਨ। ਸਿੰਜਾਈ ਲਈ ਪਾਣੀ ਇਕ ਵੱਡੀ ਚਿੰਤਾ ਦਾ ਵਿਸ਼ਾ ਹੈ ਅਤੇ ਥੱਲੇ ਜਾ ਰਿਹਾ ਪਾਣੀ ਦਾ ਪੱਧਰ ਇਕ ਵੱਡਾ ਖ਼ਤਰਾ ਬਣਿਆ ਹੋਇਆ ਹੈ। ਇਸ ਸਮੱਸਿਆ ਉਪਰ ਕਾਬੂ ਪਾਉਣ ਲਈ ਮੀਂਹ ਦੇ ਪਾਣੀ ਨੂੰ ਸੰਜੋਅ ਕੇ ਰੱਖਣ ਅਤੇ ਪਾਣੀ ਦੀ ਸੰਭਾਲ ਉਪਰ ਜ਼ੋਰ ਦਿੱਤਾ ਜਾਂਦਾ ਹੈ ਅਤੇ ਧਰਤੀ ਥੱਲੇ ਦੇ ਪਾਣੀ ਦੇ ਸਰੋਤਾਂ ਦੀ ਅੰਨ੍ਹੇਵਾਹ ਵਰਤੋਂ ਰੋਕਣ ਲਈ ਡਰਿੱਪ ਸਿੰਜਾਈ ਨੂੰ ਲਾਜ਼ਮੀ ਕਰ ਦੇਣਾ ਚਾਹੀਦਾ ਹੈ। ਕਿਸਾਨਾਂ ਤੱਕ ਤਕਨਾਲੋਜੀ, ਅਸਾਨ ਅਤੇ ਅਪਣਾ ਲੈਣ ਵਾਲੇ ਤਰੀਕੇ ਪਹੁੰਚਾਉਣੇ ਚਾਹੀਦੇ ਹਨ ਅਤੇ ਪਾਣੀ ਤੋਂ ਵੱਧ ਤੋਂ ਵੱਧ ਲਾਭ ਉਠਾ ਕੇ ਰੇਸ਼ਮ ਉਤਪਾਦਨ ਨੂੰ ਉਤਸ਼ਾਹਿਤ ਕਰਨ ਲਈ ਹਰ ਇਕ ਤੁਪਕੇ ਤੋਂ ਵਧੇਰੇ ਫ਼ਸਲ ਦੀ ਪਹੁੰਚ ਅਪਣਾਉਣੀ ਚਾਹੀਦੀ ਹੈ।

### 5. ਪਰਿਵਰਤਨ ਕਾਰਜ

ਉੱਤਮ ਕਿਸਮ ਦੇ ਵਪਾਰਕ ਕੌਕੂਨਾਂ ਦਾ ਉਤਪਾਦਨ ਅਤੇ ਰੀਲ ਬਣਾਉਣ ਦੀ ਆਧੁਨਿਕ ਤਕਨਾਲੋਜੀ ਅਪਣਾਉਣ ਸਮੇਤ ਵਧੀਆ ਕਿਮਸ ਦੀ ਮਸ਼ੀਨਰੀ ਦੀ ਵਰਤੋਂ ਹੀ ਦੇਸ਼ ਵਿੱਚ ਅੰਤਰਰਾਸ਼ਟਰੀ ਮੁਕਾਬਲੇ ਦਾ ਕੱਚਾ ਰੇਸ਼ਮ ਉਤਪਾਦਨ ਕਰਨਾ ਨਿਸ਼ਚਿਤ ਕਰ ਸਕਦੀ ਹੈ।

ਗ੍ਰੇਡਿੰਗ ਹੋ ਸਕਣ ਵਾਲੇ ਰੇਸ਼ਮ ਦੀਆਂ ਰੀਲਾਂ ਬਣਾਉਣ ਲਈ, ਰੀਲ ਬਣਾਉਣ ਦੀ ਤਕਨਾਲੋਜੀ ਅਤੇ ਮਸ਼ੀਨਾਂ ਵਿੱਚ ਨਾਲ-ਨਾਲ ਸੁਧਾਰ ਅੱਜ ਦੀ ਲੋੜ ਹੈ। ਪਰ ਕੇਂਦਰੀ ਰੇਸ਼ਮ ਬੋਰਡ ਨੇ ਪਹਿਲਾਂ ਹੀ ਘਰੇਲੂ ਸਵੈਚਾਲਤ ਰੀਲ ਮਸ਼ੀਨ ਤਿਆਰ ਕਰ ਲਈ ਹੈ ਜਿਸ ਨਾਲ ਸ਼ਹਿਤੂਤ ਦੇ ਕੀੜਿਆਂ ਦੇ ਕੌਕੂਨਾਂ ਤੋਂ ਰੇਸ਼ਮ ਤਿਆਰ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ 'ਮੇਕ ਇਨ ਇੰਡੀਆ' ਨੂੰ ਵੀ ਹੁੰਗਾਰਾ ਮਿਲਦਾ ਹੈ। ਇਸ ਨੂੰ ਬਹੁਤ ਤੇਜ਼ੀ ਨਾਲ ਹਰ ਕਿਸੇ ਕੋਲ ਪਹੁੰਚਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਵੰਨਿਆ ਰੇਸ਼ਮ ਲਈ ਕਤਾਈ ਦੀਆਂ ਮਸ਼ੀਨਾਂ ਦੇ ਆਧੁਨਿਕੀਕਰਨ ਦੀ ਵੀ ਲੋੜ ਹੈ।

### 6. ਉਤਪੱਤੀਮੂਲਕ ਅਧਾਰ ਅਤੇ ਵਧੇਰੇ ਉਪਜ ਦੇਣ ਵਾਲੀਆਂ ਨਸਲਾਂ ਦੇ ਵਿਕਾਸ ਵਿੱਚ ਸੁਧਾਰ

ਕਿਉਂਕਿ ਭਾਰਤ ਵਿੱਚ ਸੌੜਾ ਉਤਪਤੀਮੂਲਕ ਅਧਾਰ ਹੈ ਜੋ ਉੱਚ ਪੈਦਾਵਾਰ ਦੇਣ ਵਾਲੀਆਂ ਅਤੇ ਬਿਮਾਰੀਆਂ ਦਾ ਟਾਕਰਾ ਕਰਨ ਵਾਲੀਆਂ ਨਸਲਾਂ ਲਈ ਲੋੜੀਂਦਾ ਹੁੰਦਾ ਹੈ, ਜੋ ਤਪਤਖੰਡੀ ਹਾਲਤਾਂ ਵਿੱਚ ਦੇਰ ਤੱਕ ਜਿੰਦਾ ਰਹਿ ਸਕਣ, ਇਸ ਲਈ ਇਸ ਦਾ ਸਹੀ ਰਸਤਾ ਅੰਤਰਰਾਸ਼ਟਰੀ ਸਹਿਯੋਗ ਨਾਲ ਉਤਪਤੀਮੂਲਕ ਸਰੋਤਾਂ ਦੀ ਅਦਲਾ-ਬਦਲੀ ਅਤੇ ਮਜ਼ਬੂਤ ਕਿਸਮ ਦੀਆਂ ਨਸਲਾਂ ਦਾ ਵਿਕਾਸ ਹੀ ਹੈ। ਅਸਲ ਵਿੱਚ ਕੇਂਦਰੀ ਰੇਸ਼ਮ ਬੋਰਡ ਨੇ ਐੱਨ ਆਈ ਏ ਐੱਸ ਸੁਕੂਬਾ, ਜਪਾਨ, ਬੁਲਗਾਰੀਆ, ਉਜ਼ਬੇਕਿਸਤਾਨ, ਰੁਮਾਨੀਆ ਅਤੇ ਚੀਨ ਨਾਲ ਪਹਿਲਾਂ ਹੀ ਅਜਿਹੇ ਸਹਿਯੋਗ ਪ੍ਰਾਜੈਕਟ ਸ਼ੁਰੂ ਕਰ ਦਿੱਤੇ ਹਨ।

### 7. ਵਿਸ਼ਵੀ ਬ੍ਰਾਂਡ ਦੀ ਪਛਾਣ

ਭਾਵੇਂ ਭਾਰਤ ਦੁਨੀਆਂ ਵਿੱਚ ਰੇਸ਼ਮ ਦਾ ਦੂਸਰਾ ਸਭ ਤੋਂ ਵੱਡਾ ਉਤਪਾਦਕ ਹੈ ਪਰ ਹਾਲੇ ਤੱਕ ਇਸ ਨੂੰ ਅੰਤਰਰਾਸ਼ਟਰੀ ਰੇਸ਼ਮ ਵਪਾਰ ਅਤੇ ਵਿਸ਼ਵ ਮਾਨਤਾ ਵਿੱਚ ਸਿਖਰ ਦਾ ਦਰਜਾ ਇਸ ਦੇ ਬ੍ਰਾਂਡ ਅਕਸ ਦੀ ਘਾਟ ਕਾਰਨ ਹੀ ਮਿਲ ਸਕਿਆ ਜੋ ਚੀਨ ਅਤੇ ਥਾਈਲੈਂਡ ਨੂੰ ਉਨ੍ਹਾਂ ਦੇ ਰੇਸ਼ਮ ਲਈ ਮਿਲਿਆ ਹੋਇਆ ਹੈ। ਭਾਰਤ ਦੇ ਰੇਸ਼ਮ ਦਾ ਦੁਨੀਆਂ ਦੀਆਂ ਨਜ਼ਰਾਂ ਵਿੱਚ ਅਕਸ ਸੁਧਾਰ ਇਕ ਉਤਪਤੀਮੂਲਕ ਰੇਸ਼ਮ ਲਹਿਰ ਨੂੰ ਉਤਸ਼ਾਹ ਦੇਣਾ ਹੀ ਹੱਲ ਹੋ ਸਕਦਾ ਹੈ।

ਬ੍ਰਾਂਡ ਨੂੰ ਮਸ਼ਹੂਰ ਕਰਨ ਦੇ ਕਾਰਜ ਵਿੱਚ ਭਾਰਤ ਵਿੱਚ ਵਿਵਸਾਇਕ ਤਰੀਕੇ ਦੇ ਵਿਸ਼ੇਸ਼ ਅੰਤਰਰਾਸ਼ਟਰੀ ਰੇਸ਼ਮ ਵਪਾਰ ਮੇਲੇ ਲਗਾਉਣਾ, ਭਾਰਤੀ ਨਿਰਯਾਤਕਾਂ ਦੀ ਅੰਤਰਰਾਸ਼ਟਰੀ ਮੇਲਿਆਂ ਵਿੱਚ ਸ਼ਮੂਲੀਅਤ, ਨਵੇਂ ਫੈਸ਼ਨ ਨਾਲ ਮੇਲ ਖਾਣ ਵਾਲੇ ਵਿਸ਼ੇਸ਼ ਭਾਰਤੀ ਸਾਮਾਨ ਤਿਆਰ ਕਰਨਾ ਅਤੇ ਮੀਡੀਆ ਮੁਹਿੰਮ ਆਦਿ ਦਾ ਇੰਤਜ਼ਾਮ ਕਰਨਾ ਸ਼ਾਮਲ ਹੋਣੇ ਚਾਹੀਦੇ ਹਨ।

### 8. ਵੰਨਿਆ ਰੇਸ਼ਮ ਉਪਰ ਜ਼ੋਰ

ਵੰਨਿਆ ਰੇਸ਼ਮ ਉਤਪਾਦਨ, ਦੇਸ਼ ਵਿੱਚ ਪੈਦਾ ਹੋਣ ਵਾਲੇ ਕੁੱਲ ਕੱਚੇ ਰੇਸ਼ਮ ਦਾ 25 ਪ੍ਰਤਿਸ਼ਤ ਤੋਂ ਵੀ ਘੱਟ ਭਾਗ ਹੈ। ਇਹ ਵਧੇਰੇ ਕਰਕੇ ਵੰਨਿਆ ਰੇਸ਼ਮ ਦੇ ਪੌਦਿਆਂ ਅਧੀਨ ਸੀਮਤ ਰਕਬੇ, ਇਨ੍ਹਾਂ ਪੌਦਿਆਂ ਵਲੋਂ ਫ਼ਸਲ ਦੇਣ ਵਿੱਚ ਬਹੁਤ ਸਮਾਂ ਲੈਣ ਅਤੇ ਰੇਸ਼ਮ ਦੇ ਕੀੜਿਆਂ ਦੇ ਬੀਜ ਉਤਪਾਦਨ ਵਿੱਚ ਮੰਗ ਅਤੇ ਸਪਲਾਈ ਵਿੱਚ ਘਾਟ ਕਾਰਨ ਹੈ।

ਵਧੇਰੇ ਉਪਜਾਇਕਤਾ ਅਤੇ ਕੌਕੂਨ ਦੀ ਉੱਤਮਤਾ ਯਕੀਨੀ ਬਣਾਉਣ ਲਈ, ਇਸ ਦੀ ਕੁਦਰਤੀ ਬਨਸਪਤੀ ਦੀ ਸਾਂਭ-ਸੰਭਾਲ ਅਤੇ ਜੰਗਲਾਂ, ਸਰਕਾਰੀ ਅਤੇ ਨਿੱਜੀ ਭੂਮੀ ਵਿੱਚ ਵੰਨਿਆ ਪੌਦਿਆਂ ਦੀ ਬਲਾਕ ਖੇਤੀਬਾੜੀ ਕਰਨ ਦੀ ਲੋੜ ਹੈ। ਵੰਨਿਆ ਰੇਸ਼ਮ ਉਤਪਾਦਨ ਵਿੱਚ ਪੌਦਿਆਂ ਵਲੋਂ ਫ਼ਸਲ ਦੇਣ ਵਿੱਚ ਲੈਣ ਵਾਲੀ ਵੱਡੀ ਸਮਾਂ ਮਿਆਦ ਘਟਾਉਣ ਲਈ ਉੱਚੀਆਂ ਜੜ੍ਹਾਂ ਦੀ

ਪਛਾਣ, ਛੇਤੀ ਪੁੰਗਰਨਾ ਅਤੇ ਤੇਜ਼ੀ ਨਾਲ ਵਿਕਸਤ ਹੋਣ ਵਾਲੀਆਂ ਉਤਪਤੀਮੂਲਕ ਕਿਸਮਾਂ, ਸਜੀਵ ਅਤੇ ਗ਼ੈਰ ਸਜੀਵ ਦਬਾਅ ਝੱਲਣ ਵਾਲੇ ਬੋਂਗਨੇ ਅਤੇ ਝਾੜੀਆਂ ਜਿਹੇ ਉਤਪਤੀਮੂਲਕ ਪੌਦਿਆਂ ਦਾ ਵਿਕਾਸ ਜਿਨ੍ਹਾਂ ਨੂੰ ਵੱਧ ਤੋਂ ਵੱਧ ਪੱਤੇ ਲੱਗਣ ਅਤੇ ਇਕ ਪੈਕੇਜ ਦੇ ਪ੍ਰਚਲਨ ਨਾਲ ਵੰਨਿਆ ਰੇਸ਼ਮ ਉਤਪਾਦਨ ਵਧਾਉਣ ਵਿੱਚ ਮਦਦ ਮਿਲ ਸਕਦੀ ਹੈ। ਰੇਸ਼ਮ ਦੇ ਕੀੜਿਆਂ ਦੇ ਬੀਜਾਂ ਦੀ ਉਤਪਾਦਨ ਪ੍ਰਣਾਲੀ ਅਤੇ ਵੰਨਿਆ ਬੀਜਾਂ ਉਪਰ ਸ਼ਹਿਤੂਤ ਦੇ ਕੀੜਿਆਂ ਜਿਹੀ ਖੋਜ ਕਰਨ ਨਾਲ ਘੱਟ ਅਤੇ ਸਮੇਂ ਸਿਰ ਸਪਲਾਈ ਦੀ ਸਮੱਸਿਆ ਦਾ ਹੱਲ ਹੋ ਸਕਦਾ ਹੈ।

### 9. ਰੇਸ਼ਮ ਉਤਪਾਦਨ ਦਾ ਨਿਗਮੀਕਰਨ

ਭਾਰਤੀ ਰੇਸ਼ਮ ਉਤਪਾਦਨ ਛੋਟੇ, ਹਾਸ਼ੀਏ ਦੇ ਕਿਸਾਨਾਂ ਅਤੇ ਛੋਟੇ ਰੀਲ ਬਣਾਉਣ ਵਾਲਿਆਂ ਦੇ ਹੱਥਾਂ ਵਿੱਚ ਹੈ। ਇਸ ਦੇ ਮੁਕਾਬਲੇ ਚੀਨ ਵਿੱਚ ਇਹ ਛੋਟੇ ਉਤਪਾਦਕਾਂ ਪਰ ਵੱਡੇ ਪਰਿਵਰਤਕਾਂ ਕੋਲ ਹੈ। ਭਾਵੇਂ ਅਸੀਂ ਛੋਟੇ ਅਤੇ ਹਾਸ਼ੀਏ ਦੇ ਕਿਸਾਨਾਂ ਦੀ ਮਦਦ ਜਾਰੀ ਰੱਖੇ ਹੋਏ ਹਾਂ ਪਰ ਅਸੀਂ ਹਮੇਸ਼ਾ ਮਸ਼ੀਨਾਂ ਅਤੇ ਢੁਕਵੇਂ ਮਦਦਗਾਰ ਢਾਂਚੇ ਦੀ ਸਹਾਇਤਾ ਨਾਲ ਵੱਡੇ ਪੈਮਾਨੇ ਉਤੇ ਇਸ ਦਾ ਉਤਪਾਦਨ ਕਰ ਸਕਦੇ ਹਾਂ। ਇਸ ਤੋਂ ਇਲਾਵਾ ਵੱਡੀ ਪੱਧਰ ਦੇ ਪਰਿਵਰਤਕਾਂ ਨੂੰ ਵੀ ਰੇਸ਼ਮ ਉਤਪਾਦਨ ਨੂੰ ਇਕ ਵਧਣ ਫੁੱਲਣ ਯੋਗ ਵਪਾਰਕ ਉੱਦਮ ਦੇ ਤੌਰ ਤੇ ਨਿਗਮੀਕਰਨ ਦੀ ਦਿਸ਼ਾ ਵੱਲ ਉਤਸ਼ਾਹਤ ਕਰ ਸਕਦੇ ਹਾਂ।

### 10. ਜਨ ਅੰਕਕੀ ਲਾਭਾਂਸ਼ ਅਤੇ ਨਵੀਆਂ ਉਮੀਦਾਂ

ਭਾਰਤ ਦੁਨੀਆਂ ਵਿੱਚ ਇਕੱਲਾ ਅਜਿਹਾ ਦੇਸ਼ ਹੈ ਜਿਥੇ ਹੋਰ ਦੇਸ਼ਾਂ ਦੇ ਮੁਕਾਬਲੇ 60 ਪ੍ਰਤਿਸ਼ਤ ਤੋਂ ਵੱਧ ਆਬਾਦੀ ਨੌਜਵਾਨ ਹੈ (35 ਸਾਲ ਤੋਂ ਘੱਟ) ਜੋ ਇਸ ਉਦਯੋਗ ਲਈ ਇਕ ਵਧੇਰੇ ਫਾਇਦੇਮੰਦ ਸਾਬਤ ਹੋਵੇਗਾ। ਇਸ ਉਦਯੋਗ ਵਿੱਚ ਔਰਤ ਦੀ ਭੂਮਿਕਾ ਵੀ ਵਧੇਰੇ ਨਜ਼ਰ ਆਉਣ ਲੱਗੀ ਹੈ ਅਤੇ ਇਸ ਦੇ ਸਿੱਟੇ ਵਜੋਂ ਉਨ੍ਹਾਂ ਦੇ ਆਰਥਿਕ ਸਸ਼ਕਤੀਕਰਨ ਨੇ ਗਤੀ ਫੜ ਲਈ ਹੈ ਅਤੇ ਉਸ ਦਾ ਨਤੀਜਾ ਹੈ 'ਸਬ ਕਾ ਸਾਥ, ਸਬ ਕਾ ਵਿਕਾਸ'।

### 11. ਬਹੁਤ ਘੱਟ ਉਧਾਰ ਪੂੰਜੀ ਮਿਲਣਾ

ਲੋੜਵੰਦ ਕਿਸਾਨਾਂ, ਰੀਲ ਬਣਾਉਣ ਵਾਲਿਆਂ, ਬੁਣਕਰਾਂ ਆਦਿ ਨੂੰ ਢੁਕਵਾਂ ਸੰਸਥਾਗਤ ਕਰਜ਼ਾ, ਉਨ੍ਹਾਂ ਦੀ ਉਪਜਾਇਕਤਾ ਅਤੇ ਯੋਗਤਾ ਵਿੱਚ ਸੁਧਾਰ ਲਿਆਉਣ ਵਿੱਚ ਸਹਾਈ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਸ਼ੁੱਧ ਆਮਦਨ ਵਿੱਚ ਵਾਧਾ ਹੋ ਸਕਦਾ ਹੈ।

ਰੇਸ਼ਮ ਉਤਪਾਦਨ ਅਤੇ ਰੀਲ ਬਣਾਉਣ ਦੇ ਖੇਤਰ ਨੂੰ ਖੇਤੀਬਾੜੀ ਅਤੇ ਉਸ ਨਾਲ ਸੰਬੰਧਿਤ ਗਤੀਵਿਧੀਆਂ ਦੀ ਸ਼੍ਰੇਣੀ ਵਿੱਚ ਲਿਆਉਣ ਨਾਲ ਇਹ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਸ਼੍ਰੇਣੀ ਵਿੱਚ ਆਉਣ ਦੀਆਂ ਸ਼ਰਤਾਂ ਦੀ ਪੂਰਤੀ ਕਰੇਗਾ ਅਤੇ ਪਹਿਲ ਦੇ ਅਧਾਰ ਉਤੇ ਕਰਜ਼ਾ ਮਿਲਣ ਦਾ ਹੱਕਦਾਰ ਹੋ ਜਾਵੇਗਾ। ਕੇਂਦਰੀ ਰੇਸ਼ਮ ਬੋਰਡ ਦੀ ਸੰਸਥਾਗਤ ਕਰਜ਼ਾ ਦਿਲਵਾਉਣ ਦੀ ਸਾਂਝੇ ਦੇਣਦਾਰੀ ਗਰੁੱਪ ਦੇ ਤੌਰ ਤੇ ਪਹਿਲ ਅਤੇ ਸਮਾਜ ਅਧਾਰਤ ਸੰਸਥਾਨਾਂ ਨੂੰ ਮਦਦ ਨੇ ਕੁੱਝ ਹੱਦ ਤੱਕ ਵਧੇਰੇ ਕਰਜ਼ਾ ਮਿਲਣ ਵਿੱਚ ਸਹਾਇਤਾ ਕੀਤੀ ਹੈ। ਭਵਿੱਖ ਦੀਆਂ ਪਹਿਲਾਂ ਵਿੱਚ ਸ਼ਾਮਲ ਹੋਵੇਗਾ ਗ਼ੈਰ ਖੇਤੀਬਾੜੀ ਖੇਤਰ ਵਿੱਚ ਵਧੇਰੇ ਕਰਜ਼ੇ ਦੇਣ ਲਈ ਬੈਂਕਰਾਂ ਨੂੰ ਸੰਵੇਦਨਸ਼ੀਲ ਬਣਾਉਣਾ, ਇਸ ਖੇਤਰ ਦੀਆਂ ਵਿੱਤੀ ਲੋੜਾਂ ਨੂੰ ਸਹੀ ਤਰੀਕੇ ਸਮਝਣ ਲਈ ਨਬਾਰਡ ਨਾਲ ਮਿਲ ਕੇ ਰੀਲਾਂ ਤਿਆਰ ਕਰਨ ਵਾਲਿਆਂ ਦੀਆਂ ਬਸਤੀਆਂ ਵਿੱਚ ਜਾਗਰੂਕਤਾ ਪ੍ਰੋਗਰਾਮ ਚਲਾਉਣਾ, ਰੇਸ਼ਮ ਉਤਪਾਦਨ ਲਈ ਵਧੇਰੇ ਕਰਜ਼ੇ ਪੂਰਤੀ ਲਈ ਨਬਾਰਡ ਅਤੇ ਹੋਰ ਵਿੱਤੀ ਸੰਸਥਾਨਾਂ ਵਿੱਚ ਕਰਜ਼ਾ ਜ਼ਾਮਨੀ ਫੰਡ ਸਥਾਪਤ ਕਰਨ ਲਈ ਨੀਤੀਗਤ ਦਖਲਅੰਦਾਜ਼ੀ ਅਤੇ ਫੰਡਾਂ ਦੀ ਵਸੂਲੀ ਅਤੇ ਉਨ੍ਹਾਂ ਦੇ ਮੁੜ ਤੋਂ ਨਿਵੇਸ਼ ਲਈ ਲਾਭਪਾਤਰਾਂ, ਵਿਕਾਸ ਏਜੰਸੀਆਂ ਅਤੇ ਬੈਂਕਾਂ/ਵਿੱਤੀ ਸੰਸਥਾਨਾ ਵਿਚਕਾਰ ਇਕ ਮਜ਼ਬੂਤ ਜੋੜਮੇਲ ਤਿਆਰ ਕਰਕੇ ਰੇਸ਼ਮ ਉਤਪਾਦਨ ਦੇ ਕਰਜ਼ਿਆਂ ਦੀ ਵਸੂਲੀ ਲਈ ਤਿੰਨ-ਪੱਖੀ ਮਾਰਕੀਟ ਬੰਧਨ ਉਪਰ ਪੁਨਰ ਵਿਚਾਰ ਜਾਂ ਸੋਧ।

### 12. ਰੇਸ਼ਮ ਉਤਪਾਦਨ ਵਿਕਾਸ ਵਿੱਚ ਸੂਚਨਾ ਤਕਨਾਲੋਜੀ ਅਤੇ ਰੀਮੋਟ ਸੈਂਸਿੰਗ ਲਾਗੂਕਰਨ

ਦੇਸ਼ ਦੇ ਚੋਣਵੇਂ ਰਾਜਾਂ ਵਿੱਚ ਰੇਸ਼ਮ ਉਤਪਾਦਨ ਵਿਕਾਸ ਦੇ ਪਹਿਲਾਂ ਤੋਂ ਮੌਜੂਦ ਅਤੇ ਸੰਭਾਵਤ ਖੇਤਰਾਂ ਦੀ ਨਿਸ਼ਾਨਦੇਹੀ ਇਸਰੋ ਦੇ ਰੀਮੋਟ ਸੈਂਸਿੰਗ ਸੈਟਲਾਈਟ ਦੀਆਂ ਤਸਵੀਰਾਂ ਰਾਹੀਂ ਕੀਤੀ



ਜਾਂਦੀ ਹੈ ਅਤੇ ਗ਼ੈਰ ਰਵਾਇਤੀ ਖੇਤਰਾਂ ਵਿੱਚ ਵੀ ਸਕੀਮਾਂ ਨੂੰ ਜ਼ੋਰਦਾਰ ਤਰੀਕੇ ਨਾਲ ਲਾਗੂ ਕੀਤਾ ਜਾਂਦਾ ਹੈ। ਇਸ ਕਾਰਜ ਪ੍ਰਣਾਲੀ ਨੂੰ ਸਮੁੱਚੇ ਦੇਸ਼ ਵਿੱਚ ਸ਼ਹਿਤੂਤ ਤੋਂ ਪੈਦਾ ਹੋਣ ਵਾਲੇ ਰੇਸ਼ਮ ਅਤੇ ਗ਼ੈਰ ਮਲਬਰੀ ਖੇਤਰਾਂ ਵਿੱਚ ਵੀ ਨੀਤੀਗਤ ਪਹਿਲਾਂ ਦੇ ਤੌਰ ਤੇ ਸ਼ਾਮਲ ਕਰਨ ਦਾ ਵਿਚਾਰ ਕੀਤਾ ਜਾ ਰਿਹਾ ਹੈ। ਸੂਚਨਾ ਤਕਨਾਲੋਜੀ ਦੇ ਤਰੀਕੇ ਜਿਵੇਂ ਕਿ ਐਪ, ਨੈੱਟ, ਕਿਯੋਸਕ ਆਦਿ ਦੀ ਕਿਸਾਨਾਂ, ਰੀਲ ਬਣਾਉਣ ਵਾਲਿਆਂ, ਬੁਣਕਰਾਂ ਨੂੰ ਸਹੀ ਸੂਚਨਾ ਦੇਣ ਲਈ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਸਸ਼ਕਤੀਕਰਨ ਕਰਨਾ ਚਾਹੀਦਾ ਹੈ। ਕੇਂਦਰੀ ਰੇਸ਼ਮ ਬੋਰਡ ਵਲੋਂ ਉੱਤਰ ਪੂਰਬੀ ਪੁਲਾੜ ਪ੍ਰਯੋਗ ਕੇਂਦਰ ਨਾਲ ਮਿਲ ਕੇ 12ਵੀਂ ਯੋਜਨਾ ਵਿੱਚ ਸਿਲਕਸ ਪੋਰਟਲ (ਰੇਸ਼ਮ ਉਤਪਾਦਨ ਸੂਚਨਾ ਜੋੜਮੇਲ ਗਿਆਨ ਪ੍ਰਣਾਲੀ) ਨਾਲ ਦੇਸ਼ ਵਿੱਚ ਰੀਮੋਟ ਸੈਂਸਿੰਗ ਅਤੇ ਜੀ ਆਈ ਐੱਸ ਵਰਤੋਂ ਵਿੱਚ ਲਿਆ ਕੇ ਰੇਸ਼ਮ ਉਤਪਾਦਨ ਦੇ ਪਸਾਰ ਲਈ ਸੰਭਾਵਤ ਖੇਤਰਾਂ ਦੀ ਪਛਾਣ ਕਰਕੇ ਬਹੁਤ ਕੁੱਝ ਹਾਸਲ ਕੀਤਾ ਜਾ ਸਕੇਗਾ।

**13. ਰੇਸ਼ਮ ਉਤਪਾਦਨ ਦਾ ਮਸ਼ੀਨੀਕਰਨ**

ਰੇਸ਼ਮ ਉਤਪਾਦਨ ਵਿੱਚ, ਸ਼ਹਿਤੂਤ ਦੇ ਰੁੱਖਾਂ ਦੀ ਖੇਤੀਬਾੜੀ, ਰੇਸ਼ਮ ਦੇ ਕੀੜਿਆਂ ਦਾ ਪਾਲਣ ਪੋਸ਼ਣ, ਬੀਜਾਂ ਦਾ ਉਤਪਾਦਨ ਰੋਗਾਣੂ-ਨਾਸ਼ਕ ਅਤੇ ਕੌਕੂਨ ਇਕੱਠੇ ਕਰਨ ਲਈ ਆਧੁਨਿਕੀਕਰਨ ਦੀਆਂ ਕੋਸ਼ਿਸ਼ਾਂ ਨੇ ਨਾ ਸਿਰਫ ਉਤਪਾਦਨ ਸਮਰੱਥਾ ਵਧਾਈ ਹੈ ਸਗੋਂ ਸਮੇਂ, ਮਿਹਨਤ ਅਤੇ ਵਗਾਰ ਵਿੱਚ ਵੀ ਕਮੀ ਲਿਆਂਦੀ ਹੈ। ਇਹ ਵੱਡੀ ਪੱਧਰ ਉਤੇ ਖੇਤੀਬਾੜੀ ਕਰਨ ਲਈ ਇਕ ਵਰਦਾਨ ਸਾਬਤ ਹੋਵੇਗਾ।

**14. ਕੀਮਤਾਂ ਦਾ ਉਤਾਰ-ਚੜ੍ਹਾਅ**

ਕਿਸਾਨਾਂ ਅਤੇ ਰੀਲ ਬਣਾਉਣ ਵਾਲਿਆਂ ਨੂੰ ਉਨ੍ਹਾਂ ਦੇ ਉਤਪਾਦਨਾਂ, ਕੌਕੂਨ ਅਤੇ ਕੱਚੇ ਰੇਸ਼ਮ ਲਈ ਸਥਿਰ ਅਤੇ ਲਾਭਕਾਰੀ ਕੀਮਤਾਂ ਨਿਸ਼ਚਿਤ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਉਨ੍ਹਾਂ ਨੂੰ ਵਧੇਰੇ ਨਿਵੇਸ਼ ਅਤੇ ਘੱਟ ਖਰਚੀਲੀ ਵਿਚੋਲਗੀ ਵਾਲੇ ਉਤਪਾਦਨ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਮਾਰਕੀਟ ਸਹੂਲਤਾਂ ਅਤੇ ਕੁਸ਼ਲਤਾ ਸੁਧਾਰ ਲਈ ਹੇਠ ਦਿੱਤੀ ਮਧਿਅਸਥਤਾ ਸੁਝਾਈ ਜਾ ਰਹੀ ਹੈ :

- ਏਕੀਕ੍ਰਿਤ ਰਾਸ਼ਟਰੀ ਕੌਕੂਨ ਮੰਡੀਕਰਨ।
- ਸਰਕਾਰੀ ਮੰਡੀਆਂ ਵਿੱਚ ਈ ਬੋਲੀ ਲਗਾਉਣ ਦੀ ਸ਼ੁਰੂਆਤ।
- ਕੀਮਤ ਸਥਿਰਤਾ ਫੰਡ ਸਥਾਪਤ ਕਰਨਾ।



- ਕੌਕੂਨ ਬੈਂਕ ਸਥਾਪਤ ਕਰਨਾ।
- ਧਾਗਾ ਬੈਂਕ ਸਥਾਪਤ ਕਰਨਾ।

**15. ਜਲਵਾਯੂ ਅਨੁਸਾਰ ਲਚਕੀਲਾ ਰੇਸ਼ਮ ਉਤਪਾਦਨ**

ਜਲਵਾਯੂ ਬਦਲਾਅ ਦੇ ਯੁਗ ਵਿੱਚ ਜਲਵਾਯੂ ਅਨੁਸਾਰ ਲਚਕੀਲੇ ਰੇਸ਼ਮ ਉਤਪਾਦਨ ਲਈ ਤਕਨਾਲੋਜੀ ਵਿਕਸਤ ਕਰਨਾ ਜੋ ਉਤਪਾਦਨ ਅਤੇ ਉਪਜਾਇਕਤਾ ਵਧਾ ਸਕੇ ਬਨਾਮ ਕੁਦਰਤੀ ਅਤੇ ਮਨੁੱਖ ਰਾਹੀਂ ਵਿਕਸਤ ਸਰੋਤਾਂ ਦਾ ਲਗਾਤਾਰ ਪ੍ਰਬੰਧਨ ਰੇਸ਼ਮ ਉਤਪਾਦਨ ਬਣਾ ਕੇ ਰੱਖਣ ਦਾ ਇਕ ਅਭਿੰਨ ਅੰਗ ਹੈ। ਇਸ ਅਧੀਨ ਵਧੇਰੇ ਤਵੱਜੋ ਦੇਣ ਵਾਲੇ ਖੇਤਰ, ਸਖਤਜਾਨ ਸੁਧਰੀਆਂ ਰੇਸ਼ਮ ਉਤਪਾਦਨ ਦੇ ਕੀੜਿਆਂ ਦੀਆਂ ਨਸਲਾਂ ਅਤੇ ਉਨ੍ਹਾਂ ਦੇ ਰੁੱਖਾਂ ਦੀਆਂ ਵੱਖ-ਵੱਖ ਕਿਸਮਾਂ ਜੋ ਅਰਧ ਅਨੁਕੂਲਤਮ ਹਾਲਾਤਾਂ ਵਿੱਚ ਵੀ ਜ਼ਿੰਦਾ ਰਹਿ ਸਕਣ, ਪਛਾਣੇ ਗਏ ਹਨ।

**16. ਜ਼ਿਮਨੀ ਪੈਦਾਵਾਰ ਦੀ ਵਰਤੋਂ**

ਰੇਸ਼ਮ ਉਤਪਾਦਨ ਵਿੱਚ, ਇਸ ਦੇ ਕਈ ਜ਼ਿਮਨੀ ਉਤਪਾਦਨਾਂ ਜਿਵੇਂ ਕਿ ਰੇਸ਼ਮ ਦੇ ਕੀੜੇ ਦਾ ਪੂਪਾ, ਬੈਰੀਸਿਲ, ਰੇਸ਼ਮੀ ਕਚਰਾ, ਬੇਸਿਨ ਦੀ ਰਹਿੰਦ-ਖੂੰਹਦ ਆਦਿ ਦੀ ਢੁਕਵੀਂ ਵਰਤੋਂ ਕਰਕੇ ਵਾਧੂ ਆਮਦਨ ਪੈਦਾ ਕਰਨ ਦੀ ਬਹੁਤ ਗੁੰਜਾਇਸ਼ ਹੁੰਦੀ ਹੈ।

**17. ਗੈਰ ਕੱਪੜਾ ਖੇਤਰ ਲਈ ਰੇਸ਼ਮ**

ਰੇਸ਼ਮ ਤੋਂ ਧਾਗਾ ਅਤੇ ਕੱਪੜਾ ਬਣਾਉਣ ਦੀ ਆਮ ਵਰਤੋਂ ਤੋਂ ਇਲਾਵਾ ਰੇਸ਼ਮ ਉਤਪਾਦਨ ਦੇ ਜ਼ਿਮਨੀ ਉਤਪਾਦਨ ਨੂੰ ਵਰਤੋਂ ਵਿੱਚ ਲਿਆਉਣ ਦੇ ਕਈ ਤਰੀਕੇ ਮੌਜੂਦ ਹਨ ਜੋ ਜੇਕਰ ਸਮਝਦਾਰੀ ਨਾਲ ਵਰਤੋਂ ਵਿੱਚ ਲਿਆਂਦੇ ਜਾਣ ਤਾਂ ਰੇਸ਼ਮ ਉਤਪਾਦਨਾਂ ਨੂੰ ਕਾਫੀ ਲਾਭਕਾਰੀ ਬਣਾ ਕੇ ਰਖਿਆ ਜਾ ਸਕਦਾ ਹੈ। ਜੀਵਾਣੂ-ਮੈਡੀਕਲ ਸਾਇੰਸ ਵਿੱਚ ਹਾਲ ਦੀਆਂ ਨਵੀਨਤਮ ਖੋਜਾਂ ਨਾਲ, ਰੇਸ਼ਮ ਦੀ ਜੀਵ-ਪਦਾਰਥ ਵਰਤੋਂ ਪੈੜਾਂ ਬੰਨ੍ਹਣ, ਨਰਮ ਖਰਖਰੇ, ਫਿਲਮਾਂ, ਜੈਲ, ਨੈਨੋ ਕਿਣਕੇ ਅਤੇ ਨੈਨੋ ਰੇਸ਼ੇ ਬਣਾਉਣ ਲਈ ਕੀਤੀ ਜਾਂਦੀ ਹੈ। ਇਹ ਉੱਚ ਕੀਮਤੀ ਉਤਪਾਦਨ ਰੇਸ਼ਮ ਉਤਪਾਦਨ ਉਦਯੋਗ ਨੂੰ ਵਧੇਰੇ ਲਾਭ ਪਹੁੰਚਾ ਸਕਦੇ ਹਨ।

**ਸਿੱਟਾ**

ਰੇਸ਼ਮ ਉਤਪਾਦਨਾਂ ਦੀ ਹਮੇਸ਼ਾ ਵਧ ਰਹੀਆਂ ਵਿਸ਼ਵੀ ਅਤੇ ਘਰੇਲੂ ਮੰਡੀ ਦੀਆਂ ਸੰਭਾਵਨਾਵਾਂ, ਜਿਨ੍ਹਾਂ ਨਾਲ ਅਦੁੱਤੇ ਲੱਛਣ ਮਿਲ ਕੇ, ਜਿਵੇਂ ਕਿ ਹੇਠਲੇ ਰੁਜ਼ਗਾਰ ਮੌਕੇ ਮੁਹੱਈਆ ਕਰਨਾ, ਪੇਂਡੂ ਅਤੇ ਅਰਧ ਸ਼ਹਿਰੀ ਖੇਤਰਾਂ ਵਿੱਚ ਆਮਦਨ ਪੈਦਾ ਕਰਨਾ, ਘੱਟ ਆਮਦਨ ਅਤੇ ਸਮਾਜ ਦੇ ਸ਼ੋਸ਼ਿਤ ਵਰਗਾਂ ਦੀ ਉੱਚ ਸ਼ਮੂਲੀਅਤ, ਔਰਤਾਂ ਦੀ ਵਿਕਾਸ ਵਿੱਚ ਵਧੇਰੇ ਭੂਮਿਕਾ ਅਤੇ ਨਿਰਯਾਤ ਰਾਹੀਂ ਆਮਦਨ ਦੀ ਉੱਚ ਸੰਭਾਵਨਾ ਰੇਸ਼ਮ ਉਦਯੋਗ ਨੂੰ ਸਮਝਦਾਰੀ ਪੂਰਬਕ ਨਿਵੇਸ਼ ਅਤੇ ਦੂਰਅੰਦੇਸ਼ੀ ਵਿਕਾਸ ਯੋਜਨਾਬੰਦੀ ਰਾਹੀਂ ਵਧੇਰੇ ਪਸਾਰ ਲਈ ਮੁੱਖ ਤੌਰ ਤੇ ਲੁਭਾਉਣਾ ਖੇਤਰ ਬਣਾਉਂਦੀ ਹੈ।

*(ਲੇਖਕ ਬੀ ਐੱਸ ਅੰਗਾਡੀ ਕੇਂਦਰੀ ਰੇਸ਼ਮ ਬੋਰਡ ਬੈਂਗਲੁਰੂ ਦੇ ਸਾਬਕਾ ਨਿਰਦੇਸ਼ਕ, ਕੇ.ਕੇ. ਸ਼ੇਟੀ ਸੰਯੁਕਤ ਸਕੱਤਰ (ਤਕਨੀਕੀ) ਅਤੇ ਐੱਚ ਨਗੇਸ਼ ਪ੍ਰਭੂ ਮੈਂਬਰ ਸਕੱਤਰ ਹਨ)*

*e-mail :bsangadi@gmail.com,*

*kks.csb@nic.in, ms.csb@nic.in*

# ਸਮੂਹਾਂ ਦੀ ਪਹੁੰਚ : ਵਿਕਾਸ ਲਈ ਰਣਨੀਤੀ

ਏ.ਕੇ. ਕ੍ਰਿਸ਼ਨਾ ਕੁਮਾਰ

## ਵਿਸ਼ਵ ਕੱਪੜਾ ਵਪਾਰ ਦਾ ਦ੍ਰਿਸ਼ : ਇਕ ਪੜਚੋਲ

ਪਿਛਲੇ ਦਹਾਕੇ ਦੌਰਾਨ ਵਿਸ਼ਵ ਦੇ ਕੱਪੜਾ ਉਦਯੋਗ ਅਤੇ ਵਪਾਰ ਤੇ ਬਹੁ-ਰੇਸ਼ਾ ਪ੍ਰਬੰਧਨ (ਐੱਮ ਐੱਫ ਏ) ਨੂੰ ਖਤਮ ਕਰਨ ਦਾ ਪ੍ਰਭਾਵ ਪਿਆ ਹੈ ਜਿਸ ਤਹਿਤ ਵਿਸ਼ਵ ਵਪਾਰ ਵਿੱਚ ਹਰੇਕ ਦੇਸ਼ ਲਈ ਕੋਟਾ ਨਿਰਧਾਰਤ ਕੀਤਾ ਗਿਆ ਸੀ। ਇਸ ਨੇ ਕੱਪੜੇ ਅਤੇ ਵਸਤਰਾਂ ਦੇ ਵਪਾਰ ਵਿੱਚ ਕਾਫੀ ਵਾਧਾ ਕੀਤਾ ਹੈ ਕਿਉਂਕਿ ਘੱਟ ਉਤਪਾਦਨ ਲਾਗਤ, ਖ਼ਾਸ ਕਰਕੇ ਮਜ਼ਦੂਰਾਂ ਦੀ ਘੱਟ ਲਾਗਤ ਵਾਲੇ ਉਤਪਾਦਨ ਕੇਂਦਰਾਂ ਨੂੰ ਆਰਡਰ ਮਿਲਣੇ ਸ਼ੁਰੂ ਹੋ ਗਏ। ਵੱਡੇ ਬਰਾਂਡ ਵਾਲੀਆਂ ਕੰਪਨੀਆਂ ਨੇ ਏਸ਼ੀਆ ਵਿੱਚ ਘੱਟ ਲਾਗਤ ਵਾਲੇ ਦੇਸ਼ਾਂ ਨੂੰ ਕੰਮ ਠੇਕੇ ਉਤੇ ਦੇਣਾ ਸ਼ੁਰੂ ਕਰ ਦਿੱਤਾ।

ਇਨ੍ਹਾਂ ਘਟਨਾਵਾਂ ਦਾ ਕੱਪੜੇ ਅਤੇ ਵਸਤਰਾਂ ਦੇ ਖੇਤਰ ਵਿੱਚ ਕੰਮ ਕਰਨ ਵਾਲੀਆਂ ਵਿਸ਼ਵ ਦੀਆਂ ਵੱਡੀਆਂ ਕੰਪਨੀਆਂ ਉਤੇ ਕਾਫੀ ਅਸਰ ਪਿਆ ਹੈ। ਵਿਕਸਤ ਦੇਸ਼ਾਂ ਜਿਵੇਂ ਅਮਰੀਕਾ, ਯੂਰਪੀ ਸੰਘ ਅਤੇ ਜਾਪਾਨ ਵਰਗੇ ਦੇਸ਼ ਹੁਣ ਡਿਜ਼ਾਈਨਿੰਗ, ਬਜ਼ਾਰੀਕਰਨ ਅਤੇ ਪ੍ਰਚੂਨ ਦੀਆਂ ਉੱਚ ਮੁੱਲ ਵਾਲੇ ਪੜਾਵਾਂ ਵੱਲ ਜ਼ਿਆਦਾ ਧਿਆਨ ਕੇਂਦਰਿਤ ਕਰ ਰਹੇ ਹਨ। ਜਦ ਕਿ ਚੀਨ, ਭਾਰਤ, ਬੰਗਲਾਦੇਸ਼ ਅਤੇ ਵੀਅਤਨਾਮ ਵਰਗੇ ਵਿਕਾਸਸ਼ੀਲ ਦੇਸ਼ ਨਿਰਮਾਣ ਵੱਲ ਜ਼ਿਆਦਾ ਧਿਆਨ ਦੇ ਰਹੇ ਹਨ। 2005 ਵਿੱਚ ਕੋਟਾ ਪ੍ਰਣਾਲੀ ਖਤਮ ਹੋਣ ਨਾਲ ਕੱਪੜੇ ਅਤੇ ਵਸਤਰਾਂ ਵਿੱਚ ਵਿਸ਼ਵ ਵਪਾਰ 2004 ਦੇ 454 ਬਿਲੀਅਨ ਡਾਲਰ ਤੋਂ 6 ਪ੍ਰਤਿਸ਼ਤ ਵਧ ਕੇ 2013 ਵਿੱਚ 766 ਬਿਲੀਅਨ ਡਾਲਰ ਹੋ ਗਿਆ। ਮੌਜੂਦਾ ਸਮੇਂ ਵਿਕਾਸਸ਼ੀਲ ਦੇਸ਼ ਅਤੇ ਘੱਟ ਵਿਕਸਤ ਦੇਸ਼ ਕੱਪੜਿਆਂ ਤੇ ਵਸਤਰਾਂ ਦੇ ਵਿਸ਼ਵ ਵਪਾਰ ਵਿੱਚ ਲਗਭਗ 70 ਪ੍ਰਤਿਸ਼ਤ ਯੋਗਦਾਨ ਪਾ ਰਹੇ ਹਨ। ਕੱਪੜਿਆਂ ਦਾ ਲਗਭਗ 75 ਪ੍ਰਤਿਸ਼ਤ ਵਿਸ਼ਵ ਵਪਾਰ ਯੂਰਪ, ਅਮਰੀਕਾ, ਚੀਨ ਅਤੇ ਜਾਪਾਨ ਵਿੱਚ ਕੇਂਦਰਿਤ ਹੈ।

ਅੱਗੇ ਚਲਦਿਆਂ ਵਿਸ਼ਵ ਕੱਪੜਾ ਵਪਾਰ ਦੇ ਹਰੇਕ ਸਾਲ 6 ਪ੍ਰਤਿਸ਼ਤ ਦੀ ਦਰ ਨਾਲ ਵਧ ਕੇ 2025 ਤੱਕ 1600 ਬਿਲੀਅਨ ਅਮਰੀਕੀ ਡਾਲਰ ਹੋ ਜਾਣ ਦੀ ਆਸ ਹੈ। ਵਸਤਰਾਂ ਵਿੱਚ ਇਹ ਵਿਕਾਸ ਦਰ ਜ਼ਿਆਦਾ ਹੋਣ ਨਾਲ ਵਿਕਾਸਸ਼ੀਲ ਦੇਸ਼ਾਂ ਅਤੇ ਘੱਟ ਵਿਕਸਤ ਦੇਸ਼ਾਂ ਨੂੰ ਆਪਣਾ ਨਿਰਯਾਤ ਵਧਾਉਣ ਅਤੇ ਪ੍ਰਾਪਤੀਆਂ ਵਿੱਚ ਵਾਧਾ ਕਰਨ ਦੇ ਭਰਪੂਰ ਮੌਕੇ ਮਿਲਣਗੇ।


## ਭਾਰਤ ਵਿੱਚ ਕੱਪੜਾ ਖੇਤਰ

ਆਪਣੇ ਅਮੀਰ ਕੁਦਰਤੀ ਸਰੋਤਾਂ ਅਤੇ ਰੁਖ ਦੇ ਉਲਟ ਵਾਲੀਆਂ ਸਮਰੱਥਾਵਾਂ ਸਦਕਾ ਕੱਪੜਾ ਵਪਾਰ ਦੇ ਖੇਤਰ ਵਿੱਚ ਵੱਡੇ ਯੋਗਦਾਨ ਕਰਕੇ ਭਾਰਤ ਦਾ ਵਿਸ਼ਵ ਕੱਪੜਾ ਬਾਜ਼ਾਰ ਵਿੱਚ ਅਹਿਮ ਸਥਾਨ ਹੈ, ਜਿਵੇਂ ਕਿ ਹੇਠ ਦਿੱਤੇ ਤੱਥਾਂ ਤੋਂ ਪ੍ਰਗਟ ਹੋ ਜਾਂਦਾ ਹੈ :

- ਰੇਸ਼ਮ ਅਤੇ ਸੂਤ ਦਾ ਦੂਜਾ ਸਭ ਤੋਂ ਵੱਡਾ ਉਤਪਾਦਕ।
- ਦੁਨੀਆਂ ਵਿੱਚ ਦੂਜਾ ਸਭ ਤੋਂ ਵੱਡਾ ਕੱਪੜਾ ਨਿਰਮਾਤਾ।
- ਵਿਸ਼ਵ ਬਜ਼ਾਰ ਦੀਆਂ ਸਭ ਤੋਂ ਵੱਧ 63 ਪ੍ਰਤਿਸ਼ਤ ਖੱਡੀਆਂ ਭਾਰਤ ਵਿੱਚ ਹਨ।
- ਦੁਨੀਆਂ ਦੇ 24 ਪ੍ਰਤਿਸ਼ਤ ਤੱਕਲੇ ਅਤੇ 8 ਪ੍ਰਤਿਸ਼ਤ ਚਰਖੜੀਆਂ ਭਾਰਤ ਵਿੱਚ ਹਨ।
- ਲਾਗਤ ਪ੍ਰਭਾਵੀ ਹੁਨਰਮੰਦ ਮਨੁੱਖੀ ਸ਼ਕਤੀ ਅਤੇ ਸਰਕਾਰ ਦੁਆਰਾ ਕੱਪੜੇ ਦੇ ਖੇਤਰ ਵਿੱਚ ਛੋਟੇ ਤੇ ਦਰਮਿਆਨੇ ਉੱਦਮਾਂ ਲਈ ਤੁਲਨਾਤਮਕ ਲਾਭ।

ਘਰੇਲੂ ਕੱਪੜਾ ਤੇ ਵਸਤਰ ਉਦਯੋਗ ਦੇ ਵਿੱਤੀ ਸਾਲ 2014 ਵਿੱਚ 99 ਬਿਲੀਅਨ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਲਾਇਆ ਗਿਆ ਹੈ ਜੋ ਵਿੱਤੀ ਸਾਲ 2023 ਵਿੱਚ ਵਧ ਕੇ 223

ਚਿੱਤਰ-1: ਕੱਪੜਾ ਉਦਯੋਗ ਦਾ ਵਿਸ਼ਵ ਨਿਰਯਾਤ ਵਿੱਚ ਹਿੱਸਾ



ਬਿਲੀਅਨ ਅਮਰੀਕੀ ਡਾਲਰ ਹੋ ਜਾਵੇਗਾ। ਕੱਪੜੇ ਅਤੇ ਵਸਤਰਾਂ ਦਾ ਨਿਰਯਾਤ ਵਿੱਤੀ ਸਾਲ 2014 ਦੇ 40 ਬਿਲੀਅਨ ਅਮਰੀਕੀ ਡਾਲਰ ਤੋਂ ਵਧ ਕੇ 2023 ਦੇ ਵਿੱਤੀ ਸਾਲ ਤੱਕ 220 ਬਿਲੀਅਨ ਅਮਰੀਕੀ ਡਾਲਰ ਹੋਣ ਦੀ ਆਸ ਹੈ। ਵਸਤਰਾਂ ਦਾ ਨਿਰਯਾਤ ਭਾਰਤ ਦੇ ਕੁੱਲ ਕੱਪੜਾ ਨਿਰਯਾਤ ਦਾ ਲਗਭਗ 40 ਪ੍ਰਤਿਸ਼ਤ ਬਣਦਾ ਹੈ।


ਭਾਰਤ ਦੀ ਆਰਥਿਕਤਾ ਵਿੱਚ ਕੱਪੜਾ ਉਦਯੋਗ ਦੀ ਪ੍ਰਸੰਗਿਕਤਾ ਇਸ ਵਲੋਂ ਹੇਠ ਲਿਖੇ ਖੇਤਰਾਂ 'ਚ ਯੋਗਦਾਨ ਪਾਉਣ ਨਾਲ ਵਧਦੀ ਹੈ :

- ਦੇਸ਼ ਦੀ ਕੁੱਲ ਨਿਰਯਾਤ ਕਮਾਈ ਦਾ 13 ਪ੍ਰਤਿਸ਼ਤ।
- ਕੁੱਲ ਉਦਯੋਗਿਕ ਉਤਪਾਦਨ ਦਾ 14 ਪ੍ਰਤਿਸ਼ਤ।
- ਰੋਜ਼ਗਾਰ; ਖੇਤੀਬਾੜੀ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਰੋਜ਼ਗਾਰ ਦਾਤਾ ਜੋ 45 ਮਿਲੀਅਨ ਲੋਕਾਂ ਨੂੰ ਸਿੱਧਾ ਰੋਜ਼ਗਾਰ ਪ੍ਰਦਾਨ ਕਰਦਾ ਹੈ; ਅਤੇ
- ਦੇਸ਼ ਦੇ ਕੁੱਲ ਘਰੇਲੂ ਉਤਪਾਦ ਦਾ 4 ਪ੍ਰਤਿਸ਼ਤ।

ਕੁਦਰਤੀ ਰੇਸ਼ਿਆਂ ਜਿਵੇਂ ਕਪਾਹ, ਪਟਸਨ, ਰੇਸ਼ਮ ਅਤੇ ਉੱਨ ਤੋਂ ਸਿੰਥੈਟਿਕ/ਆਦਮੀ ਵਲੋਂ ਬਣਾਏ ਰੇਸ਼ੇ ਜਿਵੇਂ ਪੋਲਿਸਟਰ, ਵਿਸਕੋਸ, ਨਾਈਲੋਨ ਅਤੇ ਐਕਰਿਲਕ, ਘੱਟ ਲਾਗਤ ਵਾਲੀ ਕਾਮਾ ਸ਼ਕਤੀ, ਉਤਪਾਦਨ ਦੀ ਘੱਟ ਲਾਗਤ ਅਤੇ ਅਨੁਕੂਲ ਸਰਕਾਰੀ ਨੀਤੀਆਂ ਦੇ ਚਲਦਿਆਂ ਭਾਰਤ ਕੋਲ ਵੱਖ-ਵੱਖ ਤਰ੍ਹਾਂ ਦੇ ਰੇਸ਼ੇ/ਧਾਗੇ ਦੇ ਉਤਪਾਦਨ ਦੇ ਇਕ ਮਜਬੂਤ ਅਧਾਰ ਦਾ ਲਾਭ ਹੈ। ਕੱਪੜਿਆਂ ਵਿੱਚੋਂ ਵਸਤਰ ਖੇਤਰ ਸਭ ਤੋਂ ਵੱਧ ਮੁੱਲਵਾਨ ਹੈ ਅਤੇ ਇਹ ਰੋਜ਼ਗਾਰ ਵਿੱਚ ਵੀ ਸਭ ਤੋਂ ਵੱਡਾ ਹਿੱਸਾ ਪਾਉਂਦਾ ਹੈ। ਵਸਤਰ ਖੇਤਰ ਔਰਤਾਂ ਦੇ ਰੋਜ਼ਗਾਰ ਲਈ ਵੀ ਸਭ ਤੋਂ ਢੁੱਕਵਾਂ ਹੈ ਜੋ ਸਮਾਜਕ ਗਤੀ-ਵਿਗਿਆਨ ਨੂੰ ਸੁਧਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਹੱਥ ਖੱਡੀਆਂ, ਹੱਥ ਨਾਲ ਬਣੇ ਛਪੇ ਹੋਏ ਕੱਪੜੇ, ਰੇਸ਼ਮ ਦੀ ਬੁਣਾਈ, ਸਾੜ੍ਹੀਆਂ ਆਦਿ ਜਿਹੇ ਮਜਬੂਤ ਅਤੇ ਛੋਟੇ ਖੇਤਰ ਇਸ ਉਦਯੋਗ ਦੀ ਖ਼ਾਸ ਵਿਸ਼ੇਸ਼ਤਾ ਹਨ ਜੋ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਸਮੂਹਾਂ ਦੇ ਰੂਪ ਵਿੱਚ ਕੰਮ ਕਰ ਰਹੇ ਹਨ।

ਭਾਰਤੀ ਕੱਪੜਾ ਉਦਯੋਗ ਦੇ ਢਾਂਚੇ ਵਿੱਚ ਦਰਮਿਆਨੀਆਂ ਤੇ ਵੱਡੀਆਂ ਧਾਗਾ ਮਿੱਲਾਂ, ਵੱਡੇ ਪੱਧਰ ਉਤੇ ਖੰਡਿਤ ਬੁਣਾਈ ਖੇਤਰ ਜਿਸ ਵਿੱਚ ਅਨੇਕ ਛੋਟੇ ਤੇ ਦਰਮਿਆਨੇ ਉੱਦਮ ਸ਼ਾਮਲ ਹਨ, ਨਾਵਾਜਬ ਨਿਵੇਸ਼ ਵਾਲਾ ਪ੍ਰਾਸੈਸਿੰਗ ਖੇਤਰ ਅਤੇ ਤੇਜ਼ੀ ਨਾਲ ਤਰੱਕੀ ਕਰ ਰਿਹਾ ਵਸਤਰਾਂ ਦਾ ਖੰਡ ਸ਼ਾਮਲ ਹਨ। ਇਹ ਉਦਯੋਗ ਅਨੇਕ ਸਮੂਹਾਂ ਵਿੱਚ ਕੰਮ ਕਰਦਾ ਹੈ ਜਿਸ ਦੀ ਵਿਸ਼ੇਸ਼ਤਾ ਜਾਂ ਤਾਂ ਉੱਚ ਮੁੱਲ ਉਤਪਾਦਾਂ ਦਾ ਇਕ ਖ਼ਾਸ ਵਰਗ ਜਾਂ ਉਤਪਾਦ ਰੂਪ ਰੇਖਾ ਹੁੰਦੀ ਹੈ ਜਿਵੇਂ ਕਿ ਤਾਲਿਕਾ-1 ਵਿੱਚ ਦਿਖਾਇਆ ਗਿਆ ਹੈ।

ਚਿੱਤਰ-2 : ਵਸਤਰਾਂ ਦਾ ਵਿਸ਼ਵ ਨਿਰਯਾਤ ਵਿੱਚ ਹਿੱਸਾ




*ਸਰੋਤ : ਵਿਸ਼ਵ ਵਪਾਰ ਸੰਗਠਨ ਦੀਆਂ ਵਿਸ਼ਵ ਕੱਪੜਾ ਅਤੇ ਵਸਤਰ ਵਪਾਰ, 2015 ਬਾਰੇ ਰਿਪੋਰਟਾਂ*

ਤਾਲਿਕਾ-1 : ਭਾਰਤ ਵਿੱਚ ਕੱਪੜਾ ਉਦਯੋਗ ਦੇ ਸਮੂਹ

| ਸਥਾਨ | ਰਾਜ | ਮੁੱਖ ਵਿਸ਼ੇਸ਼ਤਾਵਾਂ |
|---|---|---|
| ਸੂਰਤ | ਗੁਜਰਾਤ | • ਸਿੰਥੈਟਿਕ ਰੇਸ਼ੇ ਉਤੇ ਅਧਾਰਤ |
| ਇਛਾਲਕਰਾਂਜੀ | ਮਹਾਰਾਸ਼ਟਰ | • ਕਪਾਹ ਦੇ ਰੇਸ਼ੇ ਉਤੇ ਅਧਾਰਤ<br>• ਬੁਣਾਈ |
| ਤਿਰੁਪੁਰ | ਤਾਮਿਲਨਾਡੂ | • ਸੂਤੀ • ਬੁਣਤੀ, ਬੁਣਾਈ, ਪ੍ਰਾਸੈਸਿੰਗ, ਸੂਤ ਤੋਂ ਬਣੇ ਨਿਰਯਾਤ ਵਿੱਚ ਸਰਦਾਰੀ |
| ਭਿਵੰਡੀ | ਮਹਾਰਾਸ਼ਟਰ | • ਸੂਤੀ • ਬੁਣਤੀ |
| ਲੁਧਿਆਣਾ | ਪੰਜਾਬ | • ਸਿੰਥੈਟਿਕ ਅਤੇ ਸੂਤੀ • ਸਿੰਥੈਟਿਕ ਅਤੇ ਊਨੀ ਕੱਪੜਿਆਂ ਵਿੱਚ ਮੁਹਾਰਤ |
| ਪਾਲੀ/ਬਾਲਟੋਰ | ਰਾਜਸਥਾਨ | • ਸਿੰਥੈਟਿਕ • ਪ੍ਰਾਸੈਸਿੰਗ |
| ਕੋਲਕਾਤਾ | ਬੰਗਾਲ | • ਸੂਤੀ/ਸਿੰਥੈਟਿਕ, ਬੱਚਿਆਂ ਦੇ ਕੱਪੜਿਆਂ ਵਿੱਚ ਮੁਹਾਰਤ |
| ਬੰਗਲੌਰ | ਕਰਨਾਟਕ | • ਸੂਤੀ/ਸਿੰਥੈਟਿਕ • ਵਸਤਰ |
| ਅਹਿਮਦਾਬਾਦ | ਗੁਜਰਾਤ | • ਸੂਤੀ, ਬੁਣਾਈ, ਪ੍ਰਾਸੈਸਿੰਗ, ਵਸਤਰ • ਡੈਨਿਮ |
| ਸੋਲਾਪੁਰ | ਮਹਾਰਾਸ਼ਟਰ | • ਸੂਤੀ • ਬਿਸਤਰੇ ਦੀਆਂ ਚਾਦਰਾਂ/ਤੌਲੀਏ |
| ਕਾਰੂਰ | ਤਾਮਿਲਨਾਡੂ | • ਸੂਤੀ • ਘਰੇਲੂ ਕੱਪੜਾ |

ਉਪਰੋਕਤ ਤਾਲਿਕਾ-1 ਤੋਂ ਪਤਾ ਲਗਦਾ ਹੈ ਕਿ ਕੱਪੜਾ ਉਦਯੋਗ ਕੁੱਝ ਰਾਜਾਂ ਜਿਵੇਂ ਗੁਜਰਾਤ, ਮਹਾਰਾਸ਼ਟਰ, ਤਾਮਿਲਨਾਡੂ ਆਦਿ ਵਿੱਚ ਕਾਫੀ ਅਹਿਮ ਸਥਾਨ ਰੱਖਦਾ ਹੈ। ਪਰ, ਜਿਥੇ ਸਾਰੀ ਏਕੀਕ੍ਰਿਤ ਮੁੱਲ ਲੜੀਆਂ ਮੌਜੂਦ ਹਨ ਉਥੇ ਕੋਈ ਸਮੂਹ ਜਾਂ ਸਥਾਨ ਨਹੀ ਹੈ।

## ਭਾਰਤੀ ਕੱਪੜਾ ਉਦਯੋਗ - ਵਿਸ਼ਵ ਮੁਕਾਬਲੇਬਾਜ਼ੀ

36.13 ਪ੍ਰਤਿਸ਼ਤ ਹਿੱਸੇ ਨਾਲ ਚੀਨ ਕੱਪੜਾ ਅਤੇ ਵਸਤਰ ਵਪਾਰ ਵਿੱਚ ਦੁਨੀਆਂ ਵਿੱਚ ਪਹਿਲੇ

ਸਥਾਨ ਉਤੇ ਹੈ, ਭਾਰਤ 5.13 ਪ੍ਰਤਿਸ਼ਤ ਹਿੱਸੇ ਨਾਲ ਦੂਸਰੇ ਸਥਾਨ ਉਤੇ ਹੈ। ਬੰਗਲਾਦੇਸ਼ 4.39 ਪ੍ਰਤਿਸ਼ਤ ਨਾਲ ਤੀਜੇ ਸਥਾਨ ਉਤੇ ਹੈ। ਵੀਅਤਨਾਮ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਅਤੇ 3.71 ਪ੍ਰਤਿਸ਼ਤ ਨਾਲ ਛੇਵੇਂ ਸਥਾਨ ਉਤੇ ਹੈ। ਪਰ ਵਸਤਰਾਂ ਦੇ ਖੇਤਰ ਅੰਦਰ ਵਿਸ਼ਵ ਵਪਾਰ ਵਿੱਚ ਸਿਰਫ 4.33 ਪ੍ਰਤਿਸ਼ਤ ਹਿੱਸੇ ਨਾਲ ਭਾਰਤ ਦਾ ਸਥਾਨ ਸਿਰਫ ਪੰਜਵਾਂ ਹੈ। ਵਿਸ਼ਵ ਵਸਤਰ ਵਪਾਰ ਵਿੱਚ ਬੰਗਲਾਦੇਸ਼ (ਦੂਜੇ), ਵੀਅਤਨਾਮ (ਤੀਜੇ) ਅਤੇ ਇਟਲੀ (ਚੌਥੇ) ਭਾਰਤ ਤੋਂ ਉੱਤੇ ਹਨ।

ਉਪਰੋਕਤ ਤੱਥ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਭਾਵੇਂ ਭਾਰਤ ਕੋਲ ਸਰੋਤਾਂ, ਮੌਜੂਦਾ ਵਾਤਾਵਰਨ ਪ੍ਰਣਾਲੀ, ਉਦਮਤਾ ਹੁਨਰ ਅਤੇ ਘੱਟ ਮਜਦੂਰੀ ਲਾਗਤਾਂ ਦੀ ਉਪਲਬਧਤਾ ਕਰਕੇ ਜਨਮਜਾਤ ਤਾਕਤਾਂ ਹਨ, ਫਿਰ ਵੀ ਉੱਚ ਮੁੱਲ ਦੇ ਉਤਪਾਦਾਂ ਦੇ ਨਿਰਯਾਤ ਦੇ ਮਾਮਲੇ ਵਿੱਚ ਇਸ ਨੂੰ ਹੋਰ ਦੇਸ਼ਾਂ ਵਲੋਂ ਮੁਕਾਬਲੇਬਾਜ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। *ਫੀਟਾਜ਼* (ਐੱਫ ਟੀ ਏਜ਼) ਵਲੋਂ ਵਿਸ਼ਵ ਕੱਪੜਾ ਤੇ ਵਸਤਰ ਵਪਾਰ ਨੂੰ ਅਕਾਰ ਦੇਣ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਣ ਦੀ ਤਵੱਕੋ ਕੀਤੀ ਜਾਂਦੀ ਹੈ। *ਫੀਟਾਜ਼* (ਐੱਫ ਟੀ ਏਜ਼) ਦਾ ਨਿਸ਼ਾਨਾ ਬੰਗਲਾਦੇਸ਼, ਵੀਅਤਨਾਮ, ਕੰਬੋਡੀਆ, ਕੇਂਦਰੀ ਅਮਰੀਕੀ ਦੇਸ਼ਾਂ ਅਤੇ ਉੱਪ-ਸਹਾਰਾ ਅਫਰੀਕੀ ਦੇਸ਼ਾਂ ਵਰਗੀਆਂ ਕੁੱਝ ਆਰਥਿਕਤਾਵਾਂ ਦੀ ਸਹਾਇਤਾ ਕਰਨਾ ਹੈ। ਇਸ ਪ੍ਰਕਾਰ, ਭਾਰਤ ਨੂੰ ਕੱਪੜਾ ਉਦਯੋਗ ਦੇ ਸਾਰੇ ਵਰਗਾਂ ਵਿੱਚ ਮੋਹਰੀ ਆਗੂ ਬਣਨ ਲਈ ਟੁੱਟੀ ਹੋਈ ਮੁੱਲ ਲੜੀ ਦੇ ਖੱਪਿਆਂ ਨੂੰ ਭਰਨ ਤੋਂ ਇਲਾਵਾ ਵਸਤਰ ਵਪਾਰ ਵਿੱਚ ਆਪਣਾ ਹਿੱਸਾ ਵਧਾਉਣ ਲਈ ਸੁਧਾਰ ਕਰਨਾ ਹੋਵੇਗਾ। ਇਨ੍ਹਾਂ ਖੇਤਰਾਂ ਵਿੱਚ ਅਪਾਰ ਸੰਭਾਵਨਾਵਾਂ ਹਨ।

## ਕੱਪੜੇ ਲਈ ਸਮੂਹ ਬਣਾਉਣੇ

ਭਾਰਤ ਦੇ ਕੱਪੜਾ ਖੇਤਰ ਦੀ ਵਿਸ਼ੇਸ਼ਤਾ ਮੁੱਖ ਖੇਤਰਾਂ ਜਿਵੇਂ ਬੁਣਤੀ ਅਤੇ ਵੱਡੀ ਗਿਣਤੀ ਵਿੱਚ ਕੰਮ ਕਰ ਰਹੇ ਛੋਟੇ ਤੇ ਦਰਮਿਆਨੇ ਉਦਯੋਗਾਂ ਦਾ ਬਿਖਰੇ ਹੋਣਾ ਹੈ। ਇਸ ਦਾ ਵੱਡਾ ਕਾਰਨ ਮਿੱਲਾਂ ਦਾ ਵਿਕੇਂਦਰੀਕਰਨ ਹੈ ਜਿਸ ਕਾਰਨ ਉਹ ਨਵੀਆਂ ਤਕਨਾਲੋਜੀਆਂ ਵਿੱਚ ਨਿਵੇਸ਼ ਨਹੀਂ ਕਰ ਸਕੇ ਅਤੇ ਛੋਟੀਆਂ ਇਕਾਈਆਂ ਦੇ ਘੱਟ ਉੱਪਰੀ ਖਰਚੇ ਹਨ ਜਿਹੜੇ ਉਨ੍ਹਾਂ ਨੂੰ ਲਾਗਤ ਦਾ ਫਾਇਦਾ ਦਿੰਦੇ ਹਨ, ਸਰਕਾਰ ਦੀਆਂ ਅਨੇਕ ਸਕੀਮਾਂ ਨਾਲ ਛੋਟੇ ਤੇ ਦਰਮਿਆਨੇ ਉੱਦਮਾਂ ਨੂੰ ਪੂੰਜੀ ਸਬਸਿਡੀਆਂ ਮਿਲੀਆਂ ਜਿਸ ਨੇ ਉਨ੍ਹਾਂ ਨੂੰ ਮੁਕਾਬਲੇਬਾਜ਼ੀ ਦੇ ਸਮਰੱਥ ਬਣਾ ਦਿੱਤਾ ਹੈ। ਇਸ ਤਰ੍ਹਾਂ ਬੁਣਕਰ ਖੰਡ ਦੀ ਵਿਸ਼ੇਸ਼ਤਾਈ ਵਪਾਰੀ ਹਨ ਜੋ ਜਾਬ ਵਰਕ ਦੇ ਅਧਾਰ ਉਤੇ ਕੱਪੜੇ ਦੀ ਬੁਣਤੀ/ਬੁਣਾਈ ਕਰਵਾਉਂਦੇ ਹਨ। ਵਸਤਰ ਖੰਡ ਵੀ ਜਾਬ ਵਰਕ ਦੇ ਅਧਾਰ ਉਤੇ ਕੰਮ ਕਰਦਾ ਹੈ ਜਿਸ ਵਿੱਚ ਸਮਾਨ ਅਤੇ ਸਜਾਵਟੀ ਸਮਾਨ ਵੱਡੀਆਂ ਕੰਪਨੀਆਂ ਵਲੋਂ ਮੁਹੱਈਆ ਕਰਵਾਇਆ ਜਾਂਦਾ ਹੈ।

ਬੁਣਕਰ ਖੰਡ ਵਿੱਚ ਵਿਕੇਂਦਰੀਕ੍ਰਿਤ ਬਿਜਲਈ ਖੱਡੀ ਖੇਤਰ ਛੋਟੇ ਤੇ ਦਰਮਿਆਨੇ ਉੱਦਮਾਂ ਦੀ ਪ੍ਰਤਿਨਿਧਤਾ ਕਰਦਾ ਹੈ। ਇਸ ਖੇਤਰ ਵਿੱਚ 5.40 ਲੱਖ ਬਿਜਲਈ ਖੱਡੀਆਂ ਦੀਆਂ ਇਕਾਈਆਂ ਹਨ ਜਿਸ ਵਿੱਚ ਕੁੱਲ 24.69 ਲੱਖ ਬਿਜਲਈ ਖੱਡੀਆਂ 60 ਪ੍ਰਤਿਸ਼ਤ ਕੱਪੜਾ ਉਤਪਾਦਨ ਕਰਦੀਆਂ ਹਨ ਅਤੇ ਉਦਯੋਗ ਵਿੱਚ 62 ਲੱਖ ਦੇ ਲਗਭਗ ਵਿਅਕਤੀਆਂ ਲਈ ਰੋਜ਼ਗਾਰ ਪੈਦਾ ਕਰ ਰਹੀਆਂ ਹਨ। ਇਸ ਖੇਤਰ ਦਾ ਤਕਨੀਕ ਦਾ ਪੱਧਰ ਸਾਦਾ ਖੱਡੀ ਤੋਂ ਲੈ ਕੇ ਉੱਚ ਤਕਨੀਕ ਵਾਲੀਆਂ ਚਿੜੀਆਂ ਤੋਂ ਬਿਨਾਂ ਖੱਡੀਆਂ ਦਾ ਹੈ। ਇਸ ਖੇਤਰ ਵਿੱਚ ਲਗਭਗ 1.25 ਲੱਖ ਸ਼ਟਲ ਤੋਂ ਰਹਿਤ ਖੱਡੀਆਂ ਹਨ। ਇਕ ਅੰਦਾਜ਼ੇ ਮੁਤਾਬਕ 75 ਪ੍ਰਤਿਸ਼ਤ ਤੋਂ ਜ਼ਿਆਦਾ ਸ਼ਟਲ ਵਾਲੀਆਂ ਖੱਡੀਆਂ ਵੇਲਾ ਵਿਹਾਅ ਚੁੱਕੀਆਂ ਹਨ ਅਤੇ 15 ਸਾਲ ਤੋਂ ਵੱਧ ਕੰਮ ਕਰ ਚੁੱਕੀਆਂ ਹਨ। ਉਨ੍ਹਾਂ ਨਾਲ ਪ੍ਰਾਸੈੱਸ ਜਾਂ ਗੁਣਵੱਤਾ ਨਿਯੰਤ੍ਰਣ ਯੰਤਰ ਲਾਉਣ ਦੀ ਕੋਈ ਵਿਵਸਥਾ ਨਹੀਂ। ਪਰ, ਪਿਛਲੇ 7-8 ਸਾਲਾਂ ਦੌਰਾਨ ਬਿਜਲਈ ਖੱਡੀਆਂ ਦੇ ਖੇਤਰ ਦੀ ਤਕਨੀਕ ਦੇ ਪੱਧਰ ਵਿੱਚ ਵੱਡੇ ਸੁਧਾਰ ਹੋਏ ਹਨ। ਪਿਛਲੇ 8 ਸਾਲਾਂ ਦੌਰਾਨ ਲਾਈਆਂ ਲਗਭਗ 5.45 ਲੱਖ ਬਿਜਲਈ ਖੱਡੀਆਂ ਵਿੱਚੋਂ ਲਗਭਗ 1 ਲੱਖ ਸ਼ਟਲ ਰਹਿਤ ਹਨ।

ਬਿਜਲਈ ਖੱਡੀਆਂ ਵਾਂਗ ਰੈਡੀਮੇਡ ਵਸਤਰ ਖੰਡ (ਵਸਤਰਾਂ ਨੂੰ ਬਣਾਉਣਾ) ਦੀ ਵਿਸ਼ੇਸ਼ਤਾ ਵੀ ਛੋਟੇ ਤੇ ਦਰਮਿਆਨੇ ਉੱਦਮਾਂ ਦਾ ਉੱਚ ਅਨੁਪਾਤ ਹੈ, ਜੋ ਵੱਡੇ ਬਰਾਂਡਾਂ, ਪ੍ਰਚੂਨ ਵਿਕਰੇਤਾਵਾਂ ਅਤੇ ਨਿਰਯਾਤਕਾਂ ਲਈ ਜਾਬ ਵਰਕ ਅਧਾਰ ਉਤੇ ਕੰਮ ਕਰ ਰਹੇ ਹਨ।

ਬੁਣਾਈ ਅਤੇ ਵਸਤਰ ਬਣਾਉਣ ਵਾਲੀਆਂ ਇਕਾਈਆਂ ਦੀ ਵੱਡੀ ਗਿਣਤੀ ਭਾਰਤੀ ਕੱਪੜਾ ਖੇਤਰ ਦੀ ਵਿਸ਼ੇਸ਼ਤਾਈ ਹੈ। ਉੱਚ ਸਬਸਿਡੀਆਂ, ਢਾਂਚਾਗਤ ਮੁੱਦਿਆਂ ਜਿਵੇਂ ਕਿਰਤ ਕਾਨੂੰਨਾਂ, ਵਿੱਤ ਅਤੇ ਜ਼ਮੀਨ ਲਈ ਸਰੋਤ ਜੁਟਾਉਣ ਵਿੱਚ ਆਉਂਦੀਆਂ ਮੁਸ਼ਕਲਾਂ ਜਾਰੀ ਰਹਿਣ, ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਛੋਟੇ ਤੇ ਦਰਮਿਆਨੇ ਉੱਦਮ ਕੱਪੜਾ ਖੇਤਰ ਵਿੱਚ ਅਹਿਮ ਭੂਮਿਕਾ ਨਿਭਾਉਣਾ ਜਾਰੀ ਰੱਖਣਗੇ।

2005 ਵਿੱਚ ਐੱਮ ਐੱਫ ਏ ਦੇ ਖਾਤਮੇ ਨਾਲ ਕੱਪੜਾ ਖੇਤਰ ਵਿੱਚ ਬਿਹਤਰ ਬੁਨਿਆਦੀ ਢਾਂਚੇ ਲਈ ਨਿਵੇਸ਼ ਕਰਨ ਦੀ ਤੁਰੰਤ ਲੋੜ ਪਈ। ਕਿਉਂਕਿ ਇਸ ਖੇਤਰ ਵਿੱਚ ਛੋਟੇ ਤੇ ਦਰਮਿਆਨੇ ਉੱਦਮਾਂ ਦੀ ਸਰਦਾਰੀ ਹੈ ਜਿਨ੍ਹਾਂ ਨੂੰ ਅਜਿਹੀਆਂ ਹੀ ਚੁਨੌਤੀਆਂ ਤੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਇਹ ਮਹਿਸੂਸ ਕੀਤਾ ਗਿਆ ਕਿ ਸਮੂਹਾਂ ਵਾਲੀ ਪਹੁੰਚ ਦੇਸ਼ ਵਿੱਚ ਵਿਸ਼ਵ ਪੱਧਰ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਯਕੀਨੀ ਬਣਾਉਣਾ ਕੱਪੜਾ ਖੇਤਰ ਲਈ ਸਭ ਤੋਂ ਵਧੀਆ ਵਿਕਲਪ ਹੋਵੇਗਾ। ਇਸ ਨਾਲ ਮਿਆਰਾਂ ਦੀ ਪਾਲਣਾ ਕਰਨ ਵਿੱਚ ਮਦਦ ਮਿਲੇਗੀ ਜੋ ਅੰਤਰਰਾਸ਼ਟਰੀ ਪੱਧਰ ਉਤੇ ਨਿਰਧਾਰਤ ਕੀਤੇ ਗਏ ਸਨ।

## ਏਕੀਕ੍ਰਿਤ ਕੱਪੜਾ ਪਾਰਕਾਂ ਲਈ ਸਕੀਮ

ਭਾਰਤ ਸਰਕਾਰ ਦੇ ਕੱਪੜਾ ਮੰਤਰਾਲਾ ਵਲੋਂ 1999 ਵਿੱਚ ਤਕਨੀਕੀ ਸੁਧਾਰ ਫ਼ੰਡ ਸਕੀਮ (ਟੀ ਯੂ ਐੱਫ ਐੱਸ) ਦੀ ਸ਼ੁਰੂਆਤ ਕੀਤੀ ਗਈ ਜਿਸ ਨਾਲ ਉਦਯੋਗ ਵਲੋਂ ਵੱਡੇ ਨਿਵੇਸ਼ ਕੀਤੇ ਗਏ। ਇਸ ਦੇ ਨਾਲ ਹੀ ਮੁਕਾਬਲੇ ਵਾਲੀਆਂ ਦਰਾਂ 'ਤੇ ਕਰਜ਼ਾ ਵੀ ਮੁਹੱਈਆ ਕਰਵਾਇਆ ਗਿਆ। ਕੱਪੜਾ ਮੰਤਰਾਲੇ ਕੋਲ ਬੁਨਿਆਦੀ ਢਾਂਚੇ ਤੇ ਨਿਰਯਾਤ ਨੂੰ ਹੁਲਾਰਾ ਦੇਣ ਲਈ ਸਮੂਹ ਪੱਧਰ ਦੀਆਂ ਸਕੀਮਾਂ ਵੀ ਸਨ ਜਿਨ੍ਹਾਂ ਦਾ ਸਮੂਹਾਂ ਵਲੋਂ ਲਾਹਾ ਲਿਆ ਜਾ ਸਕਦਾ ਹੈ। ਪਰ ਇਨ੍ਹਾਂ ਸਕੀਮਾਂ ਵਿੱਚ ਜਨਮਜਾਤ ਕਮੀਆਂ ਸਨ ਜੋ ਇਨ੍ਹਾਂ ਦੇ ਸ਼ੁਰੂ ਹੋਣ ਵਿੱਚ ਰੁਕਾਵਟ ਬਣ ਰਹੀਆਂ ਸਨ। 2005 ਦੌਰਾਨ ਇਨ੍ਹਾਂ ਪਹਿਲਕਦਮੀਆਂ ਦੀ ਪੁਨਰ-ਸਮੀਖਿਆ ਕਰਨ ਅਤੇ ਕੱਪੜਾ ਖੇਤਰ ਦੇ ਬੁਨਿਆਦੀ ਢਾਂਚੇ ਅੰਦਰ ਨਿਵੇਸ਼ ਅਨੁਕੂਲ ਪ੍ਰਸਥਿਤੀਆਂ ਪੈਦਾ ਕਰਨ ਦੀ ਲੋੜ ਪਈ, ਇਹ ਵੇਖਦਿਆਂ ਕਿ ਉਦਾਰਵਾਦੀ ਵਿਸ਼ਵ ਵਪਾਰ ਨਿਜ਼ਾਮ ਵਿੱਚ ਇਸ ਖੇਤਰ ਨੂੰ ਕਿਨ੍ਹਾਂ-ਕਿਨ੍ਹਾਂ ਚੁਨੌਤੀਆਂ ਦਾ ਸਾਹਮਣਾ

ਕਰਨਾ ਪਵੇਗਾ।

ਕੱਪੜਾ ਖੇਤਰ ਵਿੱਚ ਛੋਟੇ ਤੇ ਦਰਮਿਆਨੇ ਉੱਦਮਾਂ ਲਈ ਬੁਨਿਆਦੀ ਢਾਂਚੇ ਦੇ ਵਿਕਾਸ ਵਾਸਤੇ ਢਾਂਚਾਗਤ ਪਹੁੰਚ ਅਪਣਾਉਣ ਲਈ 2005 ਵਿੱਚ ਏਕੀਕ੍ਰਿਤ ਕੱਪੜਾ ਪਾਰਕਾਂ ਲਈ ਇਕ ਨਵੀਂ ਸਕੀਮ (ਐੱਸ ਆਈ ਟੀ ਪੀ) ਦਾ ਆਗਾਜ਼ ਕੀਤਾ ਗਿਆ। ਐੱਸ ਆਈ ਟੀ ਪੀ ਦਾ ਪ੍ਰਮੁੱਖ ਉਦੇਸ਼ ਸੱਨਅਤ ਨੂੰ ਕੱਪੜਾ ਇਕਾਈਆਂ ਸਥਾਪਤ ਕਰਨ ਲਈ ਵਿਸ਼ਵ ਪੱਧਰ ਦਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ ਹੈ। ਇਹ ਸਕੀਮ ਕੱਪੜਾ ਇਕਾਈਆਂ ਨੂੰ ਵਿਸ਼ਵੀ ਵਾਤਾਵਰਨ ਅਤੇ ਸਮਾਜਕ ਮਿਆਰਾਂ ਨੂੰ ਪੂਰੇ ਕਰਨ ਵਿੱਚ ਮਦਦ ਕਰੇਗੀ।

ਐੱਸ ਆਈ ਟੀ ਪੀ ਦੀ ਸਥਾਪਨਾ ਯੋਜਨਾ ਵਿਸ਼ੇਸ਼ ਸਪੈਸ਼ਲ ਪਰਪਜ਼ ਵਹੀਕਲਜ਼ (ਐੱਸ ਪੀ ਵੀਜ਼) ਰਾਹੀਂ ਯੋਜਨਾਵਾਂ ਉਤੇ ਅਮਲ ਕਰਨ ਲਈ ਕੀਤੀ ਗਈ ਸੀ ਜਿਸ ਨੂੰ ਉਦਯੋਗ, ਜ਼ਿਆਦਾਤਰ ਛੋਟੇ ਤੇ ਦਰਮਿਆਨੇ ਉੱਦਮਾਂ ਵਲੋਂ ਪ੍ਰਸਾਰਿਆ ਗਿਆ। ਕੱਪੜਾ ਪਾਰਕਾਂ ਉਤੇ ਅਮਲਾ ਇਨ੍ਹਾਂ ਐੱਸ ਪੀ ਵੀਜ਼ ਵਲੋਂ ਕੀਤਾ ਜਾਵੇਗਾ ਅਤੇ ਇਨ੍ਹਾਂ ਐੱਸ ਪੀ ਵੀਜ਼ ਦੀ ਮਾਲਕੀ ਨਿੱਜੀ ਖੇਤਰ ਦੀ ਹੋਵੇਗੀ। ਕੱਪੜਾ ਪਾਰਕਾਂ ਵਿਚਲੀਆਂ ਸਾਰੀਆਂ ਇਕਾਈਆਂ ਦਾ, ਉਨ੍ਹਾਂ ਨੂੰ ਦਿੱਤੀ ਗਈ ਜ਼ਮੀਨ ਦੇ ਅਨੁਪਾਤ ਵਿੱਚ, ਐੱਸ ਪੀ ਵੀਜ਼ ਵਿੱਚ ਹਿੱਸਾ ਹੋਵੇਗਾ। ਇਹ ਐੱਸ ਆਈ ਟੀ ਪੀਜ਼ ਦੀ ਸਭ ਤੋਂ ਪ੍ਰਮੁੱਖ ਪਹਿਲਕਦਮੀ ਅਤੇ ਭਾਰਤ ਸਰਕਾਰ ਦਾ ਮੋਹਰੀ ਕਦਮ ਹੈ। ਵਿਸ਼ਵ ਬੈਂਕ ਦੇ ਇਕ ਅਧਿਐਨ ਮੁਤਾਬਕ :

*"ਐੱਸ ਆਈ ਟੀ ਪੀਜ਼ ਦੀ ਸਭ ਤੋਂ ਪ੍ਰਮੁੱਖ ਖੋਜ, ਪਾਰਕਾਂ ਨੂੰ ਇਸਤੇਮਾਲ ਕਰਨ ਵਾਲਿਆਂ ਨੂੰ ਕਿਤੇ ਜ਼ਿਆਦਾ ਤੇ ਕਿਤੇ ਪਹਿਲਾਂ ਦਿੱਤੀ ਗਈ ਭੂਮਿਕਾ ਹੈ। ਲੇਖਕ ਦੀ ਜਾਣਕਾਰੀ ਵਿਚਲੀਆਂ ਹੋਰ ਸਾਰੀਆਂ ਸਕੀਮਾਂ ਦੇ ਉਲਟ, ਕੇਂਦਰ ਅਤੇ ਰਾਜਾਂ ਦੀ ਭੂਮਿਕਾ ਘੱਟ ਹੋਈ ਹੈ, ਆਮ ਲੀਕ ਤੋਂ ਹਟ ਕੇ ਸਲਾਹਕਾਰਾਂ ਦਾ ਇਸਤੇਮਾਲ ਵੱਖਰੇ ਢੰਗ ਨਾਲ ਕੀਤਾ ਜਾਂਦਾ ਹੈ, ਤੀਜੀ ਧਿਰ ਦੇ ਵਿਕਾਸਕਾਰਾਂ ਦੀ ਗ਼ੈਰ-ਹਾਜ਼ਰੀ ਚਰਚਾ ਦਾ ਵਿਸ਼ਾ ਹੈ। ਪਹਿਲੇ ਦੋਵੇਂ ਫਰਮਾਂ ਦੇ ਸਮੂਹਾਂ ਨੂੰ ਸੰਗਠਿਤ ਕਰਨ, ਸਹਾਇਤਾ ਅਤੇ ਨਿਗਰਾਨੀ ਕਰਨ ਵੱਲ ਧਿਆਨ ਕੇਂਦਰਿਤ ਕਰਦੇ ਹਨ ਜੋ ਫਿਰ ਪਾਰਕਾਂ ਦੀ ਉਸਾਰੀ ਲਈ ਰਸਮੀ ਤੇ ਗ਼ੈਰ-ਰਸਮੀ ਲੋੜਾਂ ਦੀ ਪੂਰਤੀ ਕਰਦੇ ਹਨ।"*

ਇਸ ਪ੍ਰਕਾਰ, ਐੱਸ ਆਈ ਟੀ ਪੀ ਵਲੋਂ ਕੱਪੜਾ ਖੇਤਰ ਲਈ ਗਰੀਨਫੀਲਡ ਉਦਯੋਗਿਕ ਪਾਰਕ ਸਥਾਪਤ ਕਰਨ ਨੂੰ ਉਤਸ਼ਾਹਿਤ ਕੀਤਾ ਗਿਆ। ਐੱਸ ਆਈ ਟੀ ਪੀ ਦੀ ਅਗਵਾਈ ਵਾਲੇ ਕੱਪੜਾ ਪਾਰਕਾਂ ਦਾ ਇਹ ਫਾਇਦਾ ਸੀ ਕਿ ਬੁਨਿਆਦੀ ਢਾਂਚਾ ਸੱਨਅਤ ਦੀਆਂ ਲੋੜਾਂ ਮੁਤਾਬਕ ਬਣਾਇਆ ਜਾ ਸਕਦਾ ਹੈ। ਇਸੇ ਤਰ੍ਹਾਂ, ਕੱਪੜਾ ਪਾਰਕਾਂ ਕੋਲ ਗੰਦੇ ਪਾਣੀ ਨੂੰ ਸੋਧਣ ਦੇ ਪਲਾਂਟ ਹਨ ਜਿਨ੍ਹਾਂ ਨੂੰ ਕੱਪੜੇ ਦੇ ਗੰਦੇ ਪਾਣੀ ਨੂੰ ਸੋਧ ਕੇ ਜਲ ਪੂਰਤੀ, ਊਰਜਾ ਪੂਰਤੀ ਨੈੱਟਵਰਕ ਇਕਾਈਆਂ ਦੀ ਪਾਰਕ ਵਿੱਚ ਮੰਗ ਦੇ ਅਧਾਰ ਉਤੇ ਡਿਜ਼ਾਈਨ ਬਣਾਇਆ ਗਿਆ। ਕੱਪੜਾ ਖੇਤਰ ਲਈ ਆਮ ਸਹੂਲਤਾਂ ਜਿਵੇਂ ਜਾਂਚ ਪ੍ਰਯੋਗਸ਼ਾਲਾਵਾਂ, ਨਿਰੀਖਣ ਕੇਂਦਰ, ਹੁਨਰ ਵਿਕਾਸ ਕੇਂਦਰ ਆਦਿ ਦੀ ਕੱਪੜਾ ਪਾਰਕਾਂ ਵਿੱਚ ਯੋਜਨਾਬੰਦੀ ਕੀਤੀ ਗਈ। ਇਸ ਪ੍ਰਕਾਰ ਇਹ ਕੱਪੜਾ ਪਾਰਕ ਵਿਕਾਸ ਦੇ ਮੁੱਢ ਬਣ ਜਾਣਗੇ ਜਿਨ੍ਹਾਂ ਦੁਆਲੇ ਕੱਪੜਾ ਵਾਤਾਵਰਨ ਪ੍ਰਣਾਲੀ ਤਰੱਕੀ ਕਰੇਗੀ।

ਐੱਸ ਆਈ ਟੀ ਪੀ ਦੀ ਇਕ ਹੋਰ ਮੁੱਖ ਵਿਸ਼ੇਸ਼ਤਾ ਕੱਪੜਾ ਮੰਤਰਾਲੇ ਦੀ ਸਕੀਮ ਨੂੰ ਅਮਲ ਵਿੱਚ ਲਿਆਉਣ ਲਈ ਮਦਦ ਕਰਨ ਵਾਸਤੇ ਪੇਸ਼ੇਵਰ ਏਜੰਸੀਆਂ ਦੀ ਨਿਯੁਕਤੀ ਸੀ। ਅਜਿਹੀਆਂ ਏਜੰਸੀਆਂ ਸਕੀਮ ਬਾਰੇ ਜਾਣਕਾਰੀ ਦੇਣਗੀਆਂ, ਪ੍ਰਸਤਾਵ ਪ੍ਰਾਪਤ ਕਰਨਗੀਆਂ, ਵਿਸਤ੍ਰਿਤ ਪ੍ਰਾਜੈਕਟ ਰਿਪੋਰਟਾਂ ਤਿਆਰ ਕਰਕੇ ਮਨਜ਼ੂਰੀ ਦੇਣ ਵਾਲੀ ਅਥਾਰਟੀ ਨੂੰ ਪੇਸ਼ ਕਰਨਗੀਆਂ। ਉਹ ਸਮੇਂ-ਸਮੇਂ ਇਸ ਉਤੇ ਹੋ ਰਹੇ ਅਮਲ ਦੀ ਨਿਗਰਾਨੀ ਕਰਨਗੀਆਂ ਅਤੇ ਰਿਪੋਰਟ ਕੱਪੜਾ ਮੰਤਰਾਲਾ ਨੂੰ ਭੇਜਣਗੀਆਂ। ਵਿਸ਼ਵ ਬੈਂਕ ਦੇ ਇਕ ਅਧਿਐਨ ਮੁਤਾਬਕ :

*"ਜ਼ਿਆਦਾ ਵਿਸਥਾਰ ਵਿੱਚ ਗੱਲ ਕਰੀਏ ਤਾਂ ਇਹ ਨੀਤੀ ਉੱਦਮੀਆਂ ਨੂੰ ਪਾਰਕਾਂ ਦੇ ਨਿਰਮਾਣ ਅਤੇ ਸੰਚਾਲਨ ਲਈ ਸਾਰੀਆਂ ਪਹਿਲਕਦਮੀਆਂ ਦਾ ਮੋਹਰੀ ਸੰਚਾਲਕ ਬਣਾਉਂਦੀ ਹੈ, ਪਰ ਉਦਯੋਗਿਕ ਪਾਰਕ ਦੇ ਵਿਕਾਸ ਲਈ ਪੀ ਐੱਮ ਸੀ ਦੇ ਕਦਮਾਂ ਤੋਂ ਸਹਾਇਤਾ ਲੈ ਕੇ। ਪੀ ਐੱਮ ਸੀਜ਼ ਕੋਲ ਬੁਨਿਆਦੀ ਢਾਂਚੇ ਦੇ ਵਿਕਾਸ ਦਾ ਕਾਫੀ ਤਜ਼ਰਬਾ ਹੋਣਾ ਜ਼ਰੂਰੀ ਹੈ ਤਾਂ ਕਿ ਪ੍ਰਾਜੈਕਟ ਉਤੇ ਤੇਜ਼ੀ ਨਾਲ ਅਮਲ ਕੀਤਾ ਜਾ ਸਕੇ।"*

ਐੱਸ ਆਈ ਟੀ ਪੀ ਸਰਕਾਰ ਵਲੋਂ ਸ਼ੁਰੂ ਕੀਤੇ ਸਮੂਹ ਵਿਕਾਸ ਤਰੀਕੇ ਅਧੀਨ ਖੇਤਰ ਵਿਸ਼ੇਸ਼ ਨਿਵੇਸ਼ ਪ੍ਰੋਗਰਾਮ ਦੀ ਪਹਿਲੀ ਮਿਸਾਲ ਸੀ। ਸਿੱਟੇ ਵਜੋਂ ਫੂਡ ਪ੍ਰਾਸੈਸਿੰਗ, ਇਲੈਕਟ੍ਰਾਨਿਕਸ, ਚਮੜਾ ਅਤੇ ਪੂੰਜੀਗਤ ਵਸਤਾਂ ਦੇ ਖੇਤਰ ਵਿੱਚ ਵੀ ਅਜਿਹੀਆਂ ਹੀ ਸਕੀਮਾਂ ਸ਼ੁਰੂ ਕੀਤੀਆਂ ਗਈਆਂ।

ਐੱਸ ਆਈ ਟੀ ਪੀ ਵੱਡੇ ਪੱਧਰ ਉਤੇ ਸਫਲ ਰਹੀ ਹੈ ਅਤੇ ਹੁਣ ਤੱਕ 72 ਕੱਪੜਾ ਪਾਰਕਾਂ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। ਇਨ੍ਹਾਂ ਵਿੱਚੋਂ 32 ਕੰਮ ਕਰ ਰਹੇ ਹਨ। ਇਨ੍ਹਾਂ ਪਾਰਕਾਂ ਕੋਲ ਸਮਾਜਕ-ਆਰਥਿਕ ਪ੍ਰਭਾਵ ਲਈ ਅਸੀਮ ਸੰਭਾਵਨਾਵਾਂ ਹਨ ਜਿਸ ਨੂੰ ਹੇਠਲੀ ਤਾਲਿਕਾ-2 ਵਿੱਚ ਦਿਖਾਇਆ ਗਿਆ ਹੈ।

ਐੱਸ ਆਈ ਟੀ ਪੀ ਸਮੂਹ ਮਾਡਲ ਉਤੇ ਅਧਾਰਤ ਹੈ ਜਿਥੇ ਵਰਤੋਂਕਾਰ ਉਦਯੋਗ ਇਕੱਠੇ ਹੋ ਕੇ ਪ੍ਰਾਜੈਕਟ ਐੱਸ ਪੀ ਵੀ ਬਣਾ ਕੇ ਕੱਪੜਾ ਪਾਰਕ ਸਥਾਪਤ ਕਰਦੇ ਹਨ, ਵਿਸ਼ੇਸ਼ ਆਰਥਿਕ ਜ਼ੋਨ ਤੋਂ ਬਿਲਕੁਲ ਉਲਟ ਜੋ ਵਿਕਾਸਕਾਰ ਮਾਡਲ ਉਤੇ ਅਧਾਰਤ ਹੁੰਦਾ ਹੈ। ਵਿਸ਼ਵ ਬੈਂਕ ਦੇ ਅਧਿਐਨ ਵਿੱਚ ਨੋਟ ਕੀਤਾ ਗਿਆ ਹੈ ਕਿ ਬਹੁਤ ਸਾਰੇ ਵਿੱਤੀ ਅਤੇ ਨਿਯਮਕ ਫਾਇਦੇ ਪੇਸ਼ ਕਰਨ ਦੇ ਬਾਵਜੂਦ, ਵਿਸ਼ੇਸ਼ ਆਰਥਿਕ ਜ਼ੋਨ (ਐੱਸ ਈ ਜ਼ੈੱਡ) ਦੀ ਨਿਰਮਾਣ ਕਾਰਗੁਜ਼ਾਰੀ ਐੱਸ ਆਈ ਟੀ ਪੀ ਪਾਰਕਾਂ ਦੇ ਬਰਾਬਰ ਹੀ ਸੀ।

ਇਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਪਹਿਲਾਂ ਹਵਾਲੇ ਹੇਠ ਆਈਆਂ ਪਿਛਲੀਆਂ ਕੱਪੜਾ ਸਮੂਹ ਸਕੀਮਾਂ, ਜ਼ਿਆਦਾ ਸਹਾਇਤਾ ਮਿਲਣ ਦੇ ਬਾਵਜੂਦ, ਐੱਸ ਆਈ ਟੀ ਪੀ ਤੋਂ ਘੱਟ ਸਫਲ ਰਹੀਆਂ ਸਨ। ਇਨ੍ਹਾਂ ਸਕੀਮਾਂ ਵਿੱਚ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਪ੍ਰਮੁੱਖ ਸਰਗਰਮੀਆਂ ਲਈ ਜ਼ਿੰਮੇਵਾਰ ਸਨ, ਜਿਵੇਂ ਜ਼ਮੀਨ ਦੀ ਪਛਾਣ ਕਰਨੀ, ਸੰਰਚਨਾ ਨੂੰ ਅੰਤਮ ਰੂਪ ਦੇਣਾ, ਸੰਚਾਲਨ ਤੇ ਰੱਖ-ਰਖਾਅ ਆਦਿ। ਇਹ

| ਤਾਲਿਕਾ-2 : ਸਮਾਜਕ - ਆਰਥਿਕ ਪ੍ਰਭਾਵ | |
|---|---|
| ਮਸ਼ੀਨਰੀ ਲਈ ਨਿਵੇਸ਼ | 30,000 ਕਰੋੜ ਰੁਪਏ |
| ਸਾਲਾਨਾ ਉਤਪਾਦਨ | 8,700 ਕਰੋੜ ਰੁਪਏ |
| ਇਕਾਈਆਂ ਦੀ ਸੰਖਿਆ ਦੀ ਉਮੀਦ | 4,000 |
| ਰੋਜ਼ਗਾਰ ਸੰਭਾਵਨਾ | 450,000 |

ਪ੍ਰਾਜੈਕਟ ਦੀ ਮਾਲਕੀ ਉਦਯੋਗ ਨੂੰ ਦੇਣ ਦੇ ਫਾਇਦੇ ਨੂੰ ਉਜਾਗਰ ਕਰਦਾ ਹੈ ਤਾਂ ਕਿ ਸਫਲਤਾ ਯਕੀਨੀ ਬਣਾਈ ਜਾ ਸਕੇ।

ਐੱਸ ਆਈ ਟੀ ਪੀ ਵਿੱਚ ਕਈ ਪ੍ਰਕਾਰ ਦੇ ਪਾਰਕਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ – ਤਿਰੂਪੁਰ ਨੇੜੇ 65 ਏਕੜ ਦਾ ਬੁਣਾਈ ਪਾਰਕ, ਇਕ ਮੌਜੂਦਾ ਸਮੂਹ, ਵਿਸ਼ਾਖਾਪਟਨਮ ਵਿਖੇ 1000 ਏਕੜ ਦਾ ਪਾਰਕ ਅਤੇ ਵਿਸ਼ੇਸ਼ ਆਰਥਿਕ ਜ਼ੋਨ, ਜਿਸ ਵਿੱਚ ਕੱਪੜੇ ਨਾਲ ਸੰਬੰਧਿਤ ਕੋਈ ਸਰਗਰਮੀ ਨਹੀਂ। ਜ਼ਿਆਦਾਤਰ ਪਾਰਕ ਮੌਜੂਦਾ ਕੱਪੜਾ ਸਮੂਹਾਂ ਦੇ ਆਸ ਪਾਸ ਹਨ ਕਿਉਂਕਿ ਇਨ੍ਹਾਂ ਸਮੂਹਾਂ ਵਿੱਚ ਸਥਿਤ ਉੱਦਮਾਂ ਨੇ ਪਾਰਕ ਸਥਾਪਤ ਕਰਨ ਦੀ ਪਹਿਲਕਦਮੀ ਕੀਤੀ ਸੀ।

ਐੱਸ ਆਈ ਟੀ ਪੀ ਸਕੀਮ ਵੱਖ-ਵੱਖ ਕਿਸਮ ਦੇ ਨਿਵੇਸ਼ਕਾਂ ਕੋਲੋਂ ਨਿਵੇਸ਼ ਆਕਰਸ਼ਿਤ ਕਰਨ ਵਿੱਚ ਸਫਲ ਰਹੀ ਜਿਸ ਵਿੱਚ ਵਿਸ਼ਾਖਾਪਟਨਮ ਲਈ ਸਿੱਧਾ ਵਿਦੇਸ਼ੀ ਨਿਵੇਸ਼, ਬਰੈਂਡਿਕਸ ਇੰਡੀਆ ਵਸਤਰ ਸ਼ਹਿਰ, ਤਿਰੂਪੁਰ ਨੇੜੇ ਪਲਾਟਾਮ ਵਿੱਚ 90 ਛੋਟੇ ਤੇ ਦਰਮਿਆਨੇ ਉੱਦਮਾਂ ਦਾ ਸੰਘ ਜੋ ਪਲਾਟਾਮ ਦੇ ਉੱਚ ਤਕਨੀਕੀ ਬੁਣਾਈ ਪਾਰਕ ਨੂੰ ਉਤਸ਼ਾਹਿਤ ਕਰਦਾ ਹੈ। ਇਸ ਸਕੀਮ ਨੇ ਤੇਲੰਗਾਨਾ ਦੇ ਪੋਚਮਪੱਲੀ ਵਿੱਚ ਬੁਣਕਰਾਂ ਅਤੇ ਉਸਤਾਦ ਬੁਣਕਰਾਂ ਨੂੰ ਐੱਸ ਪੀ ਵੀ ਬਣਾ ਕੇ ਇਕ ਹੱਥ ਖੱਡੀ ਪਾਰਕ ਸਥਾਪਤ ਕਰਨ ਲਈ ਵੀ ਉਤਸ਼ਾਹਿਤ ਕੀਤਾ।

## ਮਾਮਲਿਆਂ ਦਾ ਅਧਿਐਨ

ਬਰੈਂਡਿਕਸ ਇੰਡੀਆ ਐਪਰਲ ਸਿਟੀ ਪ੍ਰਾ.ਲਿ. (ਬੀ ਆਈ ਏ ਸੀ) ਉਪਰੋਂ ਹੇਠਾਂ ਨੂੰ ਏਕੀਕ੍ਰਿਤ, 1000 ਏਕੜ ਵਿੱਚ ਫੈਲਿਆ ਵਸਤਰ ਅਤੇ ਕੱਪੜਾ ਪਾਰਕ ਹੈ ਜੋ ਨਿਰਮਾਣ ਇਕਾਈਆਂ ਨੂੰ ਵਿਸ਼ਵ ਪੱਧਰੀ ਤੇ ਅਤਿ ਆਧੁਨਿਕ ਬੁਨਿਆਦੀ ਢਾਂਚੇ ਅਤੇ ਆਮ ਸਹੂਲਤਾਂ ਪ੍ਰਦਾਨ ਕਰਦਾ ਹੈ ਜੋ 134.00 ਕਰੋੜ ਦੀ ਲਾਗਤ ਨਾਲ ਐੱਸ ਆਈ ਟੀ ਪੀ ਅਧੀਨ ਸਥਾਪਤ ਕੀਤੀਆਂ ਗਈਆਂ ਸਨ। ਇਸ ਪਾਰਕ ਵਿੱਚ 19 ਇਕਾਈਆਂ ਹਨ (17 ਪਹਿਲਾਂ ਹੀ ਚਾਲੂ ਕੀਤੀਆਂ ਜਾ ਚੁੱਕੀਆਂ ਹਨ) ਜਿਨ੍ਹਾਂ ਉਤੇ ਲਗਭਗ 1100 ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਸੀ (ਇਸ ਵਿੱਚ 200 ਮਿਲੀਅਨ ਡਾਲਰ ਦਾ ਸਿੱਧਾ ਵਿਦੇਸ਼ੀ ਨਿਵੇਸ਼ ਵੀ ਸ਼ਾਮਲ ਹੈ) ਇਸ ਵਿੱਚ ਕਤਾਈ, ਧਾਗੇ ਦੀ ਪ੍ਰਾਸੈਸਿੰਗ (ਰੰਗਣਾ, ਬੁਣਨਾ ਆਦਿ), ਕੱਪੜੇ ਦੀ ਪ੍ਰਾਸੈਸਿੰਗ, ਵਸਤਰਾਂ ਦਾ ਨਿਰਮਾਣ ਆਦਿ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਵਰਤਮਾਨ ਸਮੇਂ ਇਨ੍ਹਾਂ ਇਕਾਈਆਂ ਵਿੱਚ 19000 ਕਰਮਚਾਰੀ ਕੰਮ ਕਰ ਰਹੇ ਹਨ ਅਤੇ ਸਮਰੱਥਾ 60,000 ਵਿਅਕਤੀਆਂ ਨੂੰ ਰੋਜ਼ਗਾਰ ਦੇਣ ਦੀ ਹੈ। ਪਾਰਕ ਨੇ ਸਹਾਇਕ ਬੁਨਿਆਦੀ ਢਾਂਚਾ ਬਣਾਇਆ ਹੈ ਜਿਵੇਂ ਕਿ 200 ਮੈਗਾਵਾਟ ਦਾ ਇਕ ਬਿਜਲੀ ਘਰ ਜਿਸ ਨਾਲ ਨਿਰੰਤਰ ਬਿਜਲੀ ਪੂਰਤੀ ਹੁੰਦੀ ਹੈ, ਪਾਣੀ ਦੀ ਪੂਰਤੀ – ਇਸ ਵਿੱਚ 60 ਐੱਮ ਐੱਲ ਡੀ ਕੱਚਾ ਪਾਣੀ 26 ਕਿਲੋਮੀਟਰ ਲੰਮੀ ਪਾਈਪਲਾਈਨ ਰਾਹੀਂ ਸਪਲਾਈ ਕੀਤਾ ਜਾਂਦਾ ਹੈ। 9 ਕਿਲੋਮੀਟਰ ਲੰਮੀ ਸਮੁੰਦਰੀ ਦਹਾਨੇ ਤੱਕ ਸੋਧਿਆ ਹੋਇਆ ਗੰਦਾ ਪਾਣੀ ਲਿਜਾਉਣ ਵਾਲੀ ਪਾਈਪਲਾਈਨ ਜਿਸ ਵਿੱਚੋਂ 2.5 ਕਿਲੋਮੀਟਰ ਸਮੁੰਦਰੀ ਤੱਟ ਤੋਂ ਦੂਰ ਹੈ, 400 ਐੱਮ ਐੱਲ ਬਰਸਾਤ ਦੇ ਪਾਣੀ ਦੀ ਸੰਭਾਲ ਕਰਨ ਵਾਲਾ ਤਲਾਬ ਜੋ ਪ੍ਰਦੂਸ਼ਣ ਮੁਕਤ ਵਾਤਾਵਰਨ ਦਾ ਅਭਿੰਨ ਅੰਗ ਹੈ। ਪਾਰਕ ਦੀ ਸਾਲਾਨਾ ਆਮਦਨ 1400 ਕਰੋੜ ਰੁਪਏ ਹੈ ਜਿਸ ਦੇ ਸਾਲਾਨਾ 4800 ਕਰੋੜ ਰੁਪਏ ਹੋਣ ਦੀਆਂ ਇਸ ਪਾਰਕ ਵਿੱਚ ਸੰਭਾਵਨਾਵਾਂ ਹਨ।

ਪਲਾਟਾਮ ਦਾ ਉੱਚ ਤਕਨੀਕ ਬੁਣਾਈ ਪਾਰਕ (ਪੀ ਐੱਸ ਡਬਲਯੂ ਪੀ) ਦੇਸ਼ ਦਾ ਆਪਣੀ ਕਿਸਮ ਦਾ ਪਹਿਲਾ ਏਕੀਕ੍ਰਿਤ ਕੱਪੜਾ ਪਾਰਕ ਹੈ। ਇਹ 65 ਏਕੜ ਵਿੱਚ ਫੈਲਿਆ ਹੋਇਆ ਹੈ ਜਿਸ ਨੂੰ ਐੱਸ ਆਈ ਟੀ ਪੀ ਤਹਿਤ 55.42 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਗਿਆ ਹੈ। 90 ਇਕਾਈਆਂ ਵਾਲਾ ਇਹ ਪਾਰਕ ਪਲਾਟਾਮ ਦੇ ਛੋਟੇ ਬੁਣਕਰਾਂ ਨੂੰ ਖਿੱਚਣ ਵਿੱਚ ਸਫਲ ਰਿਹਾ। ਇਥੇ ਬੁਣਾਈ ਦੀ ਅਤਿ ਆਧੁਨਿਕ ਤਕਨੀਕ ਸ਼ੁਰੂ ਕੀਤੀ ਗਈ ਜਿਸ ਨੂੰ ਐੱਸ ਪੀ ਵੀ ਦੁਆਰਾ ਅਮਲ ਵਿੱਚ ਲਿਆਂਦਾ ਗਿਆ। ਇਸ ਨੂੰ ਉੱਦਮੀਆਂ, ਬੈਂਕਾਂ ਅਤੇ ਸਰਕਾਰ ਵਲੋਂ ਉਤਸ਼ਾਹਿਤ ਕੀਤਾ ਗਿਆ। ਇਸ ਪਾਰਕ ਵਿੱਚ 2500 ਵਿਅਕਤੀਆਂ ਨੂੰ ਸਿੱਧਾ ਅਤੇ ਹੋਰ 3500 ਵਿਅਕਤੀਆਂ ਨੂੰ ਅਸਿੱਧੇ ਰੂਪ ਵਿੱਚ ਰੋਜ਼ਗਾਰ ਮਿਲਿਆ ਹੋਇਆ ਹੈ। ਇਸ ਪਾਰਕ ਨੇ ਹੋਰ 230 ਕਰੋੜ ਰੁਪਏ ਦਾ ਨਿਵੇਸ਼ ਆਕਰਸ਼ਿਤ ਕੀਤਾ ਹੈ ਅਤੇ ਇਸ ਦਾ ਸਾਲਾਨਾ ਕਾਰੋਬਾਰ 1100 ਕਰੋੜ ਰੁਪਏ ਹੈ ਜਿਸ ਦੇ 2000 ਕਰੋੜ ਰੁਪਏ ਤੱਕ ਪਹੁੰਚਣ ਦੀ ਸੰਭਾਵਨਾ ਹੈ।

## ਅਗਾਂਹ ਦਾ ਰਸਤਾ

ਐੱਸ ਆਈ ਟੀ ਪੀ ਗ਼ੈਰ ਰਵਾਇਤੀ ਕੱਪੜਾ ਉਦਯੋਗ ਬੈਲਟਾਂ ਅੰਦਰ ਪ੍ਰਦੂਸ਼ਣ ਰਹਿਤ ਸਮੂਹਾਂ ਦਾ ਨਿਰਮਾਣ ਕਰਨ ਵਿੱਚ ਸਫਲ ਰਹੀ ਹੈ ਜਿਵੇਂ ਕਿ ਵਿਸ਼ਾਖਾਪਟਨਮ ਵਿੱਚ ਬਰੈਂਡਿਕਸ ਇੰਡੀਆ ਐਪਰਲ ਸਿਟੀ ਲਿ. (ਬੀ ਆਈ ਏ ਸੀ) ਅਤੇ ਤਿਰੂਪੁਰ ਨੇੜੇ ਪਲਾਟਾਮ ਵਿੱਚ ਬ੍ਰਾਊਨ ਫੀਲਡ ਨਾਮਕ ਉੱਚ ਤਕਨੀਕ ਵਾਲੇ ਬੁਣਾਈ ਪਾਰਕਾਂ ਦੇ ਸਮੂਹ ਜੋ ਇਕ ਰਵਾਇਤੀ ਕੱਪੜਾ ਸਮੂਹ ਹੈ। ਬਹੁਤ ਸਾਰੇ ਪਾਰਕਾਂ ਵਿੱਚ ਛੋਟੇ ਤੇ ਦਰਮਿਆਨੇ ਉੱਦਮਾਂ ਦੀ ਬਹੁਤਾਤ ਹੈ। ਇਨ੍ਹਾਂ ਇਕਾਈਆਂ ਨੂੰ ਮੌਜੂਦਾ ਉੱਦਮੀਆਂ ਵਲੋਂ ਨਿਵੇਸ਼ ਪ੍ਰਦਾਨ ਕੀਤਾ ਜਾਂਦਾ ਹੈ ਜੋ ਇਨ੍ਹਾਂ ਸਮੂਹਾਂ ਵਿੱਚ ਕੰਮ ਕਰ ਰਹੇ ਹਨ ਅਤੇ ਜੋ ਇਨ੍ਹਾਂ ਪਾਰਕਾਂ ਦੇ ਮਾਧਿਅਮ ਰਾਹੀਂ ਆਪਣੇ ਕੰਮ ਨੂੰ ਵਧਾਅ ਰਹੇ ਹਨ। ਇਸ ਪਾਰਕ ਅੰਦਰਲੀਆਂ ਇਕਾਈਆਂ ਮਜ਼ਦੂਰਾਂ, ਬਜ਼ਾਰੀਕਰਨ, ਮਨੁੱਖੀ ਸ਼ਕਤੀ ਆਦਿ ਲਈ ਨੇੜਲੇ ਕੱਪੜਾ ਉਦਯੋਗ ਦੀ ਪ੍ਰਣਾਲੀ ਉਤੇ ਆਪਣੀ ਨਿਰਭਰਤਾ ਬਣਾਈ ਰੱਖਣਗੀਆਂ। ਬਰੈਂਡਿਕਸ (ਬੀ ਆਈ ਏ ਸੀ) ਦੇ ਮਾਮਲੇ ਵਿੱਚ ਮਾਡਲ ਦੂਸਰਾ ਹੈ। ਇਹ ਕੁੱਲ ਏਕੀਕ੍ਰਿਤ ਮੁੱਲ ਲੜੀ ਹੈ ਅਤੇ ਇਸ ਨੇ ਪਾਰਕ ਵਿੱਚ ਆਪਣੀ ਪ੍ਰਣਾਲੀ ਬਣਾਈ ਹੋਈ ਹੈ। ਐੱਸ ਪੀ ਵੀ ਨੇ ਸਮਾਜਕ ਭਲਾਈ ਲਈ ਵੱਡੇ ਪੱਧਰ ਉਤੇ ਨਿਵੇਸ਼ ਕੀਤਾ ਹੈ ਜਿਵੇਂ ਹੁਨਰ ਦਾ ਵਿਕਾਸ, ਆਵਾਜਾਈ ਸਹੂਲਤਾਂ ਆਦਿ ਮੁਹੱਈਆ ਕਰਵਾਉਣੀਆਂ ਤਾਂ ਕਿ ਹੁਨਰਮੰਦ ਮਨੁੱਖੀ ਸ਼ਕਤੀ ਦਾ ਅਧਾਰ ਨਿਰਮਾਣ ਕੀਤਾ ਜਾ ਸਕੇ। ਇਹ ਪਾਰਕ ਇਕ ਬੰਦਰਗਾਹ ਦੇ ਨਜ਼ਦੀਕ ਹੈ ਜਿਸ ਨਾਲ ਸਮਾਨ ਦੇ ਨਿਰਯਾਤ ਵਿੱਚ ਮਦਦ ਮਿਲਦੀ ਹੈ।

ਅੱਗੇ ਵਧਣ ਲਈ ਐੱਸ ਆਈ ਟੀ ਪੀ ਤੋਂ ਲਏ ਸਬਕਾਂ ਨੂੰ ਦੇਸ਼ ਵਿੱਚ ਵਿਸ਼ਾਲ ਏਕੀਕ੍ਰਿਤ ਕੱਪੜਾ ਨਿਰਮਾਣ ਸਹੂਲਤ ਦੇ ਨਿਰਮਾਣ ਲਈ ਵਰਤੇ ਜਾਣ ਦੀ ਲੋੜ ਹੈ। ਇਹ ਇਸ ਤੱਥ ਦੇ ਅਧਾਰ ਉਤੇ ਬਹੁਤ ਜ਼ਿਆਦਾ ਮਹੱਤਵਪੂਰਨ ਹੈ ਕਿ ਕੱਪੜਾ ਉਦਯੋਗ ਮਨੁੱਖੀ ਸ਼ਕਤੀ ਮੁਖੀ ਹੈ ਜੋ ਪੇਂਡੂ ਖੇਤਰਾਂ ਵਿੱਚ ਲੱਖਾਂ ਨੌਜਵਾਨਾਂ ਅਤੇ ਔਰਤਾਂ ਨੂੰ ਨੌਕਰੀਆਂ ਪ੍ਰਦਾਨ ਕਰ ਸਕਦਾ ਹੈ। ਭਾਰਤ ਕੋਲ ਬੇਸ਼ੱਕ ਕੁੱਝ ਮੁਕਾਬਲੇਬਾਜ਼ੀ ਦੇ ਲਾਭ ਹਨ ਅਤੇ ਇਸ ਖੇਤਰ ਵਿੱਚ ਘਰੇਲੂ ਤੇ ਵਿਦੇਸ਼ੀ ਨਿਵੇਸ਼ ਆਕਰਸ਼ਿਤ ਕਰਨ ਤੇ ਬਣਾਈ ਰੱਖਣ

ਲਈ ਜ਼ਰੂਰੀ ਹੈ ਕਿ ਇਸ ਖੇਤਰ ਨੂੰ ਢੁੱਕਵਾਂ ਪ੍ਰੋਤਸਾਹਨ ਦੇ ਕੇ ਨਿੱਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਮੁਫੀਦ ਵਾਤਾਵਰਨ ਬਣਾਇਆ ਜਾਵੇ ਤਾਂ ਕਿ ਨਿਵੇਸ਼ ਤੋਂ ਪ੍ਰਾਪਤ ਹੋਣ ਵਾਲਾ ਲਾਭ ਆਕਰਸ਼ਕ ਹੋ ਸਕੇ। ਇਸ ਵਾਸਤੇ ਭਾਰਤ ਨੂੰ ਉਤੋਂ ਹੇਠਾਂ ਏਕੀਕ੍ਰਿਤ ਹੋਰ ਜ਼ਿਆਦਾ ਸਹੂਲਤਾਂ ਦਾ ਨਿਰਮਾਣ ਕਰਨਾ ਪਵੇਗਾ ਜੋ ਵਿਸ਼ਵ ਪੱਧਰ ਉਤੇ ਮੁਕਾਬਲੇ ਵਾਲੀਆਂ ਹੋਣ। ਇਸ ਲਈ ਕਤਾਈ, ਰੰਗਾਈ, ਪ੍ਰਾਸੈਸਿੰਗ, ਕਟਿੰਗ, ਸਿਲਾਈ, ਲੇਬਲ ਲਾਉਣ ਅਤੇ ਪੈਕਿੰਗ ਵਰਗੀਆਂ ਵੱਡੇ ਪੱਧਰ ਦੀਆਂ ਸਮਰੱਥਾਵਾਂ ਇਸ ਦੀ ਕੁੰਜੀ ਹਨ। ਇਸ ਨਾਲ ਯਕੀਨੀ ਬਣੇਗਾ ਕਿ ਸਾਰੀ ਮੁੱਲ ਲੜੀ ਇਕੋ ਥਾਂ ਉਪਲਬਧ ਹੈ।

ਇਸ ਸੰਦਰਭ ਵਿੱਚ ਹੀ ਕੱਪੜਾ ਅਤੇ ਵਸਤਰ ਖੇਤਰ ਵਾਸਤੇ ਨਿਰਮਾਣ ਖੇਤਰ (ਐੱਸ ਆਰ ਟੀ ਏ) ਵਿਕਸਤ ਕਰਨ ਨੂੰ ਹਾਸਲ ਕਰਨਾ ਅਹਿਮ ਬਣ ਜਾਂਦਾ ਹੈ। ਇਸ ਖੇਤਰ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਬਣਾਈ ਰੱਖਣ ਲਈ ਵਿਸ਼ੇਸ਼ ਤੌਰ ਤੇ ਉਲੀਕਿਆ ਨਿਵੇਸ਼ ਖੇਤਰ, ਘਰੇਲੂ ਤੇ ਨਿਰਯਾਤ ਮੁਖੀ ਨਿਰਮਾਣ ਇਕਾਈਆਂ ਵਸਤਰ ਤੇ ਹੋਰ ਕੱਪੜਾ ਸੰਬੰਧਿਤ ਖੇਤਰਾਂ ਵਿੱਚ ਸਥਾਪਤ ਕਰਨ ਲਈ ਯੋਜਨਾਬੱਧ ਕਰਨ ਦੀ ਲੋੜ ਹੈ। ਇਸ ਵਾਸਤੇ ਮੁੱਲ ਲੜੀ ਨੂੰ ਸਜਿਉਂ ਖੱਬੇ ਅਤੇ ਉਤੋਂ ਹੇਠਾਂ ਨੂੰ ਏਕੀਕ੍ਰਿਤ ਕਰਨਾ ਹੋਵੇਗਾ। ਇਸ ਨੂੰ ਸਵੈ-ਨਿਰਭਰ ਨਿਵੇਸ਼ ਸਮੂਹ ਵਜੋਂ 1500-2500 ਏਕੜ ਦੇ ਲਗਭਗ ਖੇਤਰ ਵਿੱਚ ਵਿਕਸਤ ਕੀਤਾ ਜਾਵੇਗਾ ਜਿਸ ਵਿੱਚ ਨਿਰਮਾਣ ਇਕਾਈਆਂ, ਜਨਤਕ ਸਹੂਲਤਾਂ, ਸਾਜ਼-ਸਮਾਨ, ਵਾਤਾਵਰਨ ਸੁਰੱਖਿਆ ਤੰਤਰ, ਰਿਹਾਇਸ਼ੀ ਖੇਤਰ, ਗਿਆਨ ਅਤੇ ਸਿਹਤ ਦਾ ਬੁਨਿਆਦੀ ਢਾਂਚਾ ਹੋਵੇਗਾ।

ਐੱਮ ਆਰ ਟੀ ਏਜ਼ ਰਾਜ ਸਰਕਾਰ ਵਲੋਂ, ਇਕ ਖ਼ਾਸ ਜ਼ਿਲ੍ਹੇ ਜਾਂ ਬਲਾਕ ਨੂੰ ਕੱਪੜਾ ਨਿਰਮਾਣ ਖੇਤਰਾਂ ਵਜੋਂ ਨਿਰਧਾਰਤ ਕਰਕੇ ਵਿਕਸਤ ਕੀਤਾ ਜਾਵੇਗਾ ਜਿਨ੍ਹਾਂ ਨੂੰ ਕੱਪੜਾ ਅਤੇ ਵਸਤਰ ਉਦਯੋਗ ਵਿੱਚ ਨਿਰਮਾਣ ਨੂੰ ਉਤਸ਼ਾਹਿਤ ਕਰਨ ਲਈ ਵਾਤਾਵਰਨ ਪ੍ਰਣਾਲੀ ਵਜੋਂ ਵਿਕਸਤ ਕੀਤਾ ਜਾਵੇਗਾ। ਅਰਜ਼ੀ ਦੇਣ ਵਾਲੇ ਰਾਜ ਵਲੋਂ ਪ੍ਰਸਤਾਵਿਤ ਖੇਤਰ ਰਣਨੀਤਕ ਤੌਰ ਤੇ ਚੁਣਿਆ ਜਾਵੇਗਾ ਤਾਂ ਕਿ ਵਿਆਪਕ ਬੁਨਿਆਦੀ ਢਾਂਚਾ, ਸਮੁੰਦਰੀ/ਹਵਾਈ ਅੱਡੇ ਦੀ ਪਹੁੰਚ ਆਦਿ ਯਕੀਨੀ ਬਣਾਈ ਜਾ ਸਕੇ। ਰਾਜ ਸਰਕਾਰ ਬੁਨਿਆਦੀ ਢਾਂਚੇ ਦੀ ਸਹਾਇਤਾ, ਸੰਸਥਾਗਤ ਸੰਪਰਕ, ਵਿੱਤੀ ਪ੍ਰੋਤਸਾਹਨ, ਮਨੁੱਖੀ ਸ਼ਕਤੀ ਦਾ ਵਿਕਾਸ ਅਤੇ ਸਮਰੱਥਾ ਦਾ ਵਿਕਾਸ ਮੌਜੂਦਾ ਨੀਤੀ ਅਤੇ ਮੌਜੂਦਾ ਪ੍ਰਾਵਧਾਨਾਂ ਤੋਂ ਇਲਾਵਾ ਕੋਈ ਵਧੀਕ ਲਾਭ ਦੇਣ ਲਈ ਵਚਨਬੱਧ ਹੋ ਸਕਦੀ ਹੈ ਤਾਂ ਕਿ ਨਿਵੇਸ਼ ਆਕਰਸ਼ਿਤ ਕੀਤਾ ਜਾ ਸਕੇ। ਰਾਜ ਵਿੱਚ ਵਸਤਰ ਕੇਂਦਰ ਹੁਨਰ ਦੇ ਘੱਪੇ ਅਤੇ ਹੁਨਰਮੰਦ ਮਨੁੱਖੀ ਸ਼ਕਤੀ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਖੇਤਰ ਵਿੱਚ ਖੋਲ੍ਹਣ ਦਾ ਪ੍ਰਸਤਾਵ ਕੀਤਾ ਜਾ ਸਕਦਾ ਹੈ। ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਦੂਸਰੀ ਸੰਸਥਾਗਤ ਸਹਾਇਤਾ ਦੁਆਰਾ ਕੱਪੜਾ ਇੰਜਨੀਅਰਿੰਗ ਕੋਰਸ ਰਾਜ ਸਰਕਾਰਾਂ ਵਲੋਂ ਪ੍ਰਸਤਾਵਿਤ ਕੀਤੇ ਜਾ ਸਕਦੇ ਹਨ।

ਪ੍ਰਸਤਾਵਿਤ ਖੇਤਰ ਨੂੰ ਆਮ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦੇ ਵਿਕਾਸ ਲਈ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਹੋਰ ਮਜਬੂਤ ਕੀਤਾ ਜਾ ਸਕਦਾ ਹੈ। ਇਹ ਮੌਜੂਦਾ ਸਕੀਮਾਂ ਅਤੇ ਵਾਧੂ ਸਹਾਇਤਾ ਦੇ ਮਿਲਾਨ ਨਾਲ ਕੀਤਾ ਜਾ ਸਕਦਾ ਹੈ ਜੋ ਕੇਂਦਰ ਸਰਕਾਰ ਵਲੋਂ ਅਜਿਹੇ ਕੇਂਦਰ ਸਥਾਪਤ ਕਰਨ ਲਈ ਢੁੱਕਵੇਂ ਸਮਝੇ ਜਾਣਗੇ। ਅਜਿਹਾ ਬੁਨਿਆਦੀ ਢਾਂਚਾ ਸਿੱਧਾ ਵਿਦੇਸ਼ੀ ਨਿਵੇਸ਼ ਅਤੇ ਘਰੇਲੂ ਨਿਵੇਸ਼ ਆਕਰਸ਼ਿਤ ਕਰਕੇ ਭਾਰਤ ਸਰਕਾਰ ਦੀਆਂ *ਮੇਕ ਇਨ ਇੰਡੀਆ* ਦੀਆਂ ਪਹਿਲਕਦਮੀਆਂ ਨੂੰ ਗਤੀ ਪ੍ਰਦਾਨ ਕਰ ਸਕਦਾ ਹੈ। ਇਹ ਪਹਿਲਕਦਮੀਆਂ ਯਕੀਨਨ ਭਾਰਤ ਦੇ ਕੱਪੜਾ ਉਦਯੋਗ ਵਿੱਚ ਦੁਨੀਆਂ ਦੇ ਮੋਹਰੀ ਆਗੂ ਵਜੋਂ ਉੱਭਰਨ ਲਈ ਸਹਾਈ ਹੋਣਗੀਆਂ।

*(ਲੇਖਕ ਆਈ ਐੱਲ ਐਂਡ ਐੱਫ ਐੱਸ ਕਲਸਟਰ ਡਿਵੈਲਪਮੈਂਟ ਇਨੀਸ਼ੀਏਟਿਵ ਪ੍ਰਾ.ਲਿਮ. ਵਿੱਚ ਐਗਜ਼ੀਕਿਊਟਿਵ ਡਾਇਰੈਕਟਰ ਹਨ)*

*e-mail :ak@ilfsindia.com*

**ਯੋਜਨਾ (ਪੰਜਾਬੀ)**

**ਦਾ ਅਗਲਾ ਅੰਕ**

- **ਨਵੰਬਰ 2016 – ਇਹ ਅੰਕ ਕਰ ਸੁਧਾਰ ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹230, ਦੋ ਸਾਲ : ₹430, ਤਿੰਨ ਸਾਲ : ₹610***

***ਗੁਆਂਢੀ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**
**(Advertisement & Circulation )**

**Publications Division, Ministry of Information and Broadcasting**

**Room No. 48-53, Soochna Bhawan, C.G.O. Complex, Lodhi Road,New Delhi-110003. (Tel.011-24367260)**

***email-pdjucir@gmail.com***

# ਭਾਰਤੀ ਕੱਪੜਾ : ਵਿਸ਼ਵ ਦ੍ਰਿਸ਼

ਆਰ ਕੇ ਡਾਲਮੀਆ

## ਜਾਣ ਪਛਾਣ

ਵਿਸ਼ਵ ਆਰਥਿਕਤਾ ਨੂੰ ਮੋੜਾ ਪੈਣਾ ਜਾਰੀ ਹੈ ਪਰ ਹਮੇਸ਼ਾ ਲਈ ਧੀਮੀ ਹੋ ਰਹੀ ਅਤੇ ਨਾਜ਼ੁਕ ਗਤੀ ਨਾਲ। 2015 ਵਿੱਚ ਵਿਸ਼ਵ ਵਪਾਰ ਦੀ ਮਾਤਰਾ ਹੌਲੀ-ਹੌਲੀ ਵਧਦੀ ਗਈ, ਜਿਸ ਵਿੱਚ ਵਿਸ਼ਵ ਦੇ ਕੁੱਲ ਘਰੇਲੂ ਉਤਪਾਦ ਦੀ 2.4 ਪ੍ਰਤਿਸ਼ਤ ਦੀ ਵਿਕਾਸ ਦਰ ਦੇ ਐਨ ਮੁਤਾਬਕ ਕਮਜ਼ੋਰ ਪਰ 2.7 ਪ੍ਰਤਿਸ਼ਤ ਦਾ ਹਾਂ ਪੱਖੀ ਵਾਧਾ ਦਰਜ ਕੀਤਾ ਗਿਆ। ਵਿਸ਼ਵ ਵਪਾਰ ਸੰਸਥਾ (ਡਬਲਯੂ ਟੀ ਓ) ਦੀ ਇਕ ਤਾਜ਼ਾ ਰਿਪੋਰਟ (ਜੁਲਾਈ, 2016) ਮੁਤਾਬਕ ਇਸ ਕਮਜ਼ੋਰ ਗਤੀ ਦੇ ਕਈ ਕਾਰਨ ਹੋ ਸਕਦੇ ਹਨ ਜਿਸ ਵਿੱਚ ਚੀਨ ਦੀ ਆਰਥਿਕ ਮੰਦੀ, ਵੱਡੇ ਵਿਕਾਸਸ਼ੀਲ ਅਰਥਚਾਰਿਆਂ ਵਿੱਚ ਮੰਦੀ, ਤੇਲ ਅਤੇ ਦੂਸਰੀਆਂ ਚੀਜ਼ਾਂ ਦੀਆਂ ਘਟਦੀਆਂ ਕੀਮਤਾਂ ਅਤੇ ਮੁਦਰਾ ਵਟਾਂਦਰਾ ਦਰਾਂ ਵਿੱਚ ਤਗੜੇ ਉਤਾਰ ਚੜ੍ਹਾਅ ਆਦਿ ਸ਼ਾਮਲ ਹਨ।

ਵਿਸ਼ਵ ਵਪਾਰ ਵਿਕਾਸ ਦੀ ਮੌਜੂਦਾ ਹਾਲਤ ਨੂੰ ਵੇਖਦਿਆਂ, ਵਿਸ਼ਵ ਵਪਾਰ ਸੰਸਥਾ ਦੀ ਰਿਪੋਰਟ ਮੁਤਾਬਕ ਕੁੱਝ ਉੱਭਰ ਰਹੀਆਂ ਪੱਧਤੀਆਂ ਦਾ ਜ਼ਿਕਰ ਕਰਨਾ ਬਣਦਾ ਹੈ। ਸਭ ਤੋਂ ਪਹਿਲਾਂ, ਜਦ ਕਿ ਵਪਾਰ ਵਾਧੇ ਦੀ ਡਾਲਰ ਦੀ ਕੀਮਤ ਵਿੱਚ ਗਿਰਾਵਟ ਆਈ ਹੈ ਵਪਾਰ ਦੀ ਮਾਤਰਾ ਵਿੱਚ ਵਾਧੇ ਦੀ ਦਰ ਸਥਿਰ ਰਹੀ ਹੈ, ਸਗੋਂ ਇਸ ਵਿੱਚ ਵਾਧਾ ਵੇਖਿਆ ਗਿਆ ਹੈ। ਦੂਜਾ, ਵਸਤਾਂ ਦੇ ਵਪਾਰ ਅਤੇ ਤਿਆਰ ਵਸਤਾਂ ਦੇ ਵਪਾਰ ਵਿੱਚ ਗਿਰਾਵਟ ਆਉਣ ਨਾਲ ਵਪਾਰ ਦੀ ਬਣਤਰ ਵਿਕਸਿਤ ਹੋਈ ਹੈ। ਤੀਜਾ, ਪੂਰਤੀ ਪੱਖ ਤੇ "ਫੈਕਟਰੀ ਏਸ਼ੀਆ" ਦੇ ਯੋਗਦਾਨ ਵਿੱਚ ਗਿਰਾਵਟ ਅਤੇ ਨਾਲ ਦੀ ਨਾਲ ਮੰਗ ਪੱਖ ਤੋਂ ਏਸ਼ੀਆ ਤੋਂ (ਜਿਸ ਨੇ 2011-2013 ਵਿੱਚ ਵਿਕਾਸ ਨੂੰ ਹੁਲਾਰਾ ਦਿੱਤਾ ਸੀ) ਅਮਰੀਕਾ/ਯੂਰਪ ਵੱਲ ਸੰਤੁਲਨ ਬਦਲਣ ਨਾਲ ਵਪਾਰ ਵਿੱਚ ਵਾਧੇ ਦੇ ਇਨ੍ਹਾਂ ਸਧਾਰਨ ਪੱਧਰਾਂ ਉਤੇ ਅਸਰ ਪਿਆ ਹੈ ਪਰ 2015 ਵਿੱਚ (-) 13 ਪ੍ਰਤਿਸ਼ਤ ਡਿਗ ਕੇ 16 ਟ੍ਰਿਲੀਅਨ ਅਮਰੀਕੀ ਡਾਲਰ ਰਹਿ ਗਈ ਜਿਸ ਦਾ ਮੁੱਖ ਕਾਰਨ ਨਿਰਯਾਤ ਕੀਮਤਾਂ ਵਿੱਚ ਗਿਰਵਾਟ ਸੀ।

ਜਦ ਕਿ ਮੰਦੀ ਦੇ ਦੌਰ ਸਮੇਂ ਵਿਸ਼ਵ ਬਾਜ਼ਾਰ ਦੇ ਸਾਰੇ ਖੇਤਰਾਂ ਵਿੱਚ ਮੰਗ ਵਿੱਚ ਖੜੋਤ ਰਹੀ ਹੈ, ਭਾਰਤ ਦਾ ਕੱਪੜਾ ਖੇਤਰ ਵਿੱਤੀ ਸਾਲ 2016 ਦੌਰਾਨ 1 ਪ੍ਰਤਿਸ਼ਤ ਦੀ ਦਰ ਨਾਲ ਵਿਕਸਤ ਹੋਣ ਵਿੱਚ ਸਫਲ ਰਿਹਾ ਹੈ। ਭਾਵੇਂ ਕਿ ਜ਼ਿਆਦਾ ਤੋਂ ਜ਼ਿਆਦਾ ਇਸ ਨੂੰ ਸਾਧਾਰਨ ਆਖਿਆ ਜਾ ਸਕਦਾ ਹੈ, ਪਰ ਇਸ ਸਮੇਂ ਦੌਰਾਨ ਵਿਸ਼ਵ ਕੱਪੜਾ ਬਾਜ਼ਾਰ ਵਿੱਚ 5 ਪ੍ਰਤਿਸ਼ਤ ਗਿਰਾਵਟ ਦੀ ਤੁਲਨਾ ਵਿੱਚ ਇਸ ਨੂੰ ਤਸੱਲੀਬਖਸ਼ ਆਖਿਆ ਜਾਣਾ ਬਣਦਾ ਹੈ।

## ਕੱਪੜਾ ਉਦਯੋਗ ਵਪਾਰ : ਭਾਰਤ ਅਤੇ ਵਿਸ਼ਵ

ਭਾਰਤ ਦਾ ਕੱਪੜਾ ਤੇ ਵਸਤਰ ਉਦਯੋਗ ਭਾਰਤ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਰਹੇ ਹਨ। ਇਸ ਵਲੋਂ ਰਾਸ਼ਟਰੀ ਕੁੱਲ ਘਰੇਲੂ ਉਤਪਾਦ ਵਿੱਚ 4 ਪ੍ਰਤਿਸ਼ਤ ਰੋਜ਼ਗਾਰ ਵਿੱਚ 21 ਪ੍ਰਤਿਸ਼ਤ, ਉਦਯੋਗਿਕ ਉਤਪਾਦਨ ਵਿੱਚ 14 ਪ੍ਰਤਿਸ਼ਤ, ਕੁੱਲ ਉਤਪਾਦਨ ਨਿਰਯਾਤ ਵਿੱਚ 1/3, 12 ਪ੍ਰਤਿਸ਼ਤ ਵਿਦੇਸ਼ੀ ਸਿੱਕਾ ਕਮਾਉਣ ਅਤੇ ਪਿਛਲੇ 15 ਸਾਲਾਂ ਦੌਰਾਨ 3 ਲੱਖ ਕਰੋੜ ਤੋਂ ਵੱਧ ਦਾ ਨਿਵੇਸ਼ ਆਕਰਸ਼ਿਤ ਕਰਨ ਅਤੇ 10 ਮਿਲੀਅਨ ਲੋਕਾਂ ਲਈ ਨਵੀਆਂ ਨੌਕਰੀਆਂ ਦਾ ਨਿਰਮਾਣ ਕਰਨ ਵਿੱਚ ਯੋਗਦਾਨ ਪਾਇਆ ਗਿਆ ਹੈ। ਇਹ ਉਦਯੋਗ ਮੁੱਖ ਤੌਰ ਤੇ ਕਪਾਹ ਅਧਾਰਤ ਹੈ (65 ਪ੍ਰਤਿਸ਼ਤ ਤੋਂ ਵੱਧ)।

2015 ਵਿੱਚ ਕੱਪੜੇ ਅਤੇ ਵਸਤਰਾਂ ਦਾ ਵਿਸ਼ਵ ਵਪਾਰ 745 ਬਿਲੀਅਨ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਸੀ ਜਿਸ ਦੇ ਆਉਣ ਵਾਲੇ ਸਾਲਾਂ ਦੌਰਾਨ 6 ਪ੍ਰਤਿਸ਼ਤ ਸੀ ਏ ਜੀ ਆਰ ਨਾਲ ਵਧ ਕੇ 2020 ਤੱਕ 1,120 ਬਿਲੀਅਨ ਅਮਰੀਕੀ ਡਾਲਰ ਹੋਣ ਦੀ ਉਮੀਦ ਹੈ। ਇਸ ਵਿੱਚ ਕੱਪੜੇ ਦਾ ਵੱਡਾ ਹਿੱਸਾ ਹੋਵੇਗਾ। ਇਸ ਤੋਂ ਬਾਅਦ ਕੱਪੜੇ ਤੋਂ ਬਣੇ ਉਤਪਾਦ ਅਤੇ ਧਾਗਾ ਹੋਵੇਗਾ। ਕੱਪੜਾ ਅਤੇ ਵਸਤਰ ਉਦਯੋਗ ਅੰਦਰ ਦੁਨੀਆਂ ਭਰ ਵਿੱਚ 170 ਮਿਲੀਅਨ ਤੋਂ ਵੱਧ ਲੋਕਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ ਜਿਸ ਦੀ ਵੱਡੀ ਗਿਣਤੀ ਏਸ਼ੀਆ ਵਿੱਚ ਹੈ। 2011-2015 ਦੇ ਸਮੇਂ ਦੌਰਾਨ ਕੱਪੜਾ ਅਤੇ ਵਸਤਰ ਖੇਤਰ 0.54 ਪ੍ਰਤਿਸ਼ਤ ਸੀ ਏ ਜੀ ਆਰ ਦੀ ਦਰ ਨਾਲ ਵਿਕਸਤ ਹੋਇਆ। 2008-2009 ਦੇ ਮਾਲੀ ਸੰਕਟ ਤੋਂ ਬਾਅਦ ਅਤੇ 2014 ਤੱਕ, ਏਸ਼ੀਆ ਨੇ ਵਿਸ਼ਵ ਵਪਾਰ ਵਿੱਚ ਮੋੜਾ ਪਾਉਣ ਲਈ ਕਿਸੇ ਵੀ ਹੋਰ ਖਿੱਤੇ ਤੋਂ ਵੱਧ ਯੋਗਦਾਨ ਪਾਇਆ ਹੈ। ਪਰ, ਵਿਸ਼ਵ ਨਿਰਯਾਤ ਮੰਗ 'ਤੇ ਇਨ੍ਹਾਂ ਦਾ ਖੇਤਰੀ ਪ੍ਰਭਾਵ 2015 ਵਿੱਚ ਸਧਾਰਨ ਸੀ ਕਿਉਂਕਿ ਚੀਨ ਅਤੇ ਦੂਜੇ ਏਸ਼ਿਆਈ ਅਰਥਚਾਰਿਆਂ ਵਿੱਚ ਮੰਦੀ ਦਰਜ ਕੀਤੀ ਗਈ।

ਕੱਪੜੇ ਅਤੇ ਵਸਤਰਾਂ ਦੇ 10 ਸਿਖਰਲੇ ਪੂਰਤੀਕਾਰਾਂ ਵਲੋਂ ਜਨਵਰੀ-ਦਸੰਬਰ 2015 ਦੇ ਸਮੇਂ ਦੌਰਾਨ 525.38 ਬਿਲੀਅਨ ਅਮਰੀਕੀ ਡਾਲਰ ਕੀਮਤ ਦੇ ਕੱਪੜੇ ਅਤੇ ਵਸਤਰ ਦੁਨੀਆਂ ਨੂੰ ਨਿਰਯਾਤ ਕੀਤੇ ਗਏ ਜੋ ਕੁੱਲ ਨਿਰਯਾਤ ਦਾ 70.53 ਪ੍ਰਤਿਸ਼ਤ ਬਣਦਾ ਹੈ। 2015 ਵਿੱਚ ਭਾਰਤ ਨੇ ਕੱਪੜੇ ਅਤੇ ਵਸਤਰਾਂ ਦੇ ਨਿਰਯਾਤ ਵਿੱਚ 37.22 ਬਿਲੀਅਨ ਅਮਰੀਕੀ ਡਾਲਰ ਦਾ

ਪੱਧਰ ਹਾਸਲ ਕਰ ਲਿਆ ਅਤੇ ਵਿਸ਼ਵ ਦੇ ਕੱਪੜਾ ਅਤੇ ਵਸਤਰ ਵਪਾਰ ਵਿੱਚ ਇਸ ਦੀ ਹਿੱਸੇਦਾਰੀ 2015 ਵਿੱਚ ਅਨੁਮਾਨਿਤ 5 ਪ੍ਰਤਿਸ਼ਤ ਸੀ।

ਕੱਪੜੇ ਦੇ 10 ਸਿਖਰਲੇ ਪੂਰਤੀਕਾਰਾਂ ਵਲੋਂ ਜਨਵਰੀ-ਦਸੰਬਰ 2015 ਦੇ ਸਮੇਂ ਦੌਰਾਨ ਵਿਸ਼ਵ ਵਿੱਚ 319.35 ਬਿਲੀਅਨ ਅਮਰੀਕੀ ਡਾਲਰ ਦੀਆਂ ਵਸਤਾਂ ਨਿਰਯਾਤ ਕੀਤੀਆਂ ਗਈਆਂ ਜੋ ਹਿੱਸੇਦਾਰੀ ਪੱਖੋਂ 71.21 ਪ੍ਰਤਿਸ਼ਤ ਬਣਦਾ ਹੈ। 2015 ਵਿੱਚ ਅਮਰੀਕਾ ਸਭ ਤੋਂ ਵੱਡਾ ਕੱਪੜਾ ਆਯਾਤਕ ਸੀ। ਇਸ ਵਲੋਂ 29.01 ਬਿਲੀਅਨ ਅਮਰੀਕੀ ਡਾਲਰ ਦੇ ਬਰਾਬਰ ਆਯਾਤ ਕੀਤਾ ਗਿਆ। ਚੀਨ ਤੋਂ ਬਾਅਦ ਭਾਰਤ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਕੱਪੜਾ ਨਿਰਯਾਤਕ ਹੈ। ਇਸ ਵਲੋਂ ਜਨਵਰੀ-ਦਸੰਬਰ 2015 ਦੇ ਸਮੇਂ ਦੌਰਾਨ 20.05 ਬਿਲੀਅਨ ਅਮਰੀਕੀ ਡਾਲਰ ਦੇ ਮੁੱਲ ਦੀਆਂ ਵਸਤਾਂ ਨਿਰਯਾਤ ਕੀਤੀਆਂ ਗਈਆਂ। ਵਿਸ਼ਵ ਬਾਜ਼ਾਰ ਵਿੱਚ ਇਨ੍ਹਾਂ ਵਸਤਾਂ ਦੀ ਹਿੱਸੇਦਾਰੀ 6.28 ਪ੍ਰਤਿਸ਼ਤ ਬਣਦੀ ਹੈ। 9.05 ਪ੍ਰਤਿਸ਼ਤ ਦੇ ਤੀਜੇ ਸਭ ਤੋਂ ਵੱਡੇ ਹਿੱਸੇ ਨਾਲ ਭਾਰਤ ਨੇ 2015 ਵਿੱਚ ਯੂਰਪੀ ਸੰਘ (28) ਨੂੰ 2.88 ਬਿਲੀਅਨ ਅਮਰੀਕੀ ਡਾਲਰ ਦੇ ਮੁੱਲ ਦੀਆਂ ਕੱਪੜਾ ਵਸਤਾਂ ਨਿਰਯਾਤ ਕੀਤੀਆਂ।

ਭਾਵੇਂ ਕਿ ਬਹੁਤ ਸਾਰੇ ਦੇਸ਼ਾਂ ਨੇ ਕੱਪੜੇ ਦੇ ਆਯਾਤ ਵਿੱਚ ਨਾਂਹ ਮੁਖੀ ਵਾਧਾ ਦਰਜ ਕੀਤਾ, ਪਰ ਵੀਅਤਨਾਮ ਨੇ 19.16 ਬਿਲੀਅਨ ਅਮਰੀਕੀ ਡਾਲਰ ਦੇ ਬਰਾਬਰ ਕੱਪੜਾ ਨਿਰਯਾਤ ਕਰਕੇ 5.47 ਪ੍ਰਤਿਸ਼ਤ ਦਾ ਸਭ ਤੋਂ ਵੱਡਾ ਵਾਧਾ ਦਰਜ ਕੀਤਾ। ਇਸ ਤੋਂ ਬਾਅਦ ਬੰਗਲਾਦੇਸ਼ ਨੇ 8.94 ਬਿਲੀਅਨ ਅਮਰੀਕੀ ਡਾਲਰ ਦੀਆਂ ਵਸਤਾਂ ਨਿਰਯਾਤ ਕਰਕੇ 5.45 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ। ਇਸ ਸਮੇਂ ਦੌਰਾਨ ਭਾਰਤ ਨੇ 18.64 ਬਿਲੀਅਨ ਅਮਰੀਕੀ ਡਾਲਰ ਮੁੱਲ ਦੇ ਕੱਪੜਾ ਉਤਪਾਦ (ਸਾਰੇ ਰੇਸ਼ੇ) ਅਤੇ 11.13 ਬਿਲੀਅਨ ਅਮਰੀਕੀ ਡਾਲਰ ਦੇ ਸੂਤੀ ਕੱਪੜਾ ਉਤਪਾਦ ਨਿਰਯਾਤ ਕੀਤੇ। ਸੂਤ ਤੋਂ ਬਣੇ ਹੋਏ ਕੱਪੜੇ ਭਾਰਤ ਦੇ ਸੂਤੀ ਕੱਪੜੇ ਦੇ ਬਾਜ਼ਾਰ ਵਿੱਚ ਭਾਰੂ ਰਹੇ ਜਿਨ੍ਹਾਂ ਦੀ ਹਿੱਸੇਦਾਰੀ 46.09 ਪ੍ਰਤਿਸ਼ਤ ਸੀ। ਇਸ ਤੋਂ ਬਾਅਦ ਸੂਤੀ ਧਾਗਾ (34.05 ਪ੍ਰਤਿਸ਼ਤ) ਅਤੇ ਸੂਤੀ ਰੇਸ਼ਾ (19.86 ਪ੍ਰਤਿਸ਼ਤ) ਆਉਂਦੇ ਹਨ।

ਸਾਲਾਂ ਬੱਧੀ ਭਾਰਤ ਦੇ ਸੂਤੀ ਕੱਪੜਾ ਉਦਯੋਗ ਨੇ ਸਿਹਤਮੰਦ ਵਿਕਾਸ ਦਰ ਬਣਾਈ ਰੱਖੀ ਹੈ। ਇਸ ਦਾ ਉਦਯੋਗਿਕ ਉਤਪਾਦਨ ਵਿੱਚ ਹਿੱਸਾ 14 ਪ੍ਰਤਿਸ਼ਤ ਹੈ, ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿੱਚ 4 ਪ੍ਰਤਿਸ਼ਤ ਅਤੇ ਨਿਰਯਾਤ ਤੋਂ ਹੋਣ ਵਾਲੀ ਕਮਾਈ ਵਿੱਚ 13 ਪ੍ਰਤਿਸ਼ਤ ਹਿੱਸਾ ਹੈ। ਇਸ ਖੇਤਰ ਵਿੱਚ 45 ਮਿਲੀਅਨ ਵਿਅਕਤੀਆਂ ਨੂੰ ਸਿੱਧੇ ਅਤੇ 60 ਮਿਲੀਅਨ ਵਿਅਕਤੀਆਂ ਨੂੰ ਅਸਿੱਧੇ ਤੌਰ ਤੇ ਰੋਜ਼ਗਾਰ ਮਿਲਿਆ ਹੋਇਆ ਹੈ। ਇਸ ਉਦਯੋਗ ਨੂੰ 2015-16 ਦੇ ਮਾਲੀ ਸਾਲ ਦੌਰਾਨ ਵਿਸ਼ਵ ਮੰਦੀ ਕਪਾਹ ਵਰਗੇ ਕੱਚੇ ਮਾਲ ਦੀ ਕੀਮਤ ਵਿੱਚ ਉਤਾਰ-ਚੜ੍ਹਾਅ, ਬਿਜਲੀ ਅਤੇ ਤੇਲ ਜਿਹੀਆਂ ਸੇਵਾਵਾਂ ਦੀ ਉੱਚ ਲਾਗਤ, ਬੁਨਿਆਦੀ ਢਾਂਚੇ ਸੰਬੰਧੀ ਰੁਕਾਵਟਾਂ ਜਿਵੇਂ ਸਮਾਨ ਅਤੇ ਲੈਣ-ਦੇਣ ਦੀਆਂ ਉੱਚ ਲਾਗਤਾਂ ਨਾਲ ਸੰਬੰਧਿਤ ਬਹੁਤ ਸਾਰੀਆਂ ਚੁਨੌਤੀਆਂ ਦਾ ਸਾਹਮਣਾ ਕਰਨਾ ਪਿਆ।

ਇਸ ਦੌਰ ਵਿੱਚ ਮੁਕਾਬਲੇ ਵਾਲੇ ਦੇਸ਼ਾਂ ਜਿਵੇਂ ਬੰਗਲਾਦੇਸ਼, ਵੀਅਤਨਾਮ ਅਤੇ ਕੰਬੋਡੀਆ ਵਿੱਚ "ਕੱਪੜੇ ਦੇ ਕੇਂਦਰਾਂ" ਦੇ ਤੌਰ ਤੇ ਸੰਚਾਲਨ ਅਤੇ ਉਨ੍ਹਾਂ ਨੂੰ ਵਿਕਸਤ ਅਰਥਚਾਰਿਆਂ ਜਿਵੇਂ ਯੂਰਪੀ ਸੰਘ, ਕੈਨੇਡਾ ਅਤੇ ਆਸਟ੍ਰੇਲੀਆ ਵਲੋਂ ਟੈਕਸ ਤਰਜੀਹਾਂ ਦਿੱਤੇ ਜਾਣ ਨਾਲ ਹੋਏ ਸਥਿਰ ਵਿਕਾਸ ਕਾਰਨ ਸੰਚਾਲਨ ਵਿੱਚ ਮਜਬੂਤੀ ਵੀ ਆਈ। ਇਸ ਤਰਜੀਹੀ ਰਸਾਈ ਨੇ ਭਾਰਤ ਵਲੋਂ ਬਹੁਤ ਸਾਰੀਆਂ ਵਸਤਰ/ਕੱਪੜਾ ਵਸਤਾਂ ਵਿੱਚ ਆਪਣੀ ਬਾਜ਼ਾਰੀ ਹਿੱਸੇਦਾਰੀ ਗੁਆਉਣ ਵਿੱਚ ਵੀ ਯੋਗਦਾਨ ਪਾਇਆ।

## ਭਾਰਤੀ ਕੱਪੜਾ ਉਦਯੋਗ ਬਾਰੇ ਘੱਟ ਜਾਣੇ ਜਾਂਦੇ ਤੱਥ

ਭਾਰਤ ਦੇ ਕੱਪੜਾ ਉਦਯੋਗ ਦੀ ਵਿਸ਼ੇਸ਼ਤਾ ਬਹੁਤ ਘੱਟ ਫੁਟਕਲ ਖਰਚੇ ਹਨ ਜੋ ਬਰਾਬਰ ਅਕਾਰ ਦੀਆਂ ਹੋਰ ਕੰਪਨੀਆਂ ਦੇ ਫੁਟਕਲ ਖਰਚਿਆਂ ਦੇ ਮੁਕਾਬਲੇ ਇਕ ਕਿਣਕਾ ਮਾਤਰ ਹੈ। ਉਤਪਾਦਨ ਅਤੇ ਲਾਗਤ ਅੰਕੜਿਆਂ ਦੇ ਮਿਆਰੀਕਰਨ ਦੇ ਪੰਜ ਅੰਕੜਿਆਂ ਨੇ ਕੱਪੜਾ ਉਦਯੋਗ ਨੂੰ ਮੁਕਾਬਲੇ ਵਾਲਾ ਬਣੇ ਰਹਿਣ ਵਿੱਚ ਮਦਦ ਕੀਤੀ ਹੈ। ਜ਼ਿਆਦਾਤਰ ਮਿੱਲਾਂ "ਲੀਨ ਮੈਨੂਫੈਕਚਰਿੰਗ" ਦੀ ਪਾਲਣਾ ਕਰਦੀਆਂ ਹਨ ਜਿਸ ਵਿੱਚ ਚੀਨ ਦੇ ਮੁਕਾਬਲੇ ਵੀ ਮਸ਼ੀਨਾਂ ਦੀ ਕਤਾਈ ਅਤੇ ਬੁਣਾਈ ਦੀ ਰਫਤਾਰ 30 ਪ੍ਰਤਿਸ਼ਤ ਵੱਧ ਹੁੰਦੀ ਹੈ। ਦੂਜੇ ਕੱਪੜਾ ਉਤਪਾਦਕ ਦੇਸ਼ਾਂ ਦੇ ਮੁਕਾਬਲੇ ਭਾਰਤ ਦੀ ਕਤਾਈ, ਬੁਣਾਈ ਅਤੇ ਪ੍ਰਾਸੈਸਿੰਗ ਵਿੱਚ ਨਿਰਮਾਣ ਲਾਗਤ ਮੁਕਾਬਲੇਬਾਜ਼ੀ ਵਿੱਚ ਵੱਡਾ ਸੁਧਾਰ ਆਇਆ ਹੈ ਜਿਸ ਨੂੰ ਬਣਾਈ ਰੱਖਣ ਦੀ ਲੋੜ ਹੈ।

## ਕੱਪੜਾ ਖੇਤਰ ਵਿੱਚ ਰੋਜ਼ਗਾਰ

5000 ਤੋਂ ਵੱਧ ਕੱਪੜਾ ਕੰਪਨੀਆਂ ਦਾ ਸਾਲਾਨਾ ਨਿਰਯਾਤ ਦਾ ਕਾਰੋਬਾਰ 50 ਕਰੋੜ ਰੁਪਏ ਤੋਂ ਵੱਧ ਹੈ। ਇਸ ਸੱਨਅਤ ਵਿੱਚ ਨੌਕਰੀਆਂ ਦੇ ਨਿਰਮਾਣ ਕਰਨ ਦੀ ਲਾਗਤ ਸਭ ਤੋਂ ਘੱਟ ਹੈ ਅਤੇ ਔਰਤ ਕਰਮਚਾਰੀਆਂ ਦੀ ਪ੍ਰਤਿਸ਼ਤ ਸਭ ਤੋਂ ਵੱਧ ਹੈ। ਕੱਪੜਾ ਉਤਪਾਦ ਦੀ ਨਿਰਯਾਤ ਦੇ ਪ੍ਰਤਿ ਰੁਪਏ ਪਿੱਛੇ ਰੋਜ਼ਗਾਰ ਦਰ ਹੋਰਨਾਂ ਵਸਤਾਂ ਦੇ ਮੁਕਾਬਲੇ ਵੱਧ ਹੈ ਜਦ ਕਿ ਸ਼ੁੱਧ ਵਿਦੇਸ਼ੀ ਸਿੱਕੇ ਦੀ ਕਮਾਈ ਵੀ ਸਭ ਤੋਂ ਵੱਧ ਹੈ। ਇਹ ਉਦਯੋਗ ਰੋਜ਼ਗਾਰ ਨਿਰਮਾਣ ਵਿੱਚ ਵੀ ਵਰਨਣਯੋਗ ਯੋਗਦਾਨ ਪਾ ਰਿਹਾ ਹੈ ਕਿਉਂਕਿ ਇਕ ਅਨੁਮਾਨ ਮੁਤਾਬਕ ਹਰੇਕ 1 ਬਿਲੀਅਨ ਡਾਲਰ ਉਤਪਾਦਨ 25,000 ਸਿੱਧੀਆਂ ਨੌਕਰੀਆਂ ਪੈਦਾ ਕਰ ਰਿਹਾ ਹੈ ਅਤੇ ਵਿਦੇਸ਼ੀ ਸਿੱਕੇ ਦੀ ਕਮਾਈ ਕਰ ਰਿਹਾ ਹੈ। ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲਾ, ਭਾਰਤ ਸਰਕਾਰ ਦੀ ਇਕ ਰਿਪੋਰਟ ਮੁਤਾਬਕ ਕੱਪੜਾ ਅਤੇ ਵਸਤਰ ਉਦਯੋਗ ਦੀ ਸਰਕਾਰ ਦੀ 'ਮੇਕ ਇਨ ਇੰਡੀਆ' ਮੁਹਿੰਮ ਵਿੱਚ ਰੋਜ਼ਗਾਰ ਨਿਰਮਾਣ ਵਿੱਚ ਯੋਗਦਾਨ ਕਾਰਨ ਮਹੱਤਵਪੂਰਨ ਭੂਮਿਕਾ ਹੋਵੇਗੀ। ਰਿਪੋਰਟ ਕਹਿੰਦੀ ਹੈ ਇਸ ਖੇਤਰ ਵਿੱਚ ਕੁੱਲ ਰੋਜ਼ਗਾਰ 2008 ਦੇ 33-35 ਮਿਲੀਅਨ ਤੋਂ ਵਧ ਕੇ 2022 ਤੱਕ 60-62 ਮਿਲੀਅਨ ਹੋ ਜਾਵੇਗਾ।

## ਤਾਕਤਾਂ ਅਤੇ ਮੌਕੇ ਇਕ ਮੁਲਾਂਕਣ

ਦੂਜੇ ਬਾਜ਼ਾਰਾਂ ਦੇ ਉਦਯੋਗਾਂ ਦੇ ਮੁਕਾਬਲੇ ਭਾਰਤ ਦੇ ਕੱਪੜਾ ਉਦਯੋਗ ਦੀਆਂ ਬਹੁਤ ਸਾਰੀਆਂ ਤਾਕਤਾਂ ਹਨ। ਭਾਰਤ ਕੱਚੇ ਮਾਲ ਦੇ ਮਾਮਲੇ ਵਿੱਚ ਸਵੈ-ਨਿਰਭਰ ਹੈ ਖਾਸ ਕਰਕੇ ਕੁਦਰਤੀ ਰੇਸ਼ਿਆਂ ਦੇ ਮਾਮਲੇ ਵਿੱਚ। ਮੌਜੂਦਾ ਸਮੇਂ ਇਹ ਦੁਨੀਆਂ ਦਾ ਮੋਹਰੀ ਕਪਾਹ ਉਤਪਾਦਕ ਹੈ। ਘੱਟ ਲਾਗਤ ਵਾਲੀ ਅਤੇ ਕੁਸ਼ਲ ਮਨੁੱਖੀ ਸ਼ਕਤੀ ਆਸਾਨੀ ਨਾਲ ਉਪਲਬਧ ਹੈ ਜੋ ਇਸ ਉਦਯੋਗ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦੀ ਹੈ। ਮਜਬੂਤ ਉੱਦਮਤਾ ਹੁਨਰ ਭਾਰਤ ਦੇ

*ਬਾਕੀ ਸਫ਼ਾ 69 ਉੱਤੇ*

# ਕੱਪੜਾ ਨਿਰਯਾਤ : ਮੌਜੂਦਾ ਦ੍ਰਿਸ਼ ਅਤੇ ਅਗਾਂਹ ਦਾ ਰਸਤਾ

ਵਿਜਯਾ ਕਾਤੀ

## ਜਾਣ ਪਛਾਣ

ਕੱਪੜਾ ਉਦਯੋਗ ਭਾਰਤ ਦੇ ਪੁਰਾਣੇ ਉਦਯੋਗਾਂ ਵਿੱਚੋਂ ਇਕ ਹੈ। ਭਾਰਤ ਦੇ ਕੱਪੜਾ ਉਦਯੋਗ ਦਾ ਦੇਸ਼ ਦੇ ਆਰਥਿਕ ਜੀਵਨ ਵਿੱਚ ਇਕ ਮਹੱਤਵਪੂਰਨ ਸਥਾਨ ਹੈ। ਇਸ ਖੇਤਰ ਨੇ ਵਿਦੇਸ਼ੀ ਸਿੱਕੇ ਦੀ ਕਮਾਈ ਅਤੇ ਰੋਜ਼ਗਾਰ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਇਹ ਭਾਰਤ ਦੇ ਅਰਥਚਾਰੇ ਦੇ ਪ੍ਰਮੁੱਖ ਸਤੰਭਾਂ ਵਿੱਚੋਂ ਇਕ ਹੈ। ਇਹ ਉਦਯੋਗ ਦੁਨੀਆਂ ਵਿੱਚ ਸਭ ਤੋਂ ਵੱਡਾ ਹੈ ਜਿਸ ਦਾ ਕੱਚੇ ਮਾਲ ਅਤੇ ਕੱਪੜਾ ਨਿਰਮਾਣ ਦਾ ਵਿਸ਼ਾਲ ਅਧਾਰ ਹੈ। ਲਗਭਗ 27 ਪ੍ਰਤਿਸ਼ਤ ਵਿਦੇਸ਼ੀ ਸਿੱਕੇ ਦੀ ਕਮਾਈ ਕੱਪੜੇ ਅਤੇ ਵਸਤਰਾਂ ਦੇ ਨਿਰਯਾਤ ਤੋਂ ਹੀ ਆਉਂਦੀ ਹੈ। ਭਾਰਤ ਦੁਨੀਆਂ ਵਿੱਚ ਕੱਪੜੇ ਅਤੇ ਵਸਤਰਾਂ ਦਾ ਦੂਜਾ ਸਭ ਤੋਂ ਵੱਡਾ ਉਤਪਾਦਕ ਹੈ। ਇਹ ਉਦਯੋਗ ਦੁਨੀਆਂ ਦੀ 24 ਪ੍ਰਤਿਸ਼ਤ ਕਤਾਈ ਸਮਰੱਥਾ ਅਤੇ 8 ਪ੍ਰਤਿਸ਼ਤ ਧੁਰੀ ਸਮਰੱਥਾ ਦਾ ਮਾਲਕ ਹੈ। ਕੱਚੇ ਮਾਲ, ਜਿਵੇਂ ਕਪਾਹ, ਉੱਨ, ਰੇਸ਼ਮ ਅਤੇ ਪਟਸਨ ਅਤੇ ਨਾਲ ਹੀ ਹੁਨਰਮੰਦ ਕਾਮਾ-ਸ਼ਕਤੀ ਦੀ ਵੱਡੀ ਉਪਲਬਧਤਾ ਨੇ ਦੇਸ਼ ਨੂੰ ਸਰੋਤ ਦੇ ਕੇਂਦਰ ਬਣਾ ਦਿੱਤਾ ਹੈ। ਕੱਪੜਾ ਉਦਯੋਗ ਨੇ ਸਿੱਧੇ ਤੇ ਅਸਿੱਧੇ ਰੋਜ਼ਗਾਰ ਨਿਰਮਾਣ ਅਤੇ ਵਿਦੇਸ਼ੀ ਸਿੱਕੇ ਦੀ ਸ਼ੁੱਧ ਕਮਾਈ ਦੇ ਮਾਮਲੇ ਵਿੱਚ ਰਾਸ਼ਟਰੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਹ ਖੇਤਰ ਉਦਯੋਗਿਕ ਉਤਪਾਦਨ ਵਿੱਚ ਲਗਭਗ 14 ਪ੍ਰਤਿਸ਼ਤ, ਕੁੱਲ ਘਰੇਲੂ ਉਤਪਾਦ ਵਿੱਚ 4 ਪ੍ਰਤਿਸ਼ਤ ਅਤੇ ਦੇਸ਼ ਦੀ ਵਿਦੇਸ਼ੀ ਸਿੱਕੇ ਦੀ ਆਮਦ ਵਿੱਚ 27 ਪ੍ਰਤਿਸ਼ਤ ਯੋਗਦਾਨ ਪਾਉਂਦਾ ਹੈ। ਭਾਰਤ ਦਾ ਕੱਪੜਾ ਉਦਯੋਗ 45 ਮਿਲੀਅਨ ਵਿਅਕਤੀਆਂ ਨੂੰ ਸਿੱਧੇ ਅਤੇ 60 ਮਿਲੀਅਨ ਵਿਅਕਤੀਆਂ ਨੂੰ ਅਸਿੱਧੇ ਰੂਪ ਵਿੱਚ ਰੋਜ਼ਗਾਰ ਪ੍ਰਦਾਨ ਕਰਦਾ ਹੈ। ਖੇਤੀਬਾੜੀ ਤੋਂ ਬਾਅਦ ਇਹ ਦੂਜਾ ਸਭ ਤੋਂ ਵੱਡਾ ਰੋਜ਼ਗਾਰ ਦੇਣ ਵਾਲਾ ਖੇਤਰ ਹੈ। ਇਸ ਪ੍ਰਕਾਰ, ਇਸ ਉਦਯੋਗ ਦੀ ਤਰੱਕੀ ਅਤੇ ਸਰਬਪੱਖੀ ਵਿਕਾਸ ਦਾ ਭਾਰਤ ਦੇ ਅਰਥਚਾਰੇ ਦੇ ਸੁਧਾਰ ਉਤੇ ਸਿੱਧਾ ਅਸਰ ਪਿਆ ਹੈ।

ਕੱਪੜਾ ਅਤੇ ਵਸਤਰ ਉਦਯੋਗ ਦੀ ਸਥਿਰਤਾ ਦੇ ਤਿੰਨ ਪਹਿਲੂ ਹਨ : ਸਮਾਜਕ, ਆਰਥਿਕ ਅਤੇ ਵਾਤਾਵਰਣਿਕ। ਵਿਸ਼ਵੀਕਰਨ ਦਾ ਭਾਰਤ ਦੇ ਕੱਪੜਾ ਨਿਰਯਾਤ ਉਤੇ ਹਾਂ ਪੱਖੀ ਪ੍ਰਭਾਵ ਪਿਆ ਹੈ। ਕੱਪੜਾ ਉਤਪਾਦਨ ਤੇ ਨਿਰਯਾਤ ਕਰਨ ਵਾਲੇ ਦੇਸ਼ਾਂ ਨੇ ਕਤਾਈ ਅਤੇ ਬੁਣਾਈ ਦੇ ਸਾਜ਼-ਸਮਾਨ ਵਿੱਚ ਨਿਵੇਸ਼ ਵਧਾ ਦਿੱਤਾ ਹੈ। ਭਾਵੇਂ ਕਿ ਵਿਕਾਸਸ਼ੀਲ ਦੇਸ਼ਾਂ ਕੋਲ ਘਰੇਲੂ ਤੇ ਵਿਸ਼ਵੀ ਬਾਜ਼ਾਰਾਂ ਵਿੱਚ ਤੁਲਨਾਤਮਕ ਲਾਗਤ ਲਾਭ ਹੈ, ਹਾਲੇ ਵੀ ਉਹ ਵਿਸ਼ਵ ਦੇ ਸਖ਼ਤ ਖਰੀਦਦਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਢਾਂਚਾਗਤ ਬਦਲਾਅ ਅਮਲ ਵਿੱਚ ਲਿਆ ਰਹੇ ਹਨ।

ਭਾਰਤ ਦਾ ਕੱਪੜਾ ਉਦਯੋਗ ਬਹੁਤ ਹੀ ਵਿਭਿੰਨਤਾ ਵਾਲਾ ਹੈ। ਹੱਥ ਨਾਲ ਕੱਤੇ ਅਤੇ ਹੱਥ ਨਾਲ ਬੁਣੇ ਕੱਪੜੇ ਦੇ ਖੇਤਰ ਇਕ ਪਾਸੇ ਹਨ ਜਦ ਕਿ ਪੂੰਜੀ ਮੁਖੀ ਆਧੁਨਿਕ ਮਿੱਲਾਂ ਵਾਲਾ ਖੇਤਰ ਦੂਜੇ ਪਾਸੇ ਹੈ। ਵਿਕੇਂਦਰੀਕ੍ਰਿਤ ਬਿਜਲਈ ਖੱਡੀਆਂ/ਹੌਜ਼ਰੀ ਅਤੇ ਬੁਣਾਈ ਦੇ ਖੇਤਰ ਕੱਪੜਾ ਖੇਤਰ ਦਾ ਸਭ ਤੋਂ ਵੱਡਾ ਭਾਗ ਹਨ। ਕੱਪੜਾ ਉਦਯੋਗ ਦਾ ਖੇਤੀਬਾੜੀ ਨਾਲ ਨੇੜਲਾ ਸੰਬੰਧ (ਕਪਾਹ ਜਿਹੇ ਕੱਚੇ ਮਾਲ ਲਈ) ਅਤੇ ਕੱਪੜੇ ਦੇ ਮਾਮਲੇ ਵਿੱਚ ਦੇਸ਼ ਦਾ ਪੁਰਾਤਨ ਸੱਭਿਆਚਾਰ ਅਤੇ ਰਵਾਇਤਾਂ ਭਾਰਤ ਦੇ ਕੱਪੜਾ ਖੇਤਰ ਨੂੰ ਦੂਜੇ ਦੇਸ਼ਾਂ ਦੀ ਤੁਲਨਾ ਵਿੱਚ ਵਿਲੱਖਣਤਾ ਪ੍ਰਦਾਨ ਕਰਦੇ ਹਨ। ਭਾਰਤ ਦੇ ਕੱਪੜਾ ਉਦਯੋਗ ਵਿੱਚ ਭਿੰਨ-ਭਿੰਨ ਪ੍ਰਕਾਰ ਦੇ ਉਤਪਾਦ ਪੈਦਾ ਕਰਨ ਦੀ ਸਮਰੱਥਾ ਹੈ ਜੋ ਭਾਰਤ ਅਤੇ ਦੁਨੀਆਂ ਭਰ ਦੇ ਵੱਖ-ਵੱਖ ਬਾਜ਼ਾਰ ਵਰਗਾਂ ਦੀਆਂ ਜ਼ਰੂਰਤਾਂ ਲਈ ਢੁੱਕਵੇਂ ਹਨ।

ਭਾਰਤ ਦੇ ਕੱਪੜਾ ਉਦਯੋਗ ਕੋਲ ਛੇਤੀ ਹੀ 500 ਬਿਲੀਅਨ ਅਮਰੀਕੀ ਡਾਲਰ ਤੱਕ ਪੁੱਜਣ ਦੀਆਂ ਸੰਭਾਵਨਾਵਾਂ ਹਨ। ਇਹ ਵਾਧਾ ਘਰੇਲੂ ਵਿੱਕਰੀ ਨੂੰ ਮੌਜੂਦਾ 68 ਬਿਲੀਅਨ ਅਮਰੀਕੀ ਡਾਲਰ ਤੋਂ ਵਧਾ ਕੇ 315 ਬਿਲੀਅਨ ਅਮਰੀਕੀ ਡਾਲਰ ਤੱਕ ਲੈ ਜਾਣ ਦੀ ਸਮਰੱਥਾ ਰੱਖਦਾ ਹੈ। ਇਸੇ ਹੀ ਸਮੇਂ, ਨਿਰਯਾਤ ਵੀ ਮੌਜੂਦਾ 41 ਬਿਲੀਅਨ ਅਮਰੀਕੀ ਡਾਲਰ ਤੋਂ ਵਧ ਕੇ 185 ਬਿਲੀਅਨ ਅਮਰੀਕੀ ਡਾਲਰ ਹੋਣ ਦੀ ਆਸ ਕੀਤੀ ਜਾਂਦੀ ਹੈ। ਪਿਛਲੇ ਪੰਜ ਸਾਲਾਂ ਦੌਰਾਨ ਕੱਪੜਾ ਖੇਤਰ ਵਿੱਚ ਨਿਵੇਸ਼ ਅੰਦਰ ਕਾਫੀ ਤੇਜ਼ੀ ਆਈ ਹੈ। ਇਸ ਉਦਯੋਗ (ਜਿਸ ਵਿੱਚ ਰੰਗਾਈ ਅਤੇ ਛਪਾਈ ਸ਼ਾਮਲ ਹੈ) ਨੇ 1.77 ਬਿਲੀਅਨ ਅਮਰੀਕੀ ਡਾਲਰ ਦੇ ਬਰਾਬਰ ਸਿੱਧਾ ਵਿਦੇਸ਼ੀ ਨਿਵੇਸ਼ ਅਪ੍ਰੈਲ 2000 ਤੋਂ ਸਤੰਬਰ 2015 ਦਰਮਿਆਨ ਆਕਰਸ਼ਿਤ ਕੀਤਾ ਹੈ।

## ਭਾਰਤ ਦਾ ਕੱਪੜਾ ਉਦਯੋਗ – ਬਾਜ਼ਾਰ ਦਾ ਅਕਾਰ ਅਤੇ ਤਰੱਕੀ

ਭਾਰਤ ਦੇ ਕੱਪੜਾ ਉਦਯੋਗ ਵਿੱਚ ਸਭ ਤੋਂ ਮਹੱਤਵਪੂਰਨ ਬਦਲਾਅ ਆਦਮੀ ਵਲੋਂ ਬਣਾਏ ਰੇਸ਼ੇ (ਐੱਮ ਐੱਮ ਐੱਫ) ਦਾ ਈਜਾਦ ਹੋਣਾ ਹੈ। ਭਾਰਤ ਨੇ ਦੁਨੀਆਂ ਭਰ ਦੇ ਦੇਸ਼ਾਂ ਵਿੱਚ ਐੱਮ ਐੱਮ ਐੱਫ ਕੱਪੜੇ ਦੀਆਂ ਆਪਣੀਆਂ ਨਵੀਨਤਮ ਕਿਸਮਾਂ ਸਫਲਤਾ ਪੂਰਬਕ ਪੇਸ਼ ਕੀਤੀਆਂ ਹਨ। ਐੱਮ ਐੱਮ ਐੱਫ ਉਤਪਾਦਨ ਵਿੱਚ 10 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ ਅਤੇ ਫਿਲਾਮੈਂਟ ਧਾਗੇ ਦੇ ਉਤਪਾਦਨ ਵਿੱਚ ਫ਼ਰਵਰੀ 2014 ਦੇ ਮਹੀਨੇ ਵਿੱਚ 6 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ। ਅਪ੍ਰੈਲ 2013 ਤੋਂ ਫ਼ਰਵਰੀ 2014


ਦਰਮਿਆਨ ਐੱਮ ਐੱਮ ਐੱਫ ਉਤਪਾਦਨ ਵਿੱਚ 4 ਪ੍ਰਤਿਸ਼ਤ ਵਾਧਾ ਦਰਜ ਕੀਤਾ ਗਿਆ ਹੈ।

## ਕੱਪੜੇ ਦਾ ਨਿਰਯਾਤ

ਪਿਛਲੇ ਸਾਲ ਦੇ ਮੁਕਾਬਲੇ 2013 ਵਿੱਚ ਵਿਸ਼ਵ ਦੇ ਕੱਪੜੇ ਵਿੱਚ ਭਾਰਤ ਦੀ ਹਿੱਸੇਦਾਰੀ 17.5 ਪ੍ਰਤਿਸ਼ਤ ਦੀ ਦਰ ਨਾਲ ਵਧੀ ਹੈ। ਮੌਜੂਦਾ ਸਮੇਂ ਦੁਨੀਆਂ ਵਿੱਚ ਭਾਰਤ ਦਾ ਕੱਪੜੇ ਦਾ ਨਿਰਯਾਤ 40.2 ਬਿਲੀਅਨ ਅਮਰੀਕੀ ਡਾਲਰ ਦੇ ਬਰਾਬਰ ਹੈ। ਇਹ ਵਾਧਾ ਸ਼ਾਨਦਾਰ ਹੈ ਕਿਉਂਕਿ ਭਾਰਤ ਦੀ ਤੁਲਨਾ ਵਿੱਚ ਦੁਨੀਆਂ ਵਿੱਚ ਕੱਪੜੇ ਦੀ ਵਿਕਾਸ ਦਰ ਸਿਰਫ 4.7 ਪ੍ਰਤਿਸ਼ਤ ਹੈ ਜਦ ਕਿ ਭਾਰਤ ਨੇ 23 ਪ੍ਰਤਿਸ਼ਤ ਵਿਕਾਸ ਦਰ ਹਾਸਲ ਕਰਕੇ ਚੀਨ ਤੇ ਬੰਗਲਾਦੇਸ਼ ਨੂੰ ਪਛਾੜਿਆ ਹੈ ਜਿਨ੍ਹਾਂ ਨੇ ਕ੍ਰਮਵਾਰ 11.4 ਪ੍ਰਤਿਸ਼ਤ ਅਤੇ 15.4 ਪ੍ਰਤਿਸ਼ਤ ਵਾਧਾ ਦਰਜ ਕੀਤਾ ਹੈ।

ਦੁਨੀਆਂ ਦਾ ਕੱਪੜੇ ਦਾ ਕੁੱਲ ਨਿਰਯਾਤ 772 ਬਿਲੀਅਨ ਅਮਰੀਕੀ ਡਾਲਰ ਹੈ ਜਿਸ ਵਿੱਚ ਭਾਰਤ ਦੀ ਹਿੱਸੇਦਾਰੀ 5.2 ਪ੍ਰਤਿਸ਼ਤ ਹੈ। ਭਾਰਤ ਤੋਂ ਕੱਪੜੇ ਦੇ ਨਿਰਯਾਤ ਦੀ ਹਿੱਸੇਦਾਰੀ ਵਿੱਚ ਇਹ ਵਾਧਾ ਮੁੱਖ ਤੌਰ ਤੇ ਵਸਤਰਾਂ ਦੇ ਖੇਤਰ ਵਿੱਚ ਵਾਧੇ ਕਾਰਨ ਹੈ ਕਿਉਂਕਿ ਇਸ ਇਕੱਲੇ ਖੇਤਰ ਦੀ ਲਗਭਗ 43 ਪ੍ਰਤਿਸ਼ਤ ਹਿੱਸੇਦਾਰੀ ਹੈ। 2012 ਦੇ ਅੱਠਵੇਂ ਸਥਾਨ ਦੇ ਮੁਕਾਬਲੇ ਵਸਤਰਾਂ ਦੇ ਨਿਰਯਾਤ ਦੀ ਦਰਜਾਬੰਦੀ ਵੀ 2013 ਵਿੱਚ ਸੁਧਰ ਕੇ ਛੇਵੇਂ ਸਥਾਨ ਉਤੇ ਆ ਗਈ ਹੈ। 2012 ਦੇ 12.9 ਬਿਲੀਅਨ ਅਮਰੀਕੀ ਡਾਲਰ ਦੇ ਮੁਕਾਬਲੇ 2013 ਵਿੱਚ ਭਾਰਤ ਦਾ ਵਸਤਰ ਨਿਰਯਾਤ 15.7 ਬਿਲੀਅਨ ਅਮਰੀਕੀ ਡਾਲਰ ਸੀ। ਵੀਅਤਨਾਮ ਨੂੰ ਛੱਡ ਕੇ ਦੁਨੀਆਂ ਦੇ ਪੰਜ ਸਭ ਤੋਂ ਵੱਡੇ ਵਸਤਰਾਂ ਦੇ ਪੂਰਤੀਕਾਰਾਂ ਦਰਮਿਆਨ ਭਾਰਤ ਦੇ ਵਸਤਰ ਨਿਰਯਾਤ ਵਿੱਚ 2013 ਦੌਰਾਨ 21.8 ਪ੍ਰਤਿਸ਼ਤ ਦਾ ਸਭ ਤੋਂ ਜ਼ਿਆਦਾ ਵਾਧਾ ਦਰਜ ਕੀਤਾ ਗਿਆ। ਦੁਨੀਆਂ ਦੇ ਰੈਡੀਮੇਡ ਕੱਪੜਿਆਂ ਦੇ ਨਿਰਯਾਤ ਵਿੱਚ ਭਾਰਤ ਦੇ ਵਸਤਰਾਂ ਦੇ ਨਿਰਯਾਤ ਦੀ ਹਿੱਸੇਦਾਰੀ 3.7 ਪ੍ਰਤਿਸ਼ਤ ਸੀ।

ਜਿਵੇਂ ਕਿ ਤਾਲਿਕਾ-1 ਅਤੇ 2 ਤੋਂ ਵੇਖਿਆ ਜਾ ਸਕਦਾ ਹੈ, ਦੁਨੀਆਂ ਦੇ ਪੰਜ ਸਭ ਤੋਂ ਵੱਡੇ ਨਿਰਯਾਤਕਾਂ ਵਿੱਚ ਚੀਨ, ਭਾਰਤ, ਬੰਗਲਾਦੇਸ਼, ਜਰਮਨੀ ਅਤੇ ਇਟਲੀ ਸ਼ਾਮਲ ਹਨ। ਪੰਜ ਸਭ ਤੋਂ ਵੱਡੇ ਆਯਾਤ ਕਰਨ ਵਾਲੇ ਦੇਸ਼ਾਂ ਵਿੱਚ ਅਮਰੀਕਾ, ਜਰਮਨੀ, ਜਾਪਾਨ, ਇੰਗਲੈਂਡ ਅਤੇ ਫਰਾਂਸ ਸ਼ਾਮਲ ਹਨ। ਭਾਰਤ ਦਾ ਪੰਜ ਵੱਡੇ ਨਿਰਯਾਤਕਾਂ ਵਿੱਚ ਵੱਡਾ ਥਾਂ ਹੈ ਪਰ ਪੰਜ ਵੱਡੇ ਆਯਾਤਕਾਂ ਦੀ ਸੂਚੀ ਵਿੱਚ ਇਸ ਦਾ ਨਾਮ ਨਹੀਂ।




*ਸਰੋਤ : ਕੱਪੜਾ ਮੰਤਰਾਲਾ*

- ਕੱਪੜੇ ਅਤੇ ਵਸਤਰਾਂ ਦੇ ਵਿਸ਼ਵ ਨਿਰਯਾਤ ਵਪਾਰ ਵਿੱਚ (-) 2.25 ਪ੍ਰਤਿਸ਼ਤ ਦੀ ਗਿਰਾਵਟ ਦਰਜ ਕੀਤੀ ਗਈ। ਜਨਰਵਰੀ-ਮਾਰਚ 2015 ਦੌਰਾਨ ਇਹ ਅੰਕੜਾ 175.97 ਬਿਲੀਅਨ ਅਮਰੀਕੀ ਡਾਲਰ ਸੀ ਜੋ ਜਨਵਰੀ-ਮਾਰਚ 2016 ਦੌਰਾਨ ਘਟ ਕੇ 172.01 ਬਿਲੀਅਨ ਅਮਰੀਕੀ ਡਾਲਰ ਰਹਿ ਗਿਆ।
- ਦਸ ਸਭ ਤੋਂ ਵੱਡੇ ਬਾਜ਼ਾਰਾਂ ਵਿੱਚੋਂ ਬੰਗਲਾਦੇਸ਼ ਨੇ ਜਨਵਰੀ-ਮਾਰਚ 2016 ਦੌਰਾਨ 7.91 ਪ੍ਰਤਿਸ਼ਤ ਦਾ ਸਭ ਤੋਂ ਵੱਡਾ ਵਾਧਾ ਦਰਜ ਕੀਤਾ। ਇਸ ਤੋਂ ਬਾਅਦ ਸਪੇਨ ਨੇ 6.33 ਪ੍ਰਤਿਸ਼ਤ ਦਾ ਦੂਜਾ ਸਭ ਤੋਂ ਵੱਡਾ ਵਾਧਾ ਦਰਜ ਕੀਤਾ।
- ਭਾਰਤ ਦੇ ਨਿਰਯਾਤ ਵਿੱਚ (-) 4.62 ਪ੍ਰਤਿਸ਼ਤ ਦੀ ਗਿਰਾਵਟ ਆਈ। ਜਨਵਰੀ-ਮਾਰਚ,

ਤਾਲਿਕਾ-1 : ਕੱਪੜੇ ਅਤੇ ਵਸਤਰਾਂ ਵਿੱਚ ਵਿਸ਼ਵ ਵਪਾਰ - ਨਿਰਯਾਤ

ਵਿਸ਼ਵ ਕੱਪੜਾ ਅਤੇ ਵਸਤਰ ਨਿਰਯਾਤ
ਸਾਲ ਤੋਂ ਅੱਜ ਤੱਕ : ਜਨਵਰੀ-ਮਾਰਚ

| ਦਰਜਾ | ਦੇਸ਼ | ਮਿਲੀਅਨ ਅਮਰੀਕੀ ਡਾਲਰ | | | ਪ੍ਰਤਿਸ਼ਤ ਬਦਲਾਅ |
|---|---|---|---|---|---|
| | | 2014 | 2015 | 2016 | 2016/2015 |
| | ਵਿਸ਼ਵ | 186271 | 175976 | 172019 | -2.25 |
| 1 | ਚੀਨ | 56458 | 57944 | 54873 | -5.30 |
| 2 | ਭਾਰਤ | 10944 | 9942 | 9482 | -4.62 |
| 3 | ਬੰਗਲਾਦੇਸ਼ | 8126 | 8244 | 8896 | 7.91 |
| 4 | ਜਰਮਨੀ | 9508 | 7952 | 7969 | 0.22 |
| 5 | ਇਟਲੀ | 9795 | 8002 | 7899 | -1.29 |
| 6 | ਵੀਅਤਨਾਮ | 5928 | 6590 | 6923 | 5.04 |
| 7 | ਤੁਰਕੀ | 7322 | 6207 | 6493 | 4.61 |
| 8 | ਅਮਰੀਕਾ | 7107 | 6635 | 5845 | -11.90 |
| 9 | ਹਾਂਗਕਾਂਗ | 6609 | 6015 | 5202 | -13.52 |
| 10 | ਸਪੇਨ | 4219 | 3718 | 3953 | 6.33 |

ਸਭ ਤੋਂ ਵੱਡੇ ਦਸ ਦੇਸ਼ ਲਗਭਗ 66 ਪ੍ਰਤਿਸ਼ਤ ਵਪਾਰ ਕਰਦੇ ਹਨ।
*ਸਰੋਤ : ਜੀ ਟੀ ਆਈ ਐੱਸ, ਜਨੇਵਾ*

| ਤਾਲਿਕਾ-2 : ਕੱਪੜਿਆਂ ਅਤੇ ਵਸਤਰਾਂ ਵਿੱਚ ਵਿਸ਼ਵ ਵਪਾਰ – ਆਯਾਤ | | | | | |
|---|---|---|---|---|---|
| ਵਿਸ਼ਵ ਦੇ ਕੱਪੜਾ ਅਤੇ ਵਸਤਰ ਨਿਰਯਾਤ<br>ਸਾਲ ਤੋਂ ਤਾਰੀਖ : ਜਨਵਰੀ-ਮਾਰਚ | | | | | |
| ਦਰਜਾ | ਦੇਸ਼ | ਮਿਲੀਅਨ ਅਮਰੀਕੀ ਡਾਲਰ | | | ਪ੍ਰਤਿਸ਼ਤ ਬਦਲਾ |
| | | 2014 | 2015 | 2016 | 2016/2015 |
| | ਵਿਸ਼ਵ | 167757 | 158542 | 154245 | –2.71 |
| 1 | ਅਮਰੀਕਾ | 25740 | 26910 | 26274 | –2.36 |
| 2 | ਜਰਮਨੀ | 14017 | 12477 | 12417 | –0.48 |
| 3 | ਜਾਪਾਨ | 9372 | 8740 | 8653 | –1.00 |
| 4 | ਇੰਗਲੈਂਡ | 8593 | 8598 | 8328 | –3.13 |
| 5 | ਫਰਾਂਸ | 8200 | 7322 | 7132 | –2.59 |
| 6 | ਚੀਨ | 8811 | 7842 | 6588 | –15.99 |
| 7 | ਇਟਲੀ | 7258 | 6393 | 6188 | –3.20 |
| 8 | ਸਪੇਨ | 5507 | 5010 | 5477 | 9.32 |
| 9 | ਵੀਅਤਨਾਮ | 5157 | 5837 | 4989 | –14.53 |
| 10 | ਨੀਦਰਲੈਂਡ | 5373 | 5030 | 4940 | –1.79 |

ਸਭ ਤੋਂ ਸਿਖਰਲੇ ਦਸ ਦੇਸ਼ ਲਗਭਗ 60 ਪ੍ਰਤਿਸ਼ਤ ਵਪਾਰ ਕਰਦੇ ਹਨ।

*ਸਰੋਤ : ਜੀ ਟੀ ਆਈ ਐੱਸ, ਜਨੇਵਾ*

| ਤਾਲਿਕਾ-3 : ਭਾਰਤ ਤੋਂ ਦੁਨੀਆਂ ਨੂੰ ਕੱਪੜੇ ਅਤੇ ਵਸਤਰਾਂ ਦਾ ਨਿਰਯਾਤ | | | | | |
|---|---|---|---|---|---|
| ਦਰਜਾ | ਭਾਈਵਾਲ ਦੇਸ਼ | ਸਾਲ/ਕੀਮਤ/ਪ੍ਰਤਿਸ਼ਤ ਹਿੱਸੇਦਾਰੀ | | | ਪ੍ਰਤਿਸ਼ਤ ਬਦਲਾਅ |
| | | 2013–14 | 2014–15 | 2015–16 | 2016/2015 |
| | ਵਿਸ਼ਵ | 37517.11(100.00) | 37661.47(100.00) | 36762.00(100.00) | –2.39 |
| 1 | ਅਮਰੀਕਾ | 6712.50(17.89) | 71.55.38(19.00) | 7523.88(20.47) | 5.15 |
| 2 | ਯੂ ਏ ਈ | 2679.93(7.14) | 3773.82(10.02) | 4466.66(12.15) | 18.36 |
| 3 | ਇੰਗਲੈਂਡ | 2271.14(6.05) | 2483.76(6.59) | 2399.11(6.53) | –3.41 |
| 4 | ਬੰਗਲਾਦੇਸ਼ | 1928.20(5.14) | 1973.77(5.24) | 2088.46(5.68) | 5.81 |
| 5 | ਚੀਨ | 4075.23(10.86) | 2593.54(6.89) | 1970.60(5.36) | –24.02 |
| 6 | ਜਰਮਨੀ | 1822.91(4.86) | 1827.74(4.85) | 1682.87(4.58) | –7.93 |
| 7 | ਫਰਾਂਸ | 974.32(2.60) | 1102.50(2.93) | 1028.52(2.80 | –6.71 |
| 8 | ਪਾਕਿਸਤਾਨ | 639.16(1.70) | 387.55(1.03) | 990.17(2.69) | 155.49 |
| 9 | ਸਪੇਨ | 828.06(2.21) | 907.09(2.41) | 963.06(2.62) | 6.17 |
| 10 | ਇਟਲੀ | 872.21(2.32) | 861.76(2.29) | 776.82(2.11) | –9.86 |
| 11 | ਤੁਰਕੀ | 868.42(2.31) | 737.48(1.96) | 619.16(1.68) | –16.04 |
| 12 | ਸ੍ਰੀਲੰਕਾ | 574.35(1.53) | 571.06(1.52) | 594.84(1.62) | 4.16 |
| 13 | ਨੀਦਰਲੈਂਡ | 647.33(1.73) | 643.73(1.71) | 569.83(1.55) | –11.48 |
| 14 | ਕੈਨੇਡਾ | 449.64(1.20) | 440.14(1.17) | 480.65(1.31) | 9.21 |
| 15 | ਸਾਊਦੀ ਅਰਬ | 467.93(1.25) | 446.091.18 | 440.14(1.20) | –1.34 |
| 16 | ਬੈਲਜ਼ੀਅਮ | 550.69(1.47) | 500.33(1.33) | 395.73(1.08) | –20.91 |
| 17 | ਆਸਟ੍ਰੇਲੀਆ | 319.56(0.85) | 364.95(0.97) | 384.55(1.05) | 5.37 |
| 18 | ਜਾਪਾਨ | 425.29(1.13) | 407.52(1.08) | 373.12(1.01) | –8.44 |
| 19 | ਮਿਸਰ | 402.61(1.07) | 432.00(1.15) | 362.86(0.99) | –16.00 |
| 20 | ਵੀਅਤਨਾਮ | 435.65(1.16) | 540.92(1.44) | 362.13(0.99) | –33.05 |

*ਸਰੋਤ : ਜੀ ਟੀ ਏ/ਵਣਜ ਮੰਤਰਾਲਾ (ਬ੍ਰੈਕਟ ਵਿੱਚ ਕੀਮਤ ਪ੍ਰਤਿਸ਼ਤ ਹਿੱਸੇਦਾਰੀ ਦਿਖਾਉਂਦੀ ਹੈ।*

2015 ਵਿੱਚ ਇਹ 9.94 ਬਿਲੀਅਨ ਅਮਰੀਕੀ ਡਾਲਰ ਸੀ ਜੋ ਜਨਵਰੀ-ਮਾਰਚ, 2016 ਵਿੱਚ ਘਟ ਕੇ 9.48 ਬਿਲੀਅਨ ਅਮਰੀਕੀ ਡਾਲਰ ਉਤੇ ਆ ਗਿਆ।

● 54.87 ਬਿਲੀਅਨ ਅਮਰੀਕੀ ਡਾਲਰ ਦੇ ਬਰਾਬਰ ਸਭ ਤੋਂ ਵੱਧ ਨਿਰਯਾਤ ਕਰਨ ਵਾਲੇ

ਚੀਨ ਵਿੱਚ (–) 5.30 ਪ੍ਰਤਿਸ਼ਤ ਗਿਰਾਵਟ ਆਈ। ਇਟਲੀ ਵਿੱਚ (–) 1.29 ਪ੍ਰਤਿਸ਼ਤ ਦੀ ਕਮੀ ਆਈ।

ਤਾਲਿਕਾ-3 ਪਿਛਲੇ ਤਿੰਨ ਸਾਲਾਂ ਵਿੱਚ ਭਾਰਤ ਵਲੋਂ ਦੁਨੀਆਂ ਨੂੰ ਕੱਪੜਿਆਂ ਅਤੇ ਵਸਤਰਾਂ ਦਾ ਕੁੱਲ ਨਿਰਯਾਤ ਦਿਖਾਉਂਦੀ ਹੈ। ਕੱਪੜੇ ਦੇ ਕੁੱਲ ਨਿਰਯਾਤ ਵਿੱਚ ਮਾਮੂਲੀ ਗਿਰਾਵਟ ਹੈ। ਇਸ ਨੂੰ ਵਿਸ਼ਵ ਆਰਥਿਕ ਮੰਦੀ ਦੇ ਸੰਦਰਭ ਵਿੱਚ ਬਿਆਨ ਕੀਤਾ ਜਾ ਸਕਦਾ ਹੈ। ਹੇਠਲੇ ਦੇਸ਼ਾਂ ਨੂੰ ਭਾਰਤ ਦਾ ਨਿਰਯਾਤ ਵਧਿਆ ਹੈ – ਅਮਰੀਕਾ, ਯੂ ਏ ਈ, ਪਾਕਿਸਤਾਨ, ਸਪੇਨ, ਸ੍ਰੀਲੰਕਾ, ਕੈਨੇਡਾ ਆਦਿ। ਵੀਅਤਨਾਮ, ਬੈਲਜੀਅਮ, ਮਿਸਰ, ਨੀਦਰਲੈਂਡ, ਤੁਰਕੀ, ਚੀਨ ਆਦਿ ਨੂੰ ਨਿਰਯਾਤ ਘਟਿਆ ਹੈ।

2014-15 ਦੇ ਮੁਕਾਬਲੇ 2015-16 ਦੌਰਾਨ ਕੱਪੜਿਆਂ ਉਤੇ ਖਰਚ ਦੀ ਦਰ ਵਿੱਚ ਵਾਧਾ 12 ਦੇਸ਼ਾਂ ਵਿੱਚ ਘਟਿਆ ਅਤੇ ਸਿਰਫ 8 ਦੇਸ਼ਾਂ ਵਿੱਚ ਵਧਿਆ। ਵਿਕਾਸ ਦੀ ਦਰ ਵਿੱਚ ਵਾਧਾ ਪਾਕਿਸਤਾਨ ਵਿੱਚ ਸਭ ਤੋਂ ਵੱਧ ਸੀ ਜਿਸ ਤੋਂ ਬਾਅਦ ਯੂ ਏ ਈ ਦਾ ਸਥਾਨ ਸੀ। ਅਸਾਧਾਰਨ ਨਿਰਯਾਤ ਦਾ ਕਾਰਨ ਕੁੱਝ ਦੂਜੇ ਦੇਸ਼ਾਂ ਵਿੱਚ ਭਾਰਤੀ ਕੱਪੜੇ ਦਾ ਅਸਿੱਧਾ ਦਾਖਲਾ ਹੋ ਸਕਦਾ ਹੈ। ਪਰ ਕਾਰਨਾਂ ਦੀ ਘੋਖ ਕਰਨ ਦੀ ਲੋੜ ਹੈ।

● ਜਨਵਰੀ-ਅਪ੍ਰੈਲ, 2016 ਦੌਰਾਨ ਭਾਰਤ ਚੀਨ ਤੇ ਵੀਅਤਨਾਮ ਤੋਂ ਬਾਅਦ ਅਮਰੀਕਾ ਨੂੰ ਕੱਪੜਾ ਤੇ ਵਸਤਰ ਨਿਰਯਾਤ ਕਰਨ ਵਾਲਾ ਤੀਜਾ ਵੱਡਾ ਪੂਰਤੀਕਾਰ ਬਣਿਆ ਰਿਹਾ (ਜਨਵਰੀ-ਅਪ੍ਰੈਲ 2016 ਵਿੱਚ 0.21 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ)।

● ਯੂਰਪੀਨ ਸੰਘ ਨੂੰ ਕੱਪੜੇ ਅਤੇ ਵਸਤਰਾਂ ਦਾ ਕੁੱਲ ਆਯਾਤ ਵਿੱਚ 1.49 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ। ਜਨਵਰੀ-ਅਪ੍ਰੈਲ 2015 ਵਿੱਚ ਇਹ 40.16 ਬਿਲੀਅਨ ਅਮਰੀਕੀ ਡਾਲਰ ਸੀ ਜੋ ਜਨਵਰੀ-ਅਪ੍ਰੈਲ 2016 ਵਿੱਚ ਵਧ ਕੇ 40.75 ਬਿਲੀਅਨ ਅਮਰੀਕੀ ਡਾਲਰ ਹੋ ਗਿਆ।

● ਮੋਹਰੀ ਪੂਰਤੀਕਾਰ ਚੀਨ ਤੋਂ ਜਨਵਰੀ-ਅਪ੍ਰੈਲ 2016 ਵਿੱਚ ਆਯਾਤ ਅੰਦਰ (–) 7.47 ਪ੍ਰਤਿਸ਼ਤ ਦੀ ਕਮੀ ਆਈ ਜਦ ਕਿ ਇਸੇ ਸਮੇਂ ਦੌਰਾਨ ਬੰਗਲਾਦੇਸ਼ ਨੇ 8.90 ਪ੍ਰਤਿਸ਼ਤ ਅਤੇ

ਤੁਰਕੀ ਨੇ 7.65 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ।

- ਜਨਵਰੀ-ਅਪ੍ਰੈਲ 2016 ਦੌਰਾਨ ਕੰਬੋਡੀਆ ਨੇ 23.12 ਪ੍ਰਤਿਸ਼ਤ ਦਾ ਸਭ ਤੋਂ ਜ਼ਿਆਦਾ ਵਾਧਾ ਦਰਜ ਕੀਤਾ ਜਦ ਕਿ ਵੀਅਤਨਾਮ ਅਤੇ ਮੋਰੱਕੋ ਵਿੱਚ ਵਾਧਾ ਕ੍ਰਮਵਾਰ 10.49 ਪ੍ਰਤਿਸ਼ਤ ਅਤੇ 11.94 ਪ੍ਰਤਿਸ਼ਤ ਸੀ। ਪਾਕਿਸਤਾਨ (ਛੇਵੇਂ ਪੂਰਤੀਕਾਰ) ਨੇ ਇਸ ਸਮੇਂ ਦੌਰਾਨ 6.66 ਪ੍ਰਤਿਸ਼ਤ ਵਾਧਾ ਦਰਜ ਕੀਤਾ।

- ਭਾਰਤ (ਚੌਥਾ ਵੱਡਾ ਪੂਰਤੀਕਾਰ) ਨੇ ਜਨਵਰੀ-ਅਪ੍ਰੈਲ 2016 ਦੌਰਾਨ 0.34 ਪ੍ਰਤਿਸ਼ਤ ਦਾ ਮਾਮੂਲੀ ਵਾਧਾ ਦਰਜ ਕੀਤਾ।

ਭਾਰਤ ਦੀ ਕੁੱਲ ਕੱਪੜਾ ਨਿਰਯਾਤ ਵਿੱਚ ਪ੍ਰਤਿਸ਼ਤ ਹਿੱਸੇਦਾਰੀ ਵਧੀ ਹੈ। ਜਿਵੇਂ ਕਿ ਸੂਤੀ ਧਾਗੇ, ਸੂਤੀ ਕੱਪੜੇ, ਤਿਆਰ ਵਸਤਰ ਆਦਿ; ਮਨੁੱਖ ਦੁਆਰਾ ਬਣਾਏ ਧਾਗੇ, ਕੱਪੜੇ, ਤਿਆਰ ਵਸਤਰ; ਆਰ ਐੱਮ ਜੀ ਸੂਤ ਜਿਸ ਵਿੱਚ ਸਹਾਇਕ ਵਸਤਾਂ ਸ਼ਾਮਲ ਹਨ; ਆਰ ਐੱਮ ਜੀ ਮਨੁੱਖ ਵਲੋਂ ਬਣਾਏ ਰੇਸ਼ੇ, ਆਦਿ ਦੇ ਹਿੱਸੇਦਾਰੀ ਦੇ ਅੰਕੜਿਆਂ ਤੋਂ ਵੇਖਿਆ ਜਾ ਸਕਦਾ ਹੈ, ਦੂਸਰੇ ਕੱਪੜੇ ਦੀ ਸਮੱਗਰੀ ਆਦਿ ਦੀ ਆਰ ਐੱਮ ਜੀ ਵਿੱਚ ਵੀ ਵਾਧਾ ਹੋਇਆ ਹੈ। ਭਾਰਤ ਦੇ ਕੁੱਲ ਆਯਾਤ ਵਿੱਚ ਕੱਪੜੇ ਦੀ ਪ੍ਰਤਿਸ਼ਤ ਹਿੱਸੇਦਾਰੀ ਬਹੁਤ ਘੱਟ ਹੈ। ਆਦਮੀ ਦੁਆਰਾ ਬਣਾਇਆ ਧਾਗਾ, ਕੱਪੜੇ, ਤਿਆਰ ਵਸਤਰ ਆਦਿ ਹੀ ਉਹ ਵਸਤਾਂ ਹਨ ਜੋ ਦੂਜਿਆਂ ਦੀ ਤੁਲਨਾ ਵਿੱਚ ਜ਼ਿਆਦਾ ਆਯਾਤ ਕੀਤੇ ਜਾਂਦੇ ਹਨ।

ਅਮਰੀਕਾ, ਇੰਗਲੈਂਡ, ਬੰਗਲਾਦੇਸ਼, ਚੀਨ ਲਗਭਗ ਸਾਰੀਆਂ ਵਸਤਾਂ ਲਈ ਬਰਾਬਰ ਜਾਂ ਇਕੋ ਜਿਹੇ ਹਨ। ਇਰਾਨ ਆਦਮੀ ਵਲੋਂ ਬਣਾਏ ਰੇਸ਼ੇ ਦੇ ਕੱਪੜੇ ਦੇ ਪੰਜ ਸਭ ਤੋਂ ਵੱਡੇ ਆਯਾਤਕਾਂ (55) ਵਿੱਚੋਂ ਇਕ ਪ੍ਰਤੀਤ ਹੁੰਦਾ ਹੈ ਜਦ ਕਿ ਤੁਰਕੀ ਅਸਤਰ, ਕੰਬਲ ਅਤੇ ਗੈਰ ਬੁਣਤੀ ਵਾਲੇ; ਵਿਸ਼ੇਸ਼ ਧਾਗੇ; ਡੋਰੀ, ਡੋਰੀਆਂ, ਰੱਸੀਆਂ ਅਤੇ ਤਾਰਾਂ ਅਤੇ ਹੋਰ ਵਸਤਾਂ ਦੇ ਸਭ ਤੋਂ ਵੱਡੇ ਪੰਜ ਆਯਾਤਕਾਂ (56) ਵਿੱਚ ਸ਼ਾਮਲ ਹੈ। ਇਥੇ ਜ਼ਿਕਰ ਕਰਨਾ ਉੱਚਿਤ ਹੋਵੇਗਾ ਕਿ ਇਨ੍ਹਾਂ ਵਰਗਾਂ ਵਿੱਚ ਘੱਟ/ਕੋਈ ਕੀਮਤ ਵਾਧਾ ਸ਼ਾਮਲ ਨਹੀਂ ਹੈ ਜਿਸ ਕਰਕੇ ਇਨ੍ਹਾਂ ਦੇ ਨਿਰਯਾਤ ਨੂੰ ਵਧਾਉਣ ਲਈ ਵਿਸ਼ੇਸ਼ ਯਤਨ ਕਰਨ ਦੀ ਜ਼ਰੂਰਤ ਨਹੀਂ। ਸਗੋਂ ਕੋਸ਼ਿਸ਼ਾਂ ਕੀਮਤ ਵਾਧੇ ਵਾਲੇ ਉਤਪਾਦਾਂ ਵੱਲ ਜ਼ਿਆਦਾ ਕੇਂਦਰਿਤ ਹੋਣੀਆਂ ਚਾਹੀਦੀਆਂ ਹਨ।

## ਸਰਕਾਰ ਤੇ ਕੱਪੜਾ ਉਦਯੋਗ ਵਲੋਂ ਕੀਤੀਆਂ ਗਈਆਂ ਹਾਲੀਆ ਪਹਿਲਕਦਮੀਆਂ

ਪਿਛਲੇ ਕੁੱਝ ਸਾਲਾਂ ਦੌਰਾਨ ਵਸਤਰ ਨਿਰਮਾਣ ਚੀਨ ਵਰਗੇ ਦੇਸ਼ਾਂ ਵੱਲ ਚਲਾ ਗਿਆ ਹੈ ਜਿਨ੍ਹਾਂ ਕੋਲ ਲਾਗਤ ਸੰਬੰਧੀ ਲਾਭ ਹਨ। ਪਰ, ਚੀਨ ਦਾ ਲਾਗਤ ਸੰਬੰਧੀ ਫਾਇਦਾ ਮਜਦੂਰਾਂ ਦੀ ਉਜਰਤ ਵਿੱਚ ਵਾਧਾ ਹੋਣ ਕਰਕੇ ਕੁੱਝ ਹੱਦ ਤੱਕ ਖਤਮ ਹੋ ਗਿਆ ਹੈ। ਭਾਰਤ ਕੋਲ ਪੈਮਾਨੇ ਦੇ ਅਰਥਚਾਰਿਆਂ ਦੇ ਲਾਭ ਹਨ। ਇਸ ਕਰਕੇ ਸਰਕਾਰ ਨੇ ਇਸ ਖੇਤਰ ਨੂੰ ਹੁਲਾਰਾ ਦੇਣ ਲਈ ਕਦਮਾਂ ਦੀ ਸ਼ੁਰੂਆਤ ਕੀਤੀ।

**ਸਰਕਾਰ ਵਲੋਂ ਕੱਪੜਾ ਤੇ ਵਸਤਰ ਖੇਤਰ ਨੂੰ ਵਿਸ਼ੇਸ਼ ਪੈਕੇਜ ਤਹਿਤ 6000 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ ਤਾਂ ਕਿ 3 ਸਾਲਾਂ ਵਿੱਚ ਇਕ ਕਰੋੜ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ। ਇਸ ਨਾਲ 11 ਬਿਲੀਅਨ ਡਾਲਰ ਪੈਦਾ ਕੀਤੇ ਜਾ ਸਕਣਗੇ। ਮਨਜ਼ੂਰ ਕੀਤੇ ਗਏ ਕਦਮਾਂ ਵਿੱਚ ਵਸਤਰਾਂ ਵਾਸਤੇ ਸ਼ੁਲਕ ਡ੍ਰਾਅਬੈਕ ਸਕੀਮ ਵਾਸਤੇ ਵਾਧੂ ਪ੍ਰੋਤਸਾਹਨ, ਉਤਪਾਦਕਤਾ ਵਧਾਉਣ ਲਈ ਕਿਰਤ ਕਾਨੂੰਨਾਂ ਵਿੱਚ ਲਚੀਲਾਪਨ ਅਤੇ ਵਸਤਰ ਨਿਰਮਾਣ ਖੇਤਰ ਵਿੱਚ ਨੌਕਰੀਆਂ ਪੈਦਾ ਕਰਨ ਵਾਸਤੇ ਟੈਕਸ ਅਤੇ ਉਤਪਾਦਨ ਪ੍ਰੋਤਸਾਹਨ ਸ਼ਾਮਲ ਹਨ।**

ਜੇ ਇਸ ਪੈਕੇਜ ਉਤੇ ਠੀਕ ਢੰਗ ਨਾਲ ਅਮਲ ਕੀਤਾ ਜਾਵੇ ਤਾਂ ਅਗਲੇ ਤਿੰਨ ਸਾਲਾਂ ਵਿੱਚ ਵਸਤਰ ਨਿਰਯਾਤ ਵਿੱਚ ਭਾਰਤ ਵੀਅਤਨਾਮ ਅਤੇ ਬੰਗਲਾਦੇਸ਼ ਨੂੰ ਪਛਾੜ ਸਕਦਾ ਹੈ। ਕਿਰਤ ਕਾਨੂੰਨਾਂ ਵਿੱਚ ਲਚੀਲਾਪਨ ਲਿਆਉਣ ਲਈ ਉਠਾਏ ਜਾਣ ਵਾਲੇ ਕਦਮਾਂ ਵਿੱਚ ਕਾਮਿਆਂ ਲਈ ਓਵਰਟਾਈਮ ਦੇ ਘੰਟੇ ਵਧਾਉਣਾ ਸ਼ਾਮਲ ਹੈ ਜੋ ਅੰਤਰਰਾਸ਼ਟਰੀ ਕਿਰਤ ਸਭ (ਆਈ ਐੱਲ ਓ) ਦੇ ਨਿਯਮਾਂ ਅਨੁਸਾਰ ਪ੍ਰਤਿ ਹਫ਼ਤਾ 8 ਘੰਟੇ ਤੋਂ ਵੱਧ ਨਹੀਂ ਹੋਣੇ ਚਾਹੀਦੇ, ਅਤੇ ਵਸਤਰ ਖੇਤਰ ਦੇ ਮੌਸਮੀ ਹੋਣ ਨੂੰ ਵੇਖਦਿਆਂ ਨਿਰਧਾਰਤ ਮਿਆਦ ਦਾ ਰੋਜ਼ਗਾਰ ਸ਼ੁਰੂ ਕਰਨਾ ਸ਼ਾਮਲ ਹੈ। ਕੰਮ ਦੇ ਘੰਟਿਆਂ, ਉਜਰਤਾਂ, ਭੱਤੇ ਅਤੇ ਦੂਜੇ ਕਾਨੂੰਨੀ ਬਕਾਇਆਂ ਦੇ ਮਾਮਲੇ ਵਿੱਚ ਨਿਰਧਾਰਤ ਮਿਆਦ ਵਾਲੇ ਕਾਮੇ ਨੂੰ ਪੱਕੇ ਕਾਮੇ ਦੇ ਬਰਾਬਰ ਸਮਝਿਆ ਜਾਵੇਗਾ। ਸੋਧੇ ਹੋਏ ਟੀ ਯੂ ਐੱਫ ਐੱਸ ਅਧੀਨ ਸਬਸਿਡੀ ਵਿੱਚ ਵਾਧਾ ਕਰਕੇ ਇਹ ਪੈਕੇਜ ਲਾਗਤ ਤੋਂ ਉਤਪਾਦਨ ਅਧਾਰਤ ਪ੍ਰੋਤਸਾਹਨਾਂ ਵੱਲ ਜਾਣ ਲਈ ਜ਼ਮੀਨ ਤਿਆਰ ਕਰੇਗਾ ਜੋ 15 ਪ੍ਰਤਿਸ਼ਤ ਤੋਂ 25 ਪ੍ਰਤਿਸ਼ਤ ਹੋਵੇਗਾ। ਇਹ ਕੱਪੜਾ ਖੇਤਰ ਲਈ ਰੋਜ਼ਗਾਰ ਨਿਰਮਾਣ ਵਾਸਤੇ ਇਕ ਵਰਦਾਨ ਸਾਬਤ ਹੋ ਸਕਦਾ ਹੈ।

ਇਸ ਸਕੀਮ ਦਾ ਇਕ ਵਿਲੱਖਣ ਪੱਖ ਅਨੁਮਾਨਿਤ ਨੌਕਰੀਆਂ ਦੇ ਨਿਰਮਾਣ ਤੋਂ ਬਾਅਦ ਹੀ ਸਬਸਿਡੀ ਦੀ ਵੰਡ ਕਰਨਾ ਹੋਵੇਗਾ। ਜ਼ਿਆਦਾਤਰ ਨੌਕਰੀਆਂ ਔਰਤਾਂ ਨੂੰ ਜਾਣ ਦੀ ਉਮੀਦ ਹੈ ਕਿਉਂਕਿ ਵਸਤਰ ਉਦਯੋਗ ਵਿੱਚ ਲਗਭਗ 70 ਪ੍ਰਤਿਸ਼ਤ ਔਰਤ ਸ਼ਕਤੀ ਕੰਮ ਕਰਦੀ ਹੈ। ਇਸ ਪ੍ਰਕਾਰ, ਔਰਤ ਸਸ਼ਕਤੀਕਰਨ ਰਾਹੀਂ ਇਹ ਪੈਕੇਜ ਸਮਾਜਕ ਪਰਿਵਰਤਨ ਲਿਆਉਣ ਲਈ ਵੀ ਸਹਾਈ ਹੋਵੇਗਾ। ਭਾਰਤ ਸਰਕਾਰ ਵਲੋਂ ਕੱਪੜਾ ਖੇਤਰ ਲਈ ਬਹੁਤ ਸਾਰੀਆਂ ਨਿਰਯਾਤ ਪ੍ਰੋਤਸਾਹਨ ਨੀਤੀਆਂ ਵੀ ਲਿਆਂਦੀਆਂ ਗਈਆਂ ਹਨ। ਇਸ ਵਲੋਂ ਸਵੈਚਾਲਿਤ ਮਾਰਗ ਰਾਹੀਂ ਭਾਰਤ ਦੇ ਕੱਪੜਾ ਖੇਤਰ ਵਿੱਚ 100 ਪ੍ਰਤਿਸ਼ਤ ਸਿੱਧੇ ਵਿਦੇਸ਼ੀ ਨਿਵੇਸ਼ ਦੀ ਵੀ ਆਗਿਆ ਦਿੱਤੀ ਗਈ ਹੈ।

ਸਰਕਾਰ ਵਲੋਂ ਇਸ ਉਦਯੋਗ ਨੂੰ ਹੋਰ ਹੱਲਾਸ਼ੇਰੀ ਦੇਣ ਲਈ ਕੀਤੀਆਂ ਕੁੱਝ ਪਹਿਲਕਦਮੀਆਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ :

- ਕੇਂਦਰੀ ਕੱਪੜਾ ਮੰਤਰਾਲਾ, ਜਿਸ ਨੇ 10 ਸਾਲਾਂ ਵਿੱਚ ਕੱਪੜਾ ਨਿਰਯਾਤ ਦੁੱਗਣਾ ਕਰਨ ਦਾ ਟੀਚਾ ਮਿਥਿਆ ਹੈ, ਦੀ ਯੋਜਨਾ ਅਫਰੀਕਾ ਤੇ ਆਸਟ੍ਰੇਲੀਆ ਨਾਲ ਦੁਵੱਲੇ ਸਮਝੌਤੇ ਕਰਨ ਦੇ ਨਾਲ-ਨਾਲ ਇਕ ਨਵੀਂ ਕੱਪੜਾ ਨੀਤੀ ਉਤੇ ਕੰਮ ਕਰਨ ਦੀ ਹੈ ਜੋ ਸੋਧੀ ਹੋਈ ਟੈਕਸਟਾਈਲ ਅਪਗ੍ਰੇਡੇਸ਼ਨ ਫੰਡ ਸਕੀਮ (ਟੀ ਯੂ ਐੱਫ ਐੱਸ) ਲਈ ਦਿਸ਼ਾ ਨਿਰਦੇਸ਼ਾਂ ਨੂੰ ਅੰਤਮ ਰੂਪ ਦੇਣ ਤੋਂ ਇਲਾਵਾ ਮੁੱਲ ਵਾਧੇ ਨੂੰ ਹੱਲਾਸ਼ੇਰੀ ਦੇਣ ਦਾ ਵੀ ਕੰਮ ਕਰੇਗੀ।

- ਕੱਪੜਾ ਮੰਤਰਾਲਾ ਵਲੋਂ ਤਕਨੀਕੀ ਕੱਪੜੇ ਬਾਰੇ ਤਕਨਾਲੋਜੀ ਮਿਸ਼ਨ (ਟੀ ਐੱਮ ਟੀ ਟੀ) ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਲਈ 200 ਕਰੋੜ ਰੁਪਏ (29.6 ਮਿਲੀਅਨ ਅਮਰੀਕੀ ਡਾਲਰ)

ਦੀ ਕੁੱਲ ਰਕਮ ਮਨਜ਼ੂਰ ਕੀਤੀ ਗਈ ਹੈ। ਟੀ ਐੱਮ ਟੀ ਟੀ ਦਾ ਉਦੇਸ਼ ਭਾਰਤ ਭਰ ਵਿਚਲੇ ਅੱਠ ਉੱਤਮਤਾ ਕੇਂਦਰਾਂ ਵਿੱਚ ਵਿਸ਼ਾ ਪੱਧਰੀ ਜਾਂਚ ਸਹੂਲਤਾਂ ਵਿਕਸਤ ਕਰਨ ਵਿੱਚ ਮਦਦ ਦੇਣਾ, ਦੇਸੀ ਪ੍ਰੋਟੋਟਾਈਪ ਵਿਕਸਤ ਕਰਨ ਨੂੰ ਉਤਸ਼ਾਹਿਤ ਕਰਨਾ, ਘਰੇਲੂ ਅਤੇ ਨਿਰਯਾਤ ਬਾਜ਼ਾਰ ਦੇ ਵਿਕਾਸ ਲਈ ਸਹਾਇਤਾ ਪ੍ਰਦਾਨ ਕਰਨਾ ਅਤੇ ਕੰਟਰੈਕਟ ਖੋਜ ਦੀ ਹੌਸਲਾ ਅਫਜ਼ਾਈ ਕਰਨਾ ਸ਼ਾਮਲ ਹੈ।

- ਮਸ਼ੀਨਰੀ ਤੇ ਬੁਨਿਆਦੀ ਢਾਂਚੇ ਉਤੇ ਸਬਸਿਡੀ

- ਸੋਧੀ ਅਤੇ ਪੁਨਰਗਠਿਤ ਤਕਨਾਲੋਜੀ ਅਪਗ੍ਰੇਡੇਸ਼ਨ ਫੰਡ ਸਕੀਮ (ਆਰ ਆਰ ਟੀ ਯੂ ਐੱਫ ਐੱਸ) ਦੇ ਦਾਇਰੇ ਵਿੱਚ ਤਕਨੀਕੀ ਕੱਪੜੇ ਲਈ ਵੱਡੀ ਮਸ਼ੀਨਰੀ ਦਾ ਨਿਰਮਾਣ ਆਉਂਦਾ ਹੈ ਜਿਸ ਉਤੇ 5 ਪ੍ਰਤਿਸ਼ਤ ਵਿਆਜ ਵਾਪਸ ਕੀਤਾ ਜਾਂਦਾ ਹੈ ਅਤੇ ਆਰ ਆਰ ਟੀ ਯੂ ਐੱਫ ਐੱਸ ਅਧੀਨ 5 ਪ੍ਰਤਿਸ਼ਤ ਵਿਆਜ ਵਾਪਸ ਕਰਨ ਦੇ ਨਾਲ-ਨਾਲ 10 ਪ੍ਰਤਿਸ਼ਤ ਪੂੰਜੀ ਸਬਸਿਡੀ ਵੀ ਦਿੱਤੀ ਜਾਂਦੀ ਹੈ।

- ਏਕੀਕ੍ਰਿਤ ਕੱਪੜਾ ਪਾਰਕਾਂ ਲਈ ਸਕੀਮ (ਐੱਸ ਆਈ ਟੀ ਪੀ) ਤਹਿਤ, ਭਾਰਤ ਸਰਕਾਰ ਇਨ੍ਹਾਂ ਪਾਰਕਾਂ ਵਿੱਚ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ 40 ਪ੍ਰਤਿਸ਼ਤ ਤੱਕ ਸਹਾਇਤਾ ਪ੍ਰਦਾਨ ਕਰਦੀ ਹੈ ਜਿਸ ਦੀ ਹੱਦ 40 ਕਰੋੜ (6 ਮਿਲੀਅਨ ਅਮਰੀਕੀ ਡਾਲਰ) ਹੈ। ਇਸ ਸਕੀਮ ਅਧੀਨ ਤਕਨੀਕੀ ਕੱਪੜਾ ਇਕਾਈਆਂ ਵੀ ਇਸ ਦੇ ਲਾਭ ਪ੍ਰਾਪਤ ਕਰ ਸਕਦੀਆਂ ਹਨ।

- ਤਕਨੀਕੀ ਕੱਪੜਿਆਂ ਦੇ ਉਤਪਾਦਨ ਲਈ ਮੁੱਖ ਮਸ਼ੀਨਰੀ ਉਤੇ 5 ਪ੍ਰਤਿਸ਼ਤ ਦੀ ਦਰ ਨਾਲ ਸੀਮਾ ਸ਼ੁਲਕ ਦੀ ਛੋਟ ਮਿਲਦੀ ਹੈ।

- ਨਿਰਧਾਰਤ ਤਕਨੀਕੀ ਕੱਪੜਾ ਉਤਪਾਦ ਫੋਕਸ ਪ੍ਰਾਡਕਟ ਸਕੀਮ ਅਧੀਨ ਆਉਂਦੇ ਹਨ। ਇਸ ਸਕੀਮ ਦੇ ਤਹਿਤ, ਇਨ੍ਹਾਂ ਉਤਪਾਦਾਂ ਦਾ ਨਿਰਯਾਤ 2 ਪ੍ਰਤਿਸ਼ਤ ਫਰੇਟ ਆਨ ਬੋਰਡ (ਐੱਫ ਓ ਬੀ) ਨਿਰਯਾਤ ਮੁੱਲ ਦੇ ਬਰਾਬਰ ਡਿਊਟੀ ਕਰੈਡਿਟ ਸਕ੍ਰਿਪ ਦਾ ਹੱਕਦਾਰ ਹੈ।

## ਉੱਤਰ-ਪੂਰਬੀ ਖੇਤਰ ਦੇ ਕੱਪੜਾ ਖੇਤਰ ਨੂੰ ਕੇਂਦਰ ਵਲੋਂ ਸਹਾਇਤਾ

ਕੇਂਦਰ ਸਰਕਾਰ ਵਲੋਂ ਉੱਤਰ-ਪੂਰਬ ਵਿੱਚ ਕੱਪੜਾ ਨਿਰਯਾਤ ਨੂੰ ਹੁਲਾਰਾ ਦੇਣ, ਨੌਕਰੀਆਂ ਵਿੱਚ ਵਾਧਾ ਕਰਨ ਅਤੇ ਕਾਮਿਆਂ ਦੇ ਪਰਵਾਸ ਨੂੰ ਠੱਲ੍ਹ ਪਾਉਣ ਲਈ 1,038 ਕਰੋੜ ਰੁਪਏ (156 ਮਿਲੀਅਨ ਡਾਲਰ) ਦੀ ਇਕ ਸਕੀਮ ਸ਼ੁਰੂ ਕੀਤੀ ਗਈ ਹੈ। ਇਹ ਪ੍ਰਾਜੈਕਟ ਖੇਤਰ ਵਿਸ਼ੇਸ਼ ਅਮਲ ਵਿੱਚ ਲਚਕ ਪ੍ਰਦਾਨ ਕਰਕੇ ਇਸ ਖੇਤਰ ਦਾ ਵਿਕਾਸ ਤੇ ਆਧੁਨਿਕੀਕਰਨ ਕਰੇਗਾ। ਕੇਂਦਰ ਸਰਕਾਰ ਦਾ ਕੱਪੜਾ ਮੰਤਰਾਲਾ ਉੱਤਰ-ਪੂਰਬ ਖੇਤਰ ਕੱਪੜਾ ਪ੍ਰੋਤਸਾਹਨ ਸਕੀਮ (ਐੱਨ ਈ ਆਰ ਟੀ ਪੀ ਐੱਸ) ਅਧੀਨ ਇਸ ਪ੍ਰਾਜੈਕਟ ਲਈ ਫੰਡ ਮੁਹੱਈਆ ਕਰਵਾਏਗਾ। ਐੱਨ ਈ ਆਰ ਟੀ ਪੀ ਐੱਸ ਅਧੀਨ, ਕੱਪੜਾ ਮੰਤਰਾਲਾ ਰੈਡੀਮੇਡ ਵਸਤਰ ਨਿਰਮਾਣ ਇਕਾਈ ਜਾਂ ਅਪ੍ਰੈਲ ਐਂਡ ਗਾਰਮੈਂਟ ਮੇਕਿੰਗ ਸੈਂਟਰ (ਏ ਜੀ ਐੱਮ ਸੀ) ਸਥਾਪਤ ਕਰਨ ਲਈ, ਅੱਠ ਉੱਤਮ ਪੂਰਬੀ ਰਾਜਾਂ ਵਿੱਚ ਹਰੇਕ ਨੂੰ 18 ਕਰੋੜ ਰੁਪਏ ਦੇ ਰਿਹਾ ਹੈ। ਮੁਕੰਮਲ ਹੋਣ ਤੋਂ ਬਾਅਦ ਇਨ੍ਹਾਂ ਇਕਾਈਆਂ ਨੂੰ ਚਲਾਉਣ ਲਈ ਵੀ ਇਸ ਵਲੋਂ ਵਿੱਤੀ ਮਦਦ ਮੁਹੱਈਆ ਕਰਵਾਈ ਜਾਵੇਗੀ।

## ਨਿਵੇਸ਼

ਉਦਯੋਗ ਉਸਾਰੀ ਲਈ ਇਕ ਮਹੱਤਵਪੂਰਨ ਪੱਖ ਨਿਵੇਸ਼ ਹੈ, ਖ਼ਾਸ ਕਰਕੇ ਨਵੀਂ ਤਕਨਾਲੋਜੀ ਦਾ ਸੰਚਾਰ ਜਾਂ ਨਵੇਂ ਉਤਪਾਦ ਸ਼ੁਰੂ ਕਰਨਾ। ਅਧਿਕਾਰਤ ਅੰਕੜਿਆਂ ਅਨੁਸਾਰ, ਕੱਪੜਾ ਖੇਤਰ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਨਿਵੇਸ਼ ਵਿੱਚ ਤੇਜ਼ੀ ਦੇਖੀ ਗਈ ਹੈ। ਇਸ ਉਦਯੋਗ ਨੇ (ਜਿਸ ਵਿੱਚ ਰੰਗਾਈ ਅਤੇ ਛਪਾਈ ਸ਼ਾਮਲ ਹੈ) ਅਪ੍ਰੈਲ 2000 ਤੋਂ ਸਤੰਬਰ 2015 ਦੇ ਸਮੇਂ ਦੌਰਾਨ 1.77 ਬਿਲੀਅਨ ਅਮਰੀਕੀ ਡਾਲਰ ਦਾ ਸਿੱਧਾ ਵਿਦੇਸ਼ੀ ਨਿਵੇਸ਼ ਆਕਰਸ਼ਿਤ ਕੀਤਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਸਰਕਾਰ ਨੇ ਸਵੈਚਾਲਿਤ ਮਾਰਗ ਰਾਹੀਂ ਕੱਪੜਾ ਖੇਤਰ ਵਿੱਚ 100 ਪ੍ਰਤਿਸ਼ਤ ਸਿੱਧੇ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦੇ ਦਿੱਤੀ ਹੈ।

## ਪਸ਼ਮੀਨਾ ਉਤਪਾਦਾਂ ਲਈ ਈ-ਪੋਰਟਲ

ਪ੍ਰਸਿੱਧ ਪਸ਼ਮੀਨਾ ਬ੍ਰਾਂਡ ਦੇ ਉਤਪਾਦਾਂ ਦੀ ਵਿੱਕਰੀ ਲਈ ਇਕ ਈ-ਕਾਮਰਸ ਪੋਰਟਲ ਦੀ ਸ਼ੁਰੂਆਤ ਕੀਤੀ ਗਈ ਹੈ ਤਾਂ ਕਿ ਹੱਥ ਨਾਲ ਬੁਣੇ ਇਸ ਕੱਪੜੇ ਦੀ ਵਿਸ਼ਵ ਵਿੱਚ ਵਿਕਰੀ ਨੂੰ ਹੁਲਾਰਾ ਪ੍ਰਦਾਨ ਕੀਤਾ ਜਾ ਸਕੇ - ਡਿਵੀਜਨਲ ਕਮਿਸ਼ਨਰ, ਕਸ਼ਮੀਰ ਨੇ ਪਸ਼ਮੀਨਾ ਉਤਪਾਦਾਂ ਲਈ www.phamb.co.in ਨਾਮਕ ਈ-ਕਾਮਰਸ ਪੋਰਟਲ ਦਾ ਉਦਘਾਟਨ ਕੀਤਾ।

## ਖਾਦੀ ਖੇਤਰ ਵਲੋਂ ਸੂਰਜੀ ਊਰਜਾ ਨਾਲ ਚੱਲਣ ਵਾਲੇ ਚਰਖਿਆਂ ਦੀ ਤਿਆਰੀ

ਬਦਲਦੇ ਸਮਿਆਂ ਮੁਤਾਬਕ ਖਾਦੀ ਖੇਤਰ ਹੱਥ ਨਾਲ ਕੱਤਣ ਵਾਲੇ ਰਵਾਇਤੀ ਚਰਖਿਆਂ ਦੀ ਥਾਂ ਸੂਰਜੀ ਊਰਜਾ ਨਾਲ ਚੱਲਣ ਵਾਲੇ ਚਰਖਿਆਂ ਵੱਲ ਮੁਹਾਰਾਂ ਮੋੜ ਗਿਆ ਹੈ। ਇਸ ਪਹਿਲਕਦਮੀ ਦੇ ਸਦਕਾ ਖਾਦੀ ਤੇ ਗ੍ਰਾਮ ਉਦਯੋਗ ਆਯੋਗ (ਕੇ ਵੀ ਆਈ ਸੀ) ਕੱਤਣ ਵਾਲਿਆਂ ਦੀ ਗੁਲਾਮੀ ਨੂੰ ਘੱਟ ਕਰਕੇ ਉਤਪਾਦਕਤਾ ਨੂੰ ਹੁਲਾਰਾ ਦੇਣ ਦੀ ਆਸ ਰੱਖਦਾ ਹੈ। ਕਾਰੀਗਰਾਂ ਦੀ ਨਿਗੂਣੀ ਜਿਹੀ ਆਮਦਨ ਨੂੰ ਧਿਆਨ ਵਿੱਚ ਰੱਖਦਿਆਂ ਸੂਰਜੀ ਚਰਖੇ ਕੱਤਣ ਵਾਲਿਆਂ ਦੇ ਬੋਝ ਨੂੰ ਘੱਟ ਕਰਨ ਲਈ ਸ਼ੁਰੂ ਕੀਤੇ ਗਏ ਹਨ। ਇਸ ਨਾਲ ਨਵਿਆਉਣਯੋਗ ਊਰਜਾ ਦੀ ਵਰਤੋਂ ਦਾ ਵੀ ਮੌਕਾ ਮਿਲੇਗਾ। ਸੂਰਜੀ ਊਰਜਾ ਨਾਲ ਚੱਲਣ ਵਾਲਾ ਚਰਖਾ ਅੱਠ ਘੰਟਿਆਂ ਵਿੱਚ ਧਾਗੇ ਦੀਆਂ 75-90 ਅੱਟੀਆਂ ਬਣਾ ਸਕਦਾ ਹੈ ਜਦ ਕਿ ਹੱਥ ਨਾਲ ਚੱਲਣ ਵਾਲੇ ਚਰਖੇ ਨਾਲ 25-30 ਅੱਟੀਆਂ ਹੀ ਇੰਨੇ ਸਮੇਂ ਵਿੱਚ ਬਣਾਈਆਂ ਜਾ ਸਕਦੀਆਂ ਹਨ। ਨਵੇਂ ਮਾਡਲ ਦੇ ਚਰਖੇ ਦੀ ਸ਼ੁਰੂਆਤ ਹੋਣ ਨਾਲ ਕੇ ਵੀ ਆਈ ਸੀ ਦੇ ਧਿਆਨ ਦਾ ਕੇਂਦਰ ਉਤਪਾਦਨ ਦੁੱਗਣਾ ਕਰਨ ਅਤੇ ਧਾਗੇ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਹੋ ਗਿਆ ਹੈ।

## ਚੁਨੌਤੀਆਂ ਅਤੇ ਅਗਾਂਹ ਦਾ ਰਸਤਾ

ਭਾਰਤੀ ਵਸਤਰ ਕੰਪਨੀਆਂ ਨੇ ਬੰਗਲਾਦੇਸ਼ ਵਿੱਚ ਉਤਪਾਦਨ ਦਾ ਅੱਡਾ ਸਥਾਪਤ ਕੀਤਾ। ਨਿਰਯਾਤਕ ਬੰਗਲਾਦੇਸ਼ ਵਿੱਚ ਆਪਣਾ ਅਧਾਰ ਸਥਾਪਤ ਕਰ ਰਹੇ ਸਨ ਜਿਥੇ ਵਪਾਰ ਕਰਨ ਦੀ ਸੌਖ ਮੌਜੂਦ ਹੈ। ਨਵੇਂ ਸਟਾਈਲ ਬਾਰੇ ਖੋਜ ਤੇ ਵਿਕਾਸ, ਕੱਪੜਿਆਂ ਦੇ ਤੇਜ਼ੀ ਨਾਲ ਆਯਾਤ ਆਦਿ ਦੇ ਨਾਲ-ਨਾਲ ਤੇਜ਼ੀ ਨਾਲ ਆਯਾਤ-ਨਿਰਯਾਤ ਸੰਭਵ ਹੋਇਆ। ਭਾਵੇਂ ਕਿ ਭਾਰਤ ਦਾ ਵਸਤਰ ਨਿਰਯਾਤ ਪ੍ਰਤਿ ਸਾਲ 17 ਬਿਲੀਅਨ ਡਾਲਰ ਉਤੇ ਰੁਕਿਆ ਹੋਇਆ ਸੀ, ਬੰਗਲਾਦੇਸ਼ ਦੇ ਵਸਤਰ ਨਿਰਯਾਤ ਵਿੱਚ ਦੋ ਅੰਕਾਂ ਦਾ ਵਾਧਾ ਵੇਖਿਆ ਗਿਆ। ਕਿਉਂਕਿ ਸੀ ਜੀ ਐੱਸ ਟੀ ਅਤੇ

ਐੱਸ ਜੀ ਐੱਸ ਟੀ ਦਰਾਂ ਕੱਪੜਾ ਖੇਤਰ ਦੇ ਆਰ ਐੱਨ ਆਰਜ਼ ਨਾਲੋਂ ਜ਼ਿਆਦਾ ਰਹਿਣ ਦੀ ਆਸ ਹੈ; ਇਸ ਕਰਕੇ ਕੱਪੜੇ ਦੀਆਂ ਕੀਮਤਾਂ ਵਧ ਜਾਣਗੀਆਂ। ਇਸ ਨਾਲ ਕੱਪੜਾ ਉਤਪਾਦਾਂ ਦੀ ਮੰਗ ਉਤੇ ਮਾੜਾ ਅਸਰ ਪਵੇਗਾ।

## ਘੱਟੋ-ਘੱਟ ਉਜਰਤਾਂ ਵਿੱਚ ਵਾਧਾ

ਸੰਨ 2016 ਵਿੱਚ ਜ਼ਿਆਦਾਤਰ ਏਸ਼ਿਆਈ ਦੇਸ਼ਾਂ ਦੇ ਵਸਤਰ ਉਦਯੋਗ ਅੰਦਰ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਜਾਰੀ ਰਿਹਾ। ਏਸ਼ੀਆ ਭਰ ਦੇ ਵਸਤਰ ਉਤਪਾਦਕਾਂ ਨੂੰ 2016 ਅੰਦਰ ਘੱਟੋ-ਘੱਟ ਉਜਰਤਾਂ ਵਿੱਚ 5 ਪ੍ਰਤਿਸ਼ਤ ਦਾ ਵਾਧਾ ਸਹਿਣਾ ਪੈ ਸਕਦਾ ਹੈ। ਅਜਿਹੇ ਉਦਯੋਗ ਦੇ ਇਕ ਸੂਤਰ ਦਾ ਕਹਿਣਾ ਹੈ। ਭਾਰਤ, ਮਲੇਸ਼ੀਆ, ਥਾਈਲੈਂਡ ਅਤੇ ਪਾਕਿਸਤਾਨ, ਜੋ ਏਸ਼ੀਆ ਦੇ ਮੋਹਰੀ ਵਸਤਰ ਉਤਪਾਦਕ ਹਨ, ਅੰਦਰ ਘੱਟੋ-ਘੱਟ ਉਜਰਤਾਂ ਵਿੱਚ ਵੱਡਾ ਵਾਧਾ (15 ਪ੍ਰਤਿਸ਼ਤ ਤੋਂ ਵੀ ਵੱਧ) ਹੋ ਸਕਦਾ ਹੈ, ਜਦ ਕਿ ਬੰਗਲਾਦੇਸ਼ ਅਤੇ ਫਿਲੀਪਾਈਨ ਵਿੱਚ ਘੱਟੋ-ਘੱਟ ਉਜਰਤਾਂ ਪਿਛਲੇ ਸਾਲ ਵਾਂਗ ਬਣੀਆਂ ਰਹਿ ਸਕਦੀਆਂ ਹਨ।

## ਕੱਪੜਾ ਉਦਯੋਗ ਤੇ ਜੀ ਐੱਸ ਟੀ ਦਾ ਪ੍ਰਭਾਵ

ਭਾਰਤ ਸਰਕਾਰ ਦੇ ਕੱਪੜਾ ਮੰਤਰਾਲੇ ਦੀ 'ਭਾਰਤ ਦੇ ਕੱਪੜਾ ਖੇਤਰ ਅਤੇ ਵਸਤਾਂ ਤੇ ਸੇਵਾਵਾਂ ਕਰ (ਜੀ ਐੱਸ ਟੀ) ਦੇ ਪ੍ਰਭਾਵਾਂ ਬਾਰੇ' ਇਕ ਰਿਪੋਰਟ ਮੁਤਾਬਕ ਹੋਰ ਅਨੁਮਾਨ ਲਾਇਆ ਗਿਆ ਹੈ ਕਿ ਸਮੁੱਚੇ ਰੂਪ ਵਿੱਚ ਕੱਪੜਾ ਖੇਤਰ 'ਤੇ ਕੀਮਤ ਵਾਧੇ ਦਾ ਮਾੜਾ ਪ੍ਰਭਾਵ ਹਾਂ ਪੱਖੀ ਆਮਦਨ ਪ੍ਰਭਾਵ ਨਾਲ ਲਗਭਗ ਖਤਮ ਹੋ ਜਾਵੇਗਾ ਜੇ ਕੱਪੜੇ ਦੇ ਸਾਰੇ ਵਰਗਾਂ ਉਤੇ ਜੀ ਐੱਸ ਟੀ ਦੀ ਲਾਗੂ ਦਰ 12 ਪ੍ਰਤਿਸ਼ਤ ਰਹੇ। ਪਰ ਤਿੰਨ ਕੱਪੜਾ ਵਰਗਾਂ – ਖਾਦੀ, ਹੱਥ ਖੱਡੀ, ਸੂਤੀ ਕੱਪੜੇ ਅਤੇ ਗਲੀਚੇ ਦੇ ਮਾਮਲੇ ਵਿੱਚ ਮੰਗ 'ਤੇ ਮਾੜਾ ਅਸਰ ਪਵੇਗਾ, ਜਦ ਕਿ ਦੂਜੇ ਖੇਤਰਾਂ 'ਤੇ ਸ਼ੁੱਧ ਹਾਂ ਪੱਖੀ ਅਸਰ ਪਵੇਗਾ। ਇਸ ਨਾਲ ਕੱਪੜਾ ਖੇਤਰ ਵਿੱਚ ਸਥਾਨਾਂਤਰਣ ਪ੍ਰਭਾਵ ਪਵੇਗਾ ਅਤੇ ਆਦਮੀ ਦੁਆਰਾ ਬਣਾਏ ਰੇਸ਼ੇ ਉਤੇ ਅਧਾਰਿਤ ਕੱਪੜਿਆਂ ਅਤੇ ਮਿਸ਼ਰਣਾਂ ਦੀ ਜ਼ਿਆਦਾ ਵਰਤੋਂ ਦੀ ਹੌਸਲਾ ਅਫਜ਼ਾਈ ਹੋਵੇਗੀ ਜੋ ਮੁਕਾਬਲਤਨ ਜ਼ਿਆਦਾ ਸਿੰਥੈਟਿਕ ਰੇਸ਼ਿਆਂ ਦਾ ਇਸਤੇਮਾਲ ਕਰਦੇ ਹਨ।

ਪਹਿਲੇ ਨੂੰ ਛੱਡ ਕੇ ਬਾਕੀ ਸਾਰੇ ਪ੍ਰਭਾਵਾਂ ਦਾ ਉਦਯੋਗ ਉਤੇ ਹਾਂ-ਪੱਖੀ ਅਸਰ ਪਵੇਗਾ। ਪਹਿਲਾ ਪ੍ਰਭਾਵ, ਮਤਲਬ ਜੀ ਐੱਸ ਟੀ ਤਹਿਤ ਕਰਾਂ ਦੀ ਦਰ ਵਿੱਚ ਵਾਧੇ ਰਾਹੀਂ ਕਰ ਮਾਲੀਏ ਵਿੱਚ ਵਾਧੇ ਦਾ ਬੁਰਾ ਅਸਰ ਪਵੇਗਾ ਕਿਉਂਕਿ ਇਸ ਨਾਲ ਕੀਮਤਾਂ ਵਿੱਚ ਵਾਧਾ ਹੋ ਜਾਵੇਗਾ।

ਜੀ ਐੱਸ ਟੀ ਅਧੀਨ ਨਿਰਯਾਤ ਪੂਰੀ ਤਰ੍ਹਾਂ ਅਤੇ ਸਵੈ-ਚਾਲਿਤ ਤਰੀਕੇ ਨਾਲ ਸਿਫਰ ਦਰ ਵਾਲਾ ਹੋਵੇਗਾ। ਇਸ ਦੇ ਦਾਇਰੇ ਵਿੱਚ ਨਿਰਯਾਤ ਕੀਤੇ ਜਾਣ ਵਾਲੇ ਉਤਪਾਦਾਂ ਲਈ ਵਰਤੀਆਂ ਜਾਂਦੀਆਂ ਸਾਰੀਆਂ ਘਰੇਲੂ ਕਰ ਲਾਗਤਾਂ ਆਉਣਗੀਆਂ। ਇਸ ਨਾਲ ਡਿਊਟੀ ਡ੍ਰਾਅ ਬੈਕ ਸਕੀਮ ਦੀਆਂ ਸੰਭਾਵਨਾਵਾਂ ਕਾਫੀ ਘੱਟ ਹੋ ਜਾਣਗੀਆਂ ਕਿਉਂਕਿ ਘਰੇਲੂ ਅਸਿੱਧੇ ਕਰਾਂ, ਜਿਵੇਂ ਕੇਂਦਰੀ ਆਬਕਾਰੀ ਸ਼ੁਲਕ, ਸੇਵਾ ਕਰ, ਰਾਜ ਵਿਕਰੀ ਕਰ, ਅੰਤਰਰਾਜੀ ਵਿਕਰੀ ਕਰ, ਅਤੇ ਦਾਖਲਾ ਕਰ ਆਦਿ ਨਾਲ ਸੰਬੰਧਿਤ ਸਾਰੇ ਲਾਗਤ ਕਰਾਂ ਤੋਂ ਛੋਟ ਮਿਲੇਗੀ। ਡਿਊਟੀ ਡ੍ਰਾਅ ਬੈਕ ਸਕੀਮ ਤੋਂ ਬਚਿਆ ਪੈਸਾ ਫਿਰ ਇਸ ਖੇਤਰ ਦੀ ਸਹਾਇਤਾ ਲਈ ਵਰਤਿਆ ਜਾ ਸਕੇਗਾ।

## ਭਾਰਤ ਦੇ ਕੱਪੜਾ ਉਦਯੋਗ ਉਤੇ ਬ੍ਰੈਕਜ਼ਿਟ ਦਾ ਪ੍ਰਭਾਵ

ਯੂ.ਕੇ. ਵਪਾਰ ਅਤੇ ਨਿਵੇਸ਼ ਰਿਪੋਰਟ ਮੁਤਾਬਕ ਅਮਰੀਕਾ ਤੇ ਫਰਾਂਸ ਤੋਂ ਬਾਅਦ ਭਾਰਤ ਯੂ.ਕੇ. ਵਿੱਚ ਤੀਜਾ ਵੱਡਾ ਵਿਦੇਸ਼ੀ ਨਿਵੇਸ਼ਕ ਹੈ। ਪਿਛਲੇ ਸਾਲ ਭਾਰਤ ਤੇ ਯੂ.ਕੇ. ਦਰਮਿਆਨ ਕੁੱਲ ਵਪਾਰ 16.55 ਬਿਲੀਅਨ ਪੌਂਡ ਦਾ ਸੀ। ਭਾਰਤ ਯੂ.ਕੇ. ਵਿੱਚ ਕਾਰਖਾਨੇ ਸਥਾਪਤ ਕਰਕੇ ਇਸ ਨੂੰ ਬਾਕੀ ਯੂਰਪ ਵਿੱਚ ਦਾਖਲ ਹੋਣ ਦੇ ਰਸਤੇ ਵਜੋਂ ਵੇਖਦਾ ਹੈ ਜਿਸ ਨਾਲ ਇਸ ਨੂੰ ਆਪਣੇ ਉਤਪਾਦ ਬਾਕੀ ਯੂਰਪ ਵਿੱਚ ਵੇਚਣ ਦੀ ਸਹੂਲਤ ਮਿਲ ਜਾਂਦੀ ਹੈ। ਕੀ ਬ੍ਰੈਕਜ਼ਿਟ ਇਸ ਨੂੰ ਬਦਲ ਕੇ ਰੱਖ ਦੇਵੇਗਾ? ਇਹ ਬਹੁਤ ਵੱਡੇ ਸਵਾਲ ਹਨ।

ਕੱਪੜਾ ਉਦਯੋਗ ਭਾਰਤ ਵਿੱਚ ਹਮੇਸ਼ਾ ਪ੍ਰਮੁੱਖ ਉਦਯੋਗਾਂ ਵਿੱਚ ਸ਼ੁਮਾਰ ਰਿਹਾ ਹੈ ਜਿਸ ਨੇ ਖੇਤੀਬਾੜੀ ਤੋਂ ਬਾਅਦ ਵੱਡਾ ਰੋਜ਼ਗਾਰ ਪੈਦਾ ਕੀਤਾ ਹੈ। ਭਾਰਤ ਦੇ ਰਵਾਇਤੀ ਨਿਰਯਾਤ ਬਾਜ਼ਾਰਾਂ ਜਿਵੇਂ ਕਿ ਅਮਰੀਕਾ ਅਤੇ ਯੂਰਪੀ ਸੰਘ ਭਾਰਤ ਦੇ ਕੱਪੜਾ ਅਤੇ ਵਸਤਰ ਨਿਰਯਾਤ ਦਾ 60 ਪ੍ਰਤਿਸ਼ਤ ਕੀਤਾ ਜਾਂਦਾ ਹੈ। ਭਾਰਤ ਯੂਰਪੀ ਸੰਘ ਨੂੰ 10 ਬਿਲੀਅਨ ਡਾਲਰ ਦਾ ਕੱਪੜਾ ਤੇ ਵਸਤਰ ਨਿਰਯਾਤ ਕਰਦਾ ਹੈ ਜਿਸ ਵਿੱਚੋਂ ਲਗਭਗ 23 ਪ੍ਰਤਿਸ਼ਤ (2.5 ਬਿਲੀਅਨ ਡਾਲਰ) ਬ੍ਰਿਟੇਨ ਨੂੰ ਜਾਂਦਾ ਹੈ।

ਅਜਿਹੇ ਨਜ਼ਦੀਕੀ ਵਾਲੇ ਵਪਾਰਕ ਰਿਸ਼ਤਿਆਂ ਦੇ ਹੁੰਦਿਆਂ, ਭਾਰਤ ਇੰਗਲੈਂਡ ਨਾਲ ਹੋਰ ਵੱਧ ਨਜ਼ਦੀਕੀ ਵਾਲੀ ਵਾਪਰਕ ਭਾਈਵਾਲੀ ਪਾਉਣ ਲਈ ਬ੍ਰੈਕਜ਼ਿਟ ਨੂੰ ਇਕ ਮੌਕੇ ਵਜੋਂ ਵੇਖਦਾ ਹੈ। ਵਪਾਰ ਉਦਯੋਗ ਅਤੇ ਸਰਕਾਰ ਨੂੰ ਇਸ ਤੋਂ ਲਾਭ ਲੈਣ ਲਈ ਹੋਰ ਜ਼ਿਆਦਾ ਯਤਨ ਕਰਨ ਦੀ ਲੋੜ ਹੈ।

## ਤਕਨੀਕੀ ਕੱਪੜਾ

ਤਕਨੀਕੀ ਕੱਪੜਾ ਭਾਰਤ ਵਿੱਚ ਨਿਵੇਸ਼ ਲਈ ਇਕ ਉੱਭਰਦਾ ਹੋਇਆ ਖੇਤਰ ਹੈ। ਤਕਨੀਕੀ ਕੱਪੜਾ ਉਹ ਕੱਪੜਾ ਸਮੱਗਰੀ ਅਤੇ ਉਤਪਾਦ ਹੁੰਦੇ ਹਨ ਜੋ ਤਕਨੀਕੀ ਕਾਰਗੁਜ਼ਾਰੀ ਅਤੇ ਸੰਚਾਲਨ ਗੁਣਾਂ ਲਈ ਇਸਤੇਮਾਲ ਕੀਤੇ ਜਾਂਦੇ ਹਨ। ਤਕਨੀਕੀ ਕੱਪੜੇ ਕੱਪੜਾ ਉਦਯੋਗ ਦਾ ਇਕ ਮਹੱਤਵਪੂਰਨ ਹਿੱਸਾ ਹਨ ਅਤੇ ਭਾਰਤ ਵਿੱਚ ਇਨ੍ਹਾਂ ਦੀਆਂ ਸੰਭਾਵਨਾਵਾਂ ਤੋਂ ਹਾਲੇ ਪੂਰਾ ਲਾਹਾ ਨਹੀਂ ਲਿਆ ਗਿਆ। ਖਰਚ ਕੀਤੀ ਜਾਣ ਵਾਲੀ ਆਮਦਨ ਵਿੱਚ ਵਾਧਾ ਹੋਣ ਨਾਲ ਤਕਨੀਕੀ ਕੱਪੜੇ ਦੀ ਖਪਤ ਵਿੱਚ ਵਾਧਾ ਹੋਣ ਦੀ ਉਮੀਦ ਕੀਤੀ ਜਾਂਦੀ ਹੈ।

ਤਕਨੀਕੀ ਕੱਪੜੇ ਇਕ ਬਹੁ-ਪੱਖੀ ਖੇਤਰ ਦੀ ਪ੍ਰਤਿਨਿਧਤਾ ਕਰਦੇ ਹਨ ਜਿਨ੍ਹਾਂ ਦੇ ਬਹੁਤ ਸਾਰੇ ਫਾਇਦੇ ਹੁੰਦੇ ਹਨ। ਤਕਨੀਕੀ ਕੱਪੜਾ ਉਦਯੋਗ ਦੀਆਂ ਵੱਖ-ਵੱਖ ਵਸਤਾਂ ਦਾ ਉਤਪਾਦਨ ਦੇਸ਼ ਵਿੱਚ ਹੌਲੀ-ਹੌਲੀ, ਪਰ ਲਗਾਤਾਰ ਵਧ ਰਿਹਾ ਹੈ। ਭਵਿੱਖੀ ਉੱਦਮੀਆਂ ਅਤੇ ਖਪਤਕਾਰਾਂ ਦਰਮਿਆਨ ਤਕਨੀਕੀ ਕੱਪੜਿਆਂ ਬਾਰੇ ਜਾਗਰੂਕਤਾ ਬਹੁਤ ਘੱਟ ਹੈ। ਉੱਦਮੀਆਂ ਨੂੰ ਬਾਜ਼ਾਰ ਦੇ ਅਕਾਰ, ਤਕਨੀਕੀ ਕੱਪੜੇ ਦਾ ਘਰੇਲੂ ਅਤੇ ਵਿਸ਼ਵੀ ਦ੍ਰਿਸ਼, ਸਰਕਾਰੀ ਸਕੀਮਾਂ ਦੇ ਵੇਰਵੇ, ਮੌਜੂਦਾ ਤਕਨੀਕੀ ਕੱਪੜਾ ਨਿਰਮਾਣਕਾਰਾਂ ਦੀ ਸੂਚੀ, ਆਯਾਤਕਾਂ ਤੇ ਨਿਰਯਾਤਕਾਂ, ਤਕਨੀਕੀ ਕੱਪੜਾ ਨਿਰਮਾਣ ਕਰਨ ਵਾਲੀ ਮਸ਼ੀਨਰੀ ਆਦਿ ਦੇ ਪੂਰੇ ਵੇਰਵੇ ਲੋੜੀਂਦੇ ਹਨ।

ਤਕਨੀਕੀ ਕੱਪੜਾ ਉੱਚ ਤਕਨਾਲੋਜੀ ਵਾਲਾ ਇਕ ਉੱਭਰਦਾ ਹੋਇਆ ਖੇਤਰ ਹੈ ਜੋ ਹੌਲੀ-ਹੌਲੀ ਭਾਰਤ ਵਿੱਚ ਆਪਣੇ ਪੈਰ ਜਮਾ ਰਿਹਾ ਹੈ। ਤਕਨੀਕੀ ਕੱਪੜੇ ਵਿੱਚ ਕਈ ਪ੍ਰਕਾਰ ਦੇ ਉਤਪਾਦ

ਸ਼ਾਮਲ ਹਨ, ਜਿਵੇਂ ਕਿ ਪ੍ਰੋਟੈਕ, ਐਗਰੋਟੈਕ, ਜੀਓਟੈਕ, ਮੈਡੀਟੈਕ, ਸਪੋਰਟੈਕ ਆਦਿ। ਇਸ ਖੇਤਰ ਨੂੰ ਹੱਲਾਸ਼ੇਰੀ ਦੇਣ ਲਈ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਵਰਗ ਵਿਸ਼ੇਸ਼ ਪਹਿਲ ਅਪਣਾਈ ਜਾਵੇ, ਜਿਸ ਵਿੱਚ ਪਛਾਣ ਕੀਤੇ ਗਏ ਤਕਨੀਕੀ ਕੱਪੜੇ ਦੇ ਉਤਪਾਦਾਂ ਦਾ ਉਤਪਾਦਨ ਵਧਾਉਣ ਲਈ ਰਣਨੀਤੀ ਬਣਾ ਕੇ ਉਸ ਨੂੰ ਅਸਲ ਵਿੱਚ ਲਿਆਂਦਾ ਜਾਵੇ। ਇਸ ਦੀ ਚੋਣ ਅਨੁਮਾਨਿਤ ਮੰਗ ਦੇ ਅਧਾਰ ਉਤੇ ਕੀਤੀ ਜਾਵੇ। ਉਦੇਸ਼ ਇਹ ਹੋਵੇ ਕਿ ਭਾਰਤ ਤਕਨੀਕੀ ਕੱਪੜੇ ਦਾ ਵੱਡਾ ਆਯਾਤਕ ਬਣਨ ਤੋਂ ਬਚੇ ਅਤੇ ਪ੍ਰਮੁੱਖ ਨਿਰਮਾਣ ਦਾ ਕੇਂਦਰ ਬਣਨ ਲਈ ਯਤਨ ਕਰੇ, ਨਾ ਕਿ ਸਿਰਫ ਨਿਰਯਾਤਕ ਬਣਨ ਦਾ।

### ਅਗਲੇਰਾ ਰਸਤਾ

ਭਾਰਤੀ ਕੱਪੜਾ ਅਤੇ ਵਸਤਰ ਖੇਤਰ ਲਈ ਕੱਪੜਾ ਮੰਤਰਾਲੇ ਦੀ ਦ੍ਰਿਸ਼ਟੀ, ਰਣਨੀਤੀ ਅਤੇ ਕਾਰਜ ਯੋਜਨਾ ਤੇ ਇਕ ਰਿਪੋਰਟ ਮੁਤਾਬਕ ਹੇਠ ਲਿਖੀਆਂ ਚੀਜ਼ਾਂ ਕੱਪੜਾ ਮੰਤਰਾਲਾ ਲਈ ਮਾਰਗ ਵਜੋਂ ਵਿਚਾਰੀਆਂ ਜਾ ਸਕਦੀਆਂ ਹਨ।

ਨਿਰਯਾਤ ਵਿੱਚ 20 ਪ੍ਰਤਿਸ਼ਤ ਸੀ ਏ ਜੀ ਆਰ ਨਾਲ 2024-25 ਤੱਕ ਭਾਰਤ ਲਗਭਗ 300 ਬਿਲੀਅਨ ਅਮਰੀਕੀ ਡਾਲਰ ਦੇ ਬਰਾਬਰ ਕੱਪੜਾ ਤੇ ਵਸਤਰਾਂ ਦਾ ਨਿਰਯਾਤ ਕਰੇਗਾ ਜਦ ਕਿ 15 ਪ੍ਰਤਿਸ਼ਤ ਦੀ ਘੱਟ ਸੀ ਏ ਜੀ ਆਰ ਭਾਰਤ ਵਲੋਂ 185 ਬਿਲੀਅਨ ਅਮਰੀਕੀ ਡਾਲਰ ਦੇ ਕੱਪੜੇ ਅਤੇ ਵਸਤਰ 2024-25 ਤੱਕ ਨਿਰਯਾਤ ਕੀਤੇ ਜਾਣਗੇ। ਨਿਰਯਾਤ ਵਿੱਚ ਮਿੱਥੇ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ, ਉਸ ਸਮੇਂ ਤੱਕ ਭਾਰਤ ਦੀ ਵਿਸ਼ਵ ਕੱਪੜਾ ਅਤੇ ਵਸਤਰ ਵਪਾਰ ਵਿੱਚ ਹਿੱਸੇਦਾਰੀ 15 ਪ੍ਰਤਿਸ਼ਤ ਤੋਂ 20 ਪ੍ਰਤਿਸ਼ਤ ਹੋ ਜਾਵੇਗੀ ਜੋ ਵਰਤਵਾਨ ਸਮੇਂ 5 ਪ੍ਰਤਿਸ਼ਤ ਹੈ। ਇਸ ਸਮੇਂ ਦੌਰਾਨ ਭਾਰਤ ਨੂੰ ਢਾਂਚਾਗਤ ਬਦਲਾਅ ਲਈ ਯਤਨ ਕਰਨੇ ਚਾਹੀਦੇ ਹਨ ਜਿਸ ਨਾਲ ਇਹ ਤਿਆਰ ਉਤਪਾਦਾਂ ਦਾ ਸ਼ੁੱਧ ਨਿਰਯਾਤਕ ਬਣ ਜਾਵੇਗਾ। ਇਸ ਦਾ ਇਹ ਮਤਲਬ ਹੋਵੇਗਾ ਕਿ ਰੇਸ਼ੇ ਅਤੇ ਧਾਗੇ ਦੇ ਨਿਰਯਾਤ ਵਿੱਚ ਵਾਧੇ ਦੀਆਂ ਦਰਾਂ ਘਟਣੀਆਂ ਸ਼ੁਰੂ ਹੋ ਜਾਣੀਆਂ ਚਾਹੀਦੀਆਂ ਹਨ ਅਤੇ ਵਸਤਰਾਂ, ਘਰੇਲੂ ਸਜਾਵਟ, ਤਕਨੀਕੀ ਕੱਪੜੇ ਅਤੇ ਦੂਸਰੇ ਤਿਆਰ ਉਤਪਾਦਾਂ ਦੀਆਂ ਵਾਧੇ ਦੀਆਂ ਦਰਾਂ ਵਿੱਚ ਤੇਜ਼ੀ ਨਾਲ ਇਜ਼ਾਫਾ ਹੋਵੇਗਾ। ਇਸ ਨਾਲ ਦੇਸ਼ ਵਿੱਚ ਰੋਜ਼ਗਾਰ ਨਿਰਮਾਣ ਅਤੇ ਅਸਾਸਿਆਂ ਦੇ ਨਿਰਮਾਣ ਵਿੱਚ ਵਾਧਾ ਹੋਵੇਗਾ ਅਤੇ ਪ੍ਰਧਾਨ ਮੰਤਰੀ ਦਾ 'ਮੇਕ ਇਨ ਇੰਡੀਆ' ਦਾ ਸੁਪਨਾ ਸਾਕਾਰ ਹੋਵੇਗਾ। ਇਸ ਪ੍ਰਕਿਰਿਆ ਦੌਰਾਨ ਲਗਭਗ 180 ਬਿਲੀਅਨ ਤੋਂ 200 ਬਿਲੀਅਨ ਅਮਰੀਕੀ ਡਾਲਰ ਦਾ ਨਿਵੇਸ਼ ਹੋਵੇਗਾ ਅਤੇ ਲਗਭਗ 35 ਮਿਲੀਅਨ ਵਾਧੂ ਨੌਕਰੀਆਂ ਵੀ ਪੈਦਾ ਹੋਣਗੀਆਂ।

ਭਾਰਤ ਨੂੰ ਅਫਰੀਕਾ, ਦੱਖਣੀ ਏਸ਼ੀਆ, ਸੀ ਆਈ ਐੱਸ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਦੇ ਉੱਭਰ ਰਹੇ ਖੇਤਰਾਂ ਦੇ ਨਿਰਯਾਤ ਬਾਜ਼ਾਰਾਂ ਤੋਂ ਸੁਧਰੀ ਹੋਈ ਨਿਰਯਾਤ ਬਾਜ਼ਾਰ ਰਸਾਈ ਲਈ ਹੰਭਲਾ ਮਾਰਨਾ ਚਾਹੀਦਾ ਹੈ। ਦੇਸ਼ ਨੂੰ ਉੱਚ ਸ਼ੁਲਕ ਦੇ ਮੁੱਦੇ ਨੂੰ ਹੱਲ ਕਰਨਾ ਪਵੇਗਾ (ਇਹ ਉਹ ਸਥਿਤੀ ਹੈ ਜਦੋਂ ਰੇਸ਼ੇ ਉਤੇ ਜ਼ਿਆਦਾ ਅਤੇ ਵਸਤਰਾਂ ਉਤੇ ਘੱਟ ਸ਼ੁਲਕ ਅਦਾ ਕਰਨਾ ਪੈਂਦਾ ਹੈ), ਕੱਪੜੇ ਅਤੇ ਵਸਤਰਾਂ ਨੂੰ ਭਾਰਤ - ਮੈਰਕੋਸਰ ਪੀ ਟੀ ਏ ਅਧੀਨ ਸ਼ਾਮਲ ਕਰਨ ਲਈ ਜ਼ੋਰਦਾਰ ਕੋਸ਼ਿਸ਼ਾਂ ਕਰਨੀਆਂ ਹੋਣਗੀਆਂ, ਰੂਸੀ ਸੀਮਾ ਸੰਘਾਂ ਨਾਲ ਮੁਕਤ ਬਾਜ਼ਾਰ ਸਮਝੌਤੇ ਲਈ ਯਤਨਾਂ ਵਿੱਚ ਤੇਜ਼ੀ ਲਿਆਉਣੀ ਹੋਵੇਗੀ (ਆਉਣ ਵਾਲੇ ਸਾਲਾਂ ਵਿੱਚ ਇਹ ਵੱਡਾ ਬਾਜ਼ਾਰ ਹੋ ਸਕਦਾ ਹੈ), ਘੱਟ ਵਿਕਸਤ ਦੇਸ਼ਾਂ ਲਈ ਇਹ ਲਾਜ਼ਮੀ ਕਰਨਾ ਹੋਵੇਗਾ ਕਿ ਜੇ ਉਹ ਆਪਣੇ ਵਸਤਰ ਬਿਨਾਂ ਕਿਸੇ ਸ਼ੁਲਕ ਤੋਂ ਭਾਰਤ ਨੂੰ ਨਿਰਯਾਤ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਭਾਰਤ ਵਿੱਚ ਬਣੇ ਕੱਪੜੇ ਦਾ ਇਸਤੇਮਾਲ ਕਰਨਾ ਹੋਵੇਗਾ ਅਤੇ ਅਮਰੀਕਾ ਨੂੰ ਬੇਨਤੀ ਕਰਕੇ ਵਸਤਰਾਂ ਨੂੰ ਉਸ ਦੇ ਜੀ ਐੱਸ ਪੀ ਪ੍ਰੋਗਰਾਮ ਵਿੱਚ ਸ਼ਾਮਲ ਕਰਵਾਉਣਾ ਹੋਵੇਗਾ।

ਪਿਛਲੇ ਸਾਲਾਂ ਦੌਰਾਨ ਭਾਰਤ ਦੇ ਕੱਪੜਾ ਅਤੇ ਵਸਤਰ ਉਦਯੋਗ ਨੇ ਸਰਕਾਰੀ ਨੀਤੀਆਂ ਤੋਂ ਵੱਡਾ ਲਾਹਾ ਲਿਆ ਹੈ ਅਤੇ ਇਹ ਨਿਰਯਾਤ ਦਾ ਇਕ ਅਹਿਮ ਅੰਗ ਰਿਹਾ ਹੈ। ਪਰ, ਲਗਾਤਾਰ ਵਧਦੇ ਹੋਏ ਵਪਾਰਕ ਸਮਝੌਤਿਆਂ ਕਰਕੇ, ਖ਼ਾਸ ਕਰਕੇ ਵੱਡੇ, ਮੁਕਤ ਵਪਾਰ ਸਮਝੌਤਿਆਂ ਕਾਰਨ ਉਨ੍ਹਾਂ ਦੇਸ਼ਾਂ ਦੀ ਤਰਜੀਹ ਵਿੱਚ ਤਬਦੀਲੀ ਆ ਸਕਦੀ ਹੈ ਜੋ ਕੱਪੜੇ ਅਤੇ ਵਸਤਰਾਂ ਦਾ ਨਿਰਯਾਤ ਕਰਦੇ ਹਨ। ਭਾਰਤੀ ਆਰਥਿਕਤਾ ਵਿੱਚ ਇਸ ਖੇਤਰ ਦੇ ਮਹੱਤਵ ਨੂੰ ਵੇਖਦਿਆਂ, ਸਰਕਾਰ ਅਤੇ ਉਦਯੋਗ ਲਈ ਇਹ ਯਕੀਨੀ ਬਣਾਉਣਾ ਫਾਇਦੇਮੰਦ ਰਹੇਗਾ ਕਿ ਵਪਾਰਕ ਨੀਤੀ ਅੱਜ ਦੀਆਂ ਲੋੜਾਂ ਦਰਸਾਏ ਤਾਂ ਜੋ ਉਦਯੋਗ ਨੂੰ ਉੱਚ ਮੁਕਾਬਲੇਬਾਜ਼ੀ ਵਾਲੇ ਵਿਸ਼ਵ ਦੇ ਵਾਤਾਵਰਨ ਵਿੱਚ ਮਜਬੂਤ ਬਣਾਇਆ ਜਾ ਸਕੇ। ਭਾਰਤ ਦੇ ਕੱਪੜਾ ਅਤੇ ਵਸਤਰ ਉਦਯੋਗ ਦੀਆਂ ਅਸੀਮ ਸੰਭਾਵਨਾਵਾਂ ਹਨ। ਸਰਕਾਰ ਵਲੋਂ ਕੀਮਤਾਂ ਦੇ ਉੱਚਿਤ ਨਿਰਧਾਰਨ ਅਤੇ ਉਦਯੋਗ ਵਲੋਂ ਬਾਜ਼ਾਰੀਕਰਨ ਦੀ ਢੁੱਕਵੀਂ ਤਕਨੀਕ ਅਪਣਾਉਣ ਨਾਲ ਇਹ ਵਿਸ਼ਵ ਬਾਜ਼ਾਰਾਂ ਵਿੱਚ ਮਾਣਮੱਤਾ ਸਥਾਨ ਹਾਸਲ ਕਰ ਸਕਦਾ ਹੈ।

ਭਾਰਤ ਦਾ ਕੱਪੜਾ ਅਤੇ ਵਸਤਰ ਉਤਪਾਦਾਂ ਦਾ ਨਿਰਯਾਤ ਹੌਲੀ-ਹੌਲੀ ਵਧ ਰਿਹਾ ਹੈ, ਪਰ ਇਹ ਕੁੱਝ ਬਾਜ਼ਾਰਾਂ ਤੱਕ ਹੀ ਸੀਮਤ ਹੈ। ਯੂਰਪੀ ਸੰਘ ਅਤੇ ਅਮਰੀਕਾ ਵੱਡੇ ਨਿਰਯਾਤ ਦੇ ਟਿਕਾਣੇ ਹਨ ਜਿਥੇ ਭਾਰਤ ਦੇ ਨਿਰਯਾਤ ਬਾਜ਼ਾਰ ਦਾ 50 ਪ੍ਰਤਿਸ਼ਤ ਭੇਜਿਆ ਜਾਂਦਾ ਹੈ।

ਵਿਸ਼ਵ ਵਪਾਰ ਵਿੱਚ ਵੱਡੀ ਭਾਗੀਦਾਰੀ ਦੇ ਸੁਫਨੇ ਨੂੰ ਉਦੋਂ ਹੀ ਸਾਕਾਰ ਕੀਤਾ ਜਾ ਸਕਦਾ ਹੈ ਜੇ ਭਾਰਤ ਦੇ ਨਿਰਯਾਤਕ ਰਵਾਇਤੀ ਉਤਪਾਦਾਂ ਤੇ ਬਾਜ਼ਾਰਾਂ ਤੋਂ ਅਗਾਂਹ ਵੇਖਣਾ ਸ਼ੁਰੂ ਕਰਨਗੇ ਅਤੇ ਛੇਤੀ ਸਫਲਤਾ ਪ੍ਰਾਪਤ ਕਰਨਾ ਅਰੰਭ ਕਰਨਗੇ। ਜਾਪਾਨ, ਚੀਨ, ਬ੍ਰਾਜ਼ੀਲ, ਰੂਸ ਆਦਿ ਦੇਸ਼ਾਂ ਵਿੱਚ ਵੱਡਾ ਹਿੱਸਾ ਪ੍ਰਾਪਤ ਕਰਨ ਲਈ ਸਾਨੂੰ ਵਿਸ਼ੇਸ਼ ਰਣਨੀਤੀਆਂ ਬਣਾਉਣੀਆਂ ਪੈਣਗੀਆਂ। ਉਤਪਾਦ ਹਰੇਕ ਵੱਡੇ ਬਾਜ਼ਾਰ ਦੀ ਸਹੂਲਤ ਮੁਤਾਬਕ ਬਣਾਉਣੇ ਪੈਣਗੇ। ਇਸ ਲਈ ਕੱਪੜਾ ਮੰਤਰਾਲਾ ਨੂੰ ਭਾਰਤੀ ਉਦਯੋਗ ਜਗਤ ਨਾਲ ਬੈਠ ਕੇ ਫੈਸਲੇ ਲੈਣੇ ਹੋਣਗੇ। ਸੰਬੰਧਿਤ ਦੇਸ਼ ਦੇ ਸੰਸਥਾਨਾਂ ਕੋਲੋਂ ਉਥੋਂ ਦੇ ਬਾਜ਼ਾਰਾਂ ਦੇ ਹਿਸਾਬ ਨਾਲ ਅਧਿਐਨ ਕਰਵਾਉਣਾ ਹੋਵੇਗਾ ਜਿਸ ਵਾਸਤੇ ਮੰਤਰਾਲਾ ਵਲੋਂ ਵਿੱਤੀ ਸਹਾਇਤਾ ਦੇਣ ਦੀ ਲੋੜ ਪਵੇਗੀ। ਅਧਿਐਨ, ਉਸ ਦੇਸ਼ ਲਈ ਬਾਜ਼ਾਰੀਕਰਨ ਰਣਨੀਤੀ ਨੂੰ ਅਮਲ ਵਿੱਚ ਲਿਆਉਣ ਦਾ ਅਧਾਰ ਬਣੇਗਾ।

ਭਾਰਤ ਦੇ ਕੱਪੜਾ ਬਾਜ਼ਾਰ ਦਾ ਭਵਿੱਖ ਸੁਨਹਿਰਾ ਨਜ਼ਰ ਆਉਂਦਾ ਹੈ। ਇਸ ਨੂੰ ਮਜਬੂਤ ਘਰੇਲੂ ਖਪਤ ਅਤੇ ਨਿਰਯਾਤ ਦੀ ਮੰਗ ਤੋਂ ਭਰਪੂਰ ਉਤਸ਼ਾਹ ਮਿਲ ਰਿਹਾ ਹੈ। ਉਪਭੋਗਤਾਵਾਦ ਅਤੇ ਖਰਚ ਕੀਤੀ ਜਾਣ ਵਾਲੀ ਆਮਦਨ ਵਿੱਚ ਵਾਧਾ ਹੋਣ ਨਾਲ, ਅੰਤਰਰਾਸ਼ਟਰੀ ਕੰਪਨੀਆਂ ਜਿਵੇਂ ਮਾਰਕਸ ਐਂਡ ਸਪੈਂਸਰ, ਗੈਪ ਅਤੇ ਨੈਕਸਟ ਦੇ ਭਾਰਤੀ ਬਾਜ਼ਾਰ ਵਿੱਚ ਆਉਣ ਨਾਲ, ਪ੍ਰਚੂਨ ਖੇਤਰ ਵਿੱਚ ਪਿਛਲੇ ਦਹਾਕੇ ਦੌਰਾਨ ਤੇਜ਼ੀ ਨਾਲ ਤਰੱਕੀ ਹੋਈ ਹੈ। ਸੰਗਠਿਤ ਵਸਤਰ ਖੰਡ 10

ਸਾਲਾਂ ਦੇ ਸਮੇਂ ਦੌਰਾਨ 13 ਪ੍ਰਤਿਸ਼ਤ ਤੋਂ ਵੱਧ ਸੀ ਏ ਜੀ ਆਰ ਨਾਲ ਵਧਣ ਫੁੱਲਣ ਦੀ ਆਸ ਹੈ।

ਸੂਟ, ਔਰਤਾਂ ਦੇ ਪੱਛਮੀ ਪਹਿਰਾਵੇ, ਅੰਦਰੂਨੀ ਵਸਤਰ, ਤੈਰਾਕੀ ਵਾਲੇ ਵਸਤਰ, ਉਪਰੀ ਕੱਪੜੇ ਆਦਿ ਦੀਆਂ ਤਿਆਰ ਵਸਤਾਂ ਦੇ ਅਨੇਕ ਵਰਗ ਹਨ ਜਿਨ੍ਹਾਂ ਵਿੱਚ ਕਈ ਬਿਲੀਅਨ ਡਾਲਰ ਦਾ ਵਪਾਰ ਹੁੰਦਾ ਹੈ ਪਰ ਇਸ ਵਿੱਚ ਭਾਰਤ ਦੀ ਹਿੱਸੇਦਾਰੀ ਬਹੁਤ ਸਧਾਰਨ ਹੈ। ਜਾਪਾਨ, ਰੂਸ, ਚੀਨ, ਬ੍ਰਾਜ਼ੀਲ, ਦੱਖਣੀ ਕੋਰੀਆ ਆਦਿ ਅਨੇਕ ਵੱਡੇ ਬਾਜ਼ਾਰ ਹਨ ਜਿਨ੍ਹਾਂ ਵਿੱਚ ਭਾਰਤ ਦੀ ਹਿੱਸੇਦਾਰੀ ਬਹੁਤ ਘੱਟ ਹੈ।

**ਭਾਰਤ ਦੀ ਹਿੱਸੇਦਾਰੀ ਵਧਾਉਣ ਲਈ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਦੇਸ਼ ਦੇ ਹਿਸਾਬ ਨਾਲ ਰਣਨੀਤੀਆਂ ਬਣਾ ਕੇ ਅਮਲ ਹੇਠ ਲਿਆਂਦੀਆਂ ਜਾਣ। ਸ਼ੁਰੂ ਵਿੱਚ 4-5 ਪ੍ਰਮੁੱਖ ਬਾਜ਼ਾਰਾਂ ਦੀ ਪਛਾਣ ਕਰਨੀ ਚਾਹੀਦੀ ਹੈ ਜਿਨ੍ਹਾਂ ਵਿੱਚ ਭਾਰਤ ਦੇ ਨਿਰਯਾਤ ਦੀ ਹਿੱਸੇਦਾਰੀ ਵਧਾਈ ਜਾ ਸਕਦੀ ਹੈ। ਹਰੇਕ ਬਾਜ਼ਾਰ ਲਈ, ਸੰਬੰਧਿਤ ਦੇਸ਼ ਦੀਆਂ ਪੇਸ਼ੇਵਰ ਏਜੰਸੀਆਂ ਦੀਆਂ ਸੇਵਾਵਾਂ ਲਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਬਾਜ਼ਾਰ ਦੀ ਰਣਨੀਤੀ ਮੁਤਾਬਕ ਸਲਾਹ ਮਸ਼ਵਰਾ ਦੇ ਸਕਣ।**

ਭਾਵੇਂ ਕਿ ਇਹ ਮਹਿੰਗਾ ਜਾਪੇਗਾ, ਪਰ ਸਫਲ ਹੋਣ ਲਈ ਇਸ ਤੋਂ ਬਿਨਾਂ ਕੋਈ ਹੋਰ ਅਸਲ ਬਦਲ ਵੀ ਨਹੀਂ ਹੈ। ਹਰੇਕ ਬਾਜ਼ਾਰ ਲਈ ਸਿਫਾਰਸ਼ਾਂ ਉਤੇ ਅਮਲ ਨੂੰ ਕੱਪੜਾ ਮੰਤਰਾਲੇ ਅਤੇ ਉਦਯੋਗ ਦਾ ਪੂਰਾ ਸਮਰਥਨ ਮਿਲਣਾ ਚਾਹੀਦਾ ਹੈ। ਹੌਲੀ-ਹੌਲੀ ਇਹ ਪਹਿਲਕਦਮੀ 2020 ਤੱਕ ਸਾਰੇ ਪ੍ਰਮੁੱਖ ਬਾਜ਼ਾਰਾਂ ਤੱਕ ਵਧਾ ਦੇਣੀ ਚਾਹੀਦੀ ਹੈ।

*(ਲੇਖਕ ਮੈਨੇਜਮੈਂਟ ਡਿਵੈਲਪਮੈਂਟ ਪ੍ਰੋਗਰਾਮ ਇਨ ਇੰਡੀਅਨ ਇੰਸਟੀਚਿਊਟ ਆਫ ਫੌਰਨ ਟਰੇਡ ਦੇ ਪ੍ਰੋਫੈਸਰ ਅਤੇ ਚੇਅਰਪਰਸਨ ਹਨ)*

*e-mail :vijayakatti@iift.edu*

ਸਫ਼ਾ 61 ਦਾ ਬਾਕੀ

ਕੱਪੜਾ ਉਦਯੋਗ ਦੀ ਹਮੇਸ਼ਾ ਰੀੜ੍ਹ ਦੀ ਹੱਡੀ ਰਹੇ ਹਨ।

ਵਿਸ਼ਵ ਦੇ ਸੂਤੀ ਧਾਗਾ ਵਪਾਰ ਵਿੱਚ ਭਾਰਤ ਦੀ ਹਿੱਸੇਦਾਰੀ 29 ਪ੍ਰਤਿਸ਼ਤ ਹੈ। ਨਿਰਮਾਣ ਇਕਾਈਆਂ ਦੇ ਵੱਖ-ਵੱਖ ਅਕਾਰ ਛੋਟੀ ਅਤੇ ਲੋੜ ਅਨੁਸਾਰ ਮੰਗ ਨੂੰ ਪੂਰਾ ਕਰਨ ਲਈ ਵਧੇਰੇ ਲਚਕੀਲਾਪਨ ਪ੍ਰਦਾਨ ਕਰਦੇ ਹਨ।

ਟ੍ਰਾਂਸ ਪੈਸਫਿਕ ਪਾਰਟਨਰਸ਼ਿਪ (ਟੀ ਪੀ ਪੀ), ਟ੍ਰਾਂਸ ਅਟਲਾਂਟਿਕ ਟਰੇਡ ਐਂਡ ਇਨਵੈਸਟਮੈਂਟ (ਐੱਨ ਏ ਐੱਫ ਟੀ ਏ), ਸੈਂਟਰਲ ਅਫਰੀਕਾ ਫ੍ਰੀ ਟਰੇਡ ਐਗਰੀਮੈਂਟ (ਸੀ ਏ ਐੱਫ ਟੀ ਏ) ਆਦਿ ਵਪਾਰਕ ਗਠਜੋੜ ਬਣਨ ਨਾਲ ਵਿਸ਼ਵ ਵਪਾਰ ਦੇ ਦ੍ਰਿਸ਼ ਵਿੱਚ ਬਦਲਾਅ ਆਇਆ ਹੈ ਜਿਸ ਵਲੋਂ ਭਾਰਤ ਦੇ ਨਿਰਯਾਤ ਨੂੰ ਪ੍ਰਭਾਵਿਤ ਕਰਨ ਦੀ ਵੀ ਸੰਭਾਵਨਾ ਹੈ। ਹੋਰ, ਗੈਰ-ਵਿੱਤੀ ਮੁੱਦੇ, ਜਿਵੇਂ ਵਾਤਾਵਰਨ ਅਤੇ ਅੰਤਰਰਾਸ਼ਟਰੀ ਕਿਰਤ ਕਾਨੂੰਨਾਂ ਦਾ ਸਖਤੀ ਨਾਲ ਪਾਲਣ ਵੀ ਉਦਯੋਗ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜੇ ਢੁੱਕਵੇਂ ਕਦਮ ਨਾ ਚੁੱਕੇ ਗਏ।

ਚੁਨੌਤੀਆਂ ਦੇ ਬਾਵਜੂਦ ਭਾਰਤੀ ਕੱਪੜਾ ਉਦਯੋਗ ਦੇ ਵਿਕਸਤ ਹੋਣ ਲਈ ਮੌਕੇ ਵੀ ਉਪਲਬਧ ਹਨ। ਇਨ੍ਹਾਂ ਵਿੱਚੋਂ ਕੁੱਝ ਹਨ – ਉੱਚ ਕੀਮਤ ਵਾਲੇ ਉਤਪਾਦਾਂ ਦੇ ਨਿਰਮਾਣ ਰਾਹੀਂ ਮੁੱਲ ਸ਼੍ਰੇਣੀ ਵਿੱਚ ਉੱਪਰ ਉੱਠ ਕੇ ਬੇਸ਼ਕੀਮਤੀ ਵਸਤਾਂ ਦਾ ਨਿਰਮਾਣ ਕਰਨਾ। ਤਕਨੀਕੀ ਕੱਪੜਾ ਨਵੀਨਤਾ ਅਤੇ ਤਕਨੀਕ ਪੱਖੋਂ ਬਿਹਤਰ ਉਤਪਾਦਾਂ ਦੇ ਨਿਰਮਾਣ ਲਈ ਵਧੀਆ ਸੰਭਾਵਨਾਵਾਂ ਪੇਸ਼ ਕਰਦਾ ਹੈ। ਪ੍ਰਚੂਨ ਕੇਂਦਰਾਂ ਵਿੱਚ ਵਾਧਾ ਵੀ ਹੱਥ-ਕਲਾ ਅਤੇ ਹੱਥ-ਖੱਡੀ ਖੇਤਰ ਜਿਹੇ ਉਦਯੋਗਿਕ ਵਰਗਾਂ ਨੂੰ ਮੌਕੇ ਪ੍ਰਦਾਨ ਕਰੇਗਾ ਜਿਨ੍ਹਾਂ ਦੀ ਵਿਸ਼ਵ ਵਿੱਚ ਮੰਗ ਹੈ।

## ਨਿਚੋੜ

ਕੱਪੜਾ ਖੇਤਰ ਨੂੰ ਸਸ਼ਕਤ ਬਣਾਉਣ ਦੀ ਜ਼ਰੂਰਤ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਪਾਹ ਦੀ ਪੈਦਾਵਾਰ ਕਰਨ ਵਾਲੇ 20 ਮਿਲੀਅਨ ਤੋਂ ਵੱਧ ਕਿਸਾਨ ਅਤੇ ਕੱਪੜਾ ਉਦਯੋਗ ਜਿਥੇ 35 ਮਿਲੀਅਨ ਲੋਕਾਂ ਨੂੰ ਸਿੱਧੇ ਤੌਰ ਤੇ ਰੋਜ਼ਗਾਰ ਮਿਲਿਆ ਹੋਇਆ ਹੈ ਅਤੇ ਜੋ ਕਪਾਹ ਨੂੰ ਮੁਢਲੇ ਕੱਚੇ ਮਾਲ ਵਜੋਂ ਇਸਤੇਮਾਲ ਕਰਦੇ ਹਨ, ਨੂੰ ਦੇਸ਼ ਵਿੱਚ ਉਗਾਈ ਕਪਾਹ ਤੋਂ ਲਾਭ ਮਿਲ ਸਕੇ ਤਾਂ ਕਿ ਸਾਡੇ ਮਾਣਯੋਗ ਪ੍ਰਧਾਨ ਮੰਤਰੀ ਵਲੋਂ ਮੌਜੂਦਾ ਕੱਪੜਾ ਵਪਾਰ ਦੇ 108 ਬਿਲੀਅਨ ਅਮਰੀਕੀ ਡਾਲਰ ਦੇ ਪੱਧਰ ਨੂੰ 2023 ਤੱਕ 300 ਬਿਲੀਅਨ ਅਮਰੀਕੀ ਡਾਲਰ ਦੇ ਪੱਧਰ ਤੱਕ ਲਿਜਾਉਣ ਦੇ ਸੁਪਨੇ ਨੂੰ ਪੂਰਾ ਕੀਤਾ ਜਾ ਸਕੇ।

ਕੁੱਝ ਇਕ ਕਦਮ, ਜੋ ਇਸ ਟੀਚੇ ਨੂੰ ਹਾਸਲ ਕਰਨ ਲਈ ਚੁੱਕੇ ਜਾ ਸਕਦੇ ਹਨ, ਉਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ।

- ਖੋਜ, ਡਿਜ਼ਾਈਨ, ਵਿਕਾਸ ਅਤੇ ਬਾਜ਼ਾਰੀਕਰਨ ਸਮਰੱਥਾਵਾਂ ਦਾ ਨਿਰਮਾਣ ਕਰਨ ਉਤੇ ਧਿਆਨ ਕੇਂਦਰਿਤ ਕਰਨਾ।
- ਵਿਸ਼ਵ ਅਤੇ ਘਰੇਲੂ ਬਾਜ਼ਾਰ ਲਈ ਭਾਰਤ ਦੇ ਕੱਪੜਾ ਅਤੇ ਵਸਤਰਾਂ ਦੇ ਬਰਾਂਡ ਦਾ ਨਿਰਮਾਣ ਕਰਨਾ।
- ਅਗਲੇ 3/5 ਸਾਲਾਂ ਵਿੱਚ, ਪਹਿਲਾਂ ਹੀ ਅੰਤਰਰਾਸ਼ਟਰੀ ਮੁਕਾਬਲੇਬਾਜ਼ੀ ਵਾਲੇ ਇਸ ਖੇਤਰ ਵਿੱਚ ਘੱਟੋ-ਘੱਟ 10 ਮਿਲੀਅਨ ਨੌਕਰੀਆਂ ਪੈਦਾ ਕਰਨੀਆਂ। ਇਸ ਵਾਸਤੇ ਮੁਕਾਬਲਤਨ ਉੱਚੀਆਂ ਟੈਕਸ ਦਰਾਂ ਘੱਟ ਕਰਕੇ ਨਿਰਯਾਤ ਲਈ ਦਰਵਾਜ਼ੇ ਖੋਲ੍ਹਣੇ ਪੈਣਗੇ।
- ਯੂਰਪੀ ਸੰਘ, ਕੈਨੈਡਾ ਤੇ ਆਸਟ੍ਰੇਲੀਆ ਨਾਲ ਮੁਕਤ ਵਪਾਰ ਸਮਝੌਤਿਆਂ ਬਾਰੇ ਗੱਲਬਾਤ ਵਿੱਚ ਤੇਜ਼ੀ ਲਿਆਉਣੀ।
- ਭਾਰਤ ਨੂੰ ਖ਼ਾਸ ਕਰਕੇ ਵਸਤਰਾਂ ਦੇ ਖੇਤਰ ਵਿੱਚ ਆਪਣੇ ਉਤਪਾਦਾਂ ਅੰਦਰ ਵਿਭਿੰਨਤਾ ਲਿਆਉਣੀ ਪਵੇਗੀ ਜੇ ਇਸ ਵਲੋਂ ਅਮਰੀਕਾ ਅਤੇ ਯੂਰਪੀ ਸੰਘ ਨੂੰ ਕੀਤੇ ਜਾਂਦੇ ਨਿਰਯਾਤਾਂ ਵਿੱਚ ਵੱਡਾ ਵਾਧਾ ਦਿਖਾਇਆ ਜਾਣਾ ਹੈ, ਜਿਥੇ ਵੀਅਤਨਾਮ ਵਰਗੇ ਦੇਸ਼ ਟੀ ਪੀ ਪੀ ਤੋਂ ਲਾਹਾ ਲੈ ਰਹੇ ਹਨ।
- ਸਿੱਧਾ ਵਿਦੇਸ਼ੀ ਨਿਵੇਸ਼ ਅਤੇ ਨਿਵੇਸ਼।
- ਉਤਪਾਦਨ ਦੇ ਸਾਰੇ ਪੱਧਰਾਂ ਵਿੱਚ ਵਿਸ਼ਵੀ ਗੁਣਵੱਤਾ ਦੇ ਮਿਆਰ ਬਣਾ ਕੇ ਰੱਖਣੇ ਪੈਣਗੇ।
- ਸਿਖਲਾਈ, ਹੁਨਰ ਨਿਰਮਾਣ, ਪ੍ਰਬੰਧਕੀ ਸਮਰੱਥਾਵਾਂ ਅਤੇ ਕਾਮਾ-ਸ਼ਕਤੀ ਨੂੰ ਬਣਾਈ ਰੱਖ ਕੇ ਇਸ ਖੇਤਰ ਦੀ ਉਤਪਾਦਕਤਾ ਵਿੱਚ ਸੁਧਾਰ ਕਰਨਾ।

*(ਲੇਖਕ ਦਿ ਕੌਟਨ ਟੈਕਸਟਾਈਲ ਐਕਪੋਰਟ ਪ੍ਰੋਮੋਸ਼ਨ ਕੌਂਸਿਲ ਦੇ ਚੇਅਰਮੈਨ ਹਨ)*

*e-mail :ed@texprocil.org*

*info@texprocil.org*

# ਭਾਰਤੀ ਹੈਂਡਲੂਮ ਬ੍ਰਾਂਡ (ਆਈ ਐੱਚ ਬੀ)

## ਭਾਰਤੀ ਹੈਂਡਲੂਮ ਬ੍ਰਾਂਡ ਬਾਰੇ

''ਭਾਰਤੀ ਹੈਂਡਲੂਮ'' ਬ੍ਰਾਂਡ ਪ੍ਰਧਾਨ ਮੰਤਰੀ ਵਲੋਂ, ਪਹਿਲੇ ਹੈਂਡਲੂਮ ਦਿਵਸ ਦੇ ਮੌਕੇ 07.08.15 ਨੂੰ, ਉਨ੍ਹਾਂ ਦੇ ਸਮਾਜਕ ਅਤੇ ਵਾਤਾਵਰਨਿਕ ਮਾਪਦੰਡਾਂ ਉਪਰ ਖਰੇ ਹੋਣ ਤੋਂ ਇਲਾਵਾ, ਉਨ੍ਹਾਂ ਦੇ ਕੱਪੜੇ, ਤਿਆਰ ਕਰਨ ਦੀ ਪ੍ਰਕਿਰਿਆ, ਬੁਣਤੀ ਅਤੇ ਹੋਰ ਮਾਪਦੰਡਾਂ ਦੀ ਪ੍ਰਮਾਣਿਕਤਾ ਦੇ ਸੰਦਰਭ ਵਿੱਚ ਗਾਹਕਾਂ ਦਾ ਵਿਸ਼ਵਾਸ ਜਿੱਤਣ ਲਈ ਜਾਰੀ ਕੀਤਾ ਗਿਆ। ''ਭਾਰਤੀ ਹੈਂਡਲੂਮ'' ਬ੍ਰਾਂਡ ਸਿਰਫ ਉੱਤਮ ਕਿਸਮ ਦੀ ਕਮੀ ਮੁਕਤ ਅਤੇ ਭਰੋਸੇਯੋਗ ਹੈਂਡਲੂਮ ਉਤਪਾਦਾਂ ਨੂੰ ਹੀ, ਉਨ੍ਹਾਂ ਉਪਭੋਗਤਾਵਾਂ ਦੀਆਂ ਲੋੜਾਂ ਦੀ ਪੂਰਤੀ ਲਈ ਦਿੱਤਾ ਜਾਵੇਗਾ ਜੋ ਵਧੀਆ ਕਿਸਮ ਦੇ ਹੱਥ ਨਾਲ ਬਣੇ ਕੱਪੜਿਆਂ ਦੀ ਚਾਹਤ ਰਖਦੇ ਹਨ। ''ਭਾਰਤੀ ਹੈਂਡਲੂਮ'' ਬ੍ਰਾਂਡ ਦਾ ਉਦੇਸ਼ ਇਕ ਮਾਰਕੀਟ ਸਥਾਨ ਅਤੇ ਬੁਣਕਰਾਂ ਲਈ ਵਧੇਰੇ ਆਮਦਨ ਪੈਦਾ ਕਰਨਾ ਹੈ। ਇਸ ਤਰ੍ਹਾਂ ''ਭਾਰਤੀ ਹੈਂਡਲੂਮ'' ਦੀ ਧਾਰਨਾ ਹੈਂਡਲੂਮ ਉਤਪਾਦਾਂ ਨੂੰ ਬ੍ਰਾਂਡ ਕਰਨਾ ਹੈ ਜੋ ਵਿਸ਼ੇਸ਼ ਤੌਰ ਤੇ ਸਮਾਜਕ ਅਤੇ ਵਾਤਾਵਰਨ ਲਈ ਸੰਵੇਦਨਸ਼ੀਲ ਉਪਭੋਗਤਾਵਾਂ ਦੀ ਉੱਤਮਤਾ ਦੀ ਲੋੜ ਪੂਰਤੀ ਕਰਨ ਵਾਲੇ ਹੋਣ। 'ਭਾਰਤੀ ਹੈਂਡਲੂਮ' ਬ੍ਰਾਂਡ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ :


• ਹੱਥ ਨਾਲ ਬੁਣੇ • ਕੁਦਰਤੀ ਰੇਸ਼ਿਆਂ ਤੋਂ ਬਣੇ • ਪੱਕੇ ਅਤੇ ਸੁਰੱਖਿਅਤ ਰੰਗਾਂ ਵਾਲੇ • ਕਮੀ ਰਹਿਤ ਉਤਪਾਦਨ • ਬੱਚਾ ਮਜ਼ਦੂਰੀ ਰਹਿਤ।

## ਮੁੱਖ ਲਾਭ

• ਉੱਤਮਤਾ ਦੇ ਸੰਦਰਭ ਵਿੱਚ, ਪ੍ਰੀਮੀਅਮ ਭਾਰਤੀ ਹੈਂਡਲੂਮ ਬ੍ਰਾਂਡ ਵਾਲੇ ਹੈਂਡਲੂਮ ਉਤਪਾਦਨ ਦੂਸਰੇ ਉਤਪਾਦਾਂ ਨਾਲੋਂ ਵੱਖ ਪਛਾਣੇ ਜਾ ਸਕਦੇ ਹਨ।

• ਉੱਤਮ ਕਿਸਮ ਦੇ ਉਤਪਾਦ ਪੈਦਾ ਕਰਨ ਲਈ ਬੁਣਕਰਾਂ ਨੂੰ ਵਧੇਰੇ ਮਜ਼ਦੂਰੀ ਮਿਲੇਗੀ।

• ਕੱਪੜਾ ਮੰਤਰਾਲਾ ਮੀਡੀਆ ਮੁਹਿੰਮਾਂ ਰਾਹੀਂ ਬ੍ਰਾਂਡ ਨੂੰ ਉਤਸ਼ਾਹਿਤ ਕਰਦਾ ਹੈ ਤਾਂ ਕਿ ਉਪਭੋਗਤਾਵਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਜਾ ਸਕੇ ਅਤੇ ਹੈਂਡਲੂਮ ਬ੍ਰਾਂਡ ਉਤਪਾਦਾਂ ਦੀ ਮੰਗ ਵਧਾਈ ਜਾ ਸਕੇ।



## ਭਾਰਤੀ ਹੈਂਡਲੂਮ ਬ੍ਰਾਂਡ ਲਈ ਕੌਣ ਪੇਸ਼ਕਸ਼ ਕਰ ਸਕਦਾ ਹੈ?

ਹੇਠ ਦਿੱਤੇ ਗਰੁੱਪ, ''ਭਾਰਤੀ ਹੈਂਡਲੂਮ'' ਬ੍ਰਾਂਡ ਦੀ ਰਜਿਸਟਰੀ ਦੇ ਯੋਗ ਹਨ:

(ੳ) ਅਸਲੀ ਫਰਮਾਂ/ਸੰਸਥਾਨ ਜੋ ਹੈਂਡਲੂਮ ਕੱਪੜਿਆਂ ਦੇ ਉਤਪਾਦਨ ਨਾਲ ਸੰਬੰਧਿਤ ਹੋਣ :

(1) ਮੁੱਢਲੀਆਂ ਹੈਂਡਲੂਮ ਸਹਿਕਾਰੀ ਸਭਾਵਾਂ।

(2) ਸਵੈ ਸੇਵੀ ਗਰੁੱਪ, ਸੰਘ, ਉਤਪਾਦਕਾਂ ਦੀਆਂ ਕੰਪਨੀਆਂ, ਸਾਂਝੇ ਦੇਣਦਾਰੀ ਗਰੁੱਪ।

(3) ਬੁਣਕਰ ਉੱਦਮੀ।

(ਅ) ਕੱਪੜਿਆਂ ਦੇ ਅਤੇ ਉਨ੍ਹਾਂ ਤੋਂ ਬਣਨ ਵਾਲੀਆਂ ਵਸਤਾਂ ਦੇ ਉਤਪਾਦਕ ਇਸ ਸ਼ਰਤ ਉਤੇ ਕਿ ਉਹ ''ਭਾਰਤੀ ਹੈਂਡਲੂਮ'' ਬ੍ਰਾਂਡ ਕੱਪੜੇ ਹੀ ਵਰਤੋਂ ਵਿੱਚ ਲਿਆਉਣਗੇ।







(ੲ) ਹੱਥ ਨਾਲ ਕੱਪੜਿਆਂ ਉਪਰ ਬਲਾਕ ਪ੍ਰਿੰਟਿੰਗ ਕਰਨ ਵਾਲੇ ਇਸ ਸ਼ਰਤ ਉਪਰ ਕਿ ਉਹ ਭਾਰਤੀ ਹੈਂਡਲੂਮ ਬ੍ਰਾਂਡ ਕੱਪੜੇ ਹੀ ਇਸਤੇਮਾਲ ਕਰਨਗੇ ਅਤੇ ਉਨ੍ਹਾਂ ਨੂੰ ਸਿਰਫ ਅਜਿਹੇ ਰੰਗਾਂ ਨਾਲ ਹੀ ਰੰਗਣਗੇ ਜੋ ਵਰਜਿਤ ਐਮਿਨ ਮੁਕਤ ਹੋਣ।

(ਸ) ਕੁਦਰਤੀ ਰੰਗਾਂ ਦੇ ਵਰਤੋਂਕਾਰ ਕੱਪੜੇ ਦਾ ਰੰਗ ਪੱਕਾ ਕਰਨ ਲਈ ਸਿਰਫ ਦੋ ਪੱਕਾਕਾਰ ਫਟਕੜੀ ਅਤੇ ਲੋਹਮਈ ਨਮਕ ਹੀ ਇਸਤੇਮਾਲ ਕਰਨਗੇ। ਹੋਰ ਧਾਤਾਂ ਜਿਵੇਂ ਕਿ ਤਾਂਬਾ, ਕਰੋਮੀਆ ਅਤੇ ਟੀਨ ਦੀ ਵਰਤੋਂ ਵਰਜਿਤ ਹੈ।

## "ਭਾਰਤੀ ਹੈਂਡਲੂਮ" ਬ੍ਰਾਂਡ ਹਾਸਲ ਕਰਨ ਲਈ ਕਿਸ ਤਰ੍ਹਾਂ ਪੇਸ਼ਕਸ਼ ਕੀਤੀ ਜਾਵੇ?

ਭਾਰਤੀ ਹੈਂਡਲੂਮ ਬ੍ਰਾਂਡ ਦੀ ਰਜਿਸਟਰੀ ਲਈ ਅਰਜ਼ੀ ਹੇਠ ਦਿੱਤੀ ਆਨਲਾਈਨ ਵੈੱਬਸਾਈਟ www.indiahandloombrand.gov.in ਉਪਰ ਦਿੱਤੀ ਜਾ ਸਕਦੀ ਹੈ। ਅਰਜ਼ੀਕਰਤਾ ਨੇ ਆਨਲਾਈਨ ਅਰਜ਼ੀ ਦਾ ਇਕ ਪ੍ਰਿੰਟ ਲੈ ਕੇ ਉਸ ਉਪਰ ਦਸਤਖ਼ਤ ਕਰ ਕੇ ਕੱਪੜੇ ਦੇ ਨਮੂਨੇ ਅਤੇ ਰਜਿਸਟਰੀ ਫੀਸ (500 ਰੁਪਏ ਅਤੇ ਉਸ ਵਸਤੂ ਉਪਰ ਲਾਗੂ ਕਰ ਸਮੇਤ) ਸੰਬੰਧਿਤ ਬੁਣਕਰ ਸੇਵਾ ਕੇਂਦਰ ਵਿੱਚ ਜਮ੍ਹਾਂ ਕਰਨੀ ਹੁੰਦੀ ਹੈ।



## ਭਾਰਤੀ ਹੈਂਡਲੂਮ ਬ੍ਰਾਂਡ ਉਤਪਾਦਨ ਸ਼੍ਰੇਣੀਆਂ

166 ਅਜਿਹੇ ਸਬ-ਸ਼੍ਰੇਣੀ ਉਤਪਾਦਤ ਕੱਪੜੇ ਹਨ ਜਿਨ੍ਹਾਂ ਲਈ ਭਾਰਤੀ ਹੈਂਡਲੂਮ ਬ੍ਰਾਂਡ ਦਾ ਦਰਜਾ ਪ੍ਰਾਪਤ ਕਰਨ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ। ਇਨ੍ਹਾਂ ਦਾ ਵੇਰਵਾ ਉਪਰ ਦਿੱਤੀ ਵੈੱਬਸਾਈਟ ਉਪਰ ਉਪਲਬਧ ਹੈ।

## ਭਾਰਤੀ ਹੈਂਡਲੂਮ ਬ੍ਰਾਂਡ ਉਤਪਾਦਨਾਂ ਉਪਰ ਲੇਬਲ ਲਗਾਉਣਾ

ਭਾਰਤੀ ਹੈਂਡਲੂਮ ਬ੍ਰਾਂਡ ਰਜਿਸਟਰੀ ਧਾਰਕਾਂ ਨੂੰ ਪੈਨਲਸ਼ੁਦਾ ਲੇਬਲ ਬਣਾਉਣ ਵਾਲਿਆਂ ਕੋਲੋਂ ਆਪਣੇ ਰਜਿਸਟ੍ਰੇਸ਼ਨ ਨੰਬਰ ਵਾਲੇ ਭਾਰਤੀ ਹੈਂਡਲੂਮ ਬ੍ਰਾਂਡ ਲੋਗੋ ਲੈਣੇ ਹੁੰਦੇ ਹਨ ਅਤੇ ਆਪਣੇ ਉਤਪਾਦਾਂ ਉਪਰ ਚਿਪਕਾਉਣੇ ਹੁੰਦੇ ਹਨ। ਗਾਹਕ ਰਜਿਸਟ੍ਰੇਸ਼ਨ ਨੰਬਰ ਦੀ ਪ੍ਰਮਾਣਿਕਤਾ ਦੀ ਜਾਂਚ ਭਾਰਤੀ ਹੈਂਡਲੂਮ ਬ੍ਰਾਂਡ ਵੈੱਬਸਾਈਟ ਤੋਂ ਕਰ; ਸਕਦੇ ਹਨ। ਹੁਣ ਤੱਕ ਹੇਠ ਦਿੱਤੇ ਉਤਪਾਦਾਂ ਲਈ ਭਾਰਤੀ ਹੈਂਡਲੂਮ ਬ੍ਰਾਂਡ ਦੀ ਸ਼੍ਰੇਣੀ ਵਿੱਚ 441 ਰਜਿਸਟਰੀਆਂ ਕੀਤੀਆਂ ਜਾ ਚੁੱਕੀਆਂ ਹਨ :

## ਭਾਰਤੀ ਹੈਂਡਲੂਮ ਬ੍ਰਾਂਡ ਸ਼੍ਰੇਣੀ ਵਿੱਚ ਦਰਜ ਉਤਪਾਦਾਂ ਦੀ ਸੂਚੀ

### ਲਿਬਾਸ ਦੇ ਕੱਪੜੇ

- ਰੇਸ਼ਮੀ ਟਸਰ ਲਿਬਾਸ ਕੱਪੜਾ
- ਰੇਸ਼ਮੀ ਟਸਰ ਗੀਚਾ ਨਿਬਾਸ ਕੱਪੜਾ
- ਮੁਗਾ ਰੇਸ਼ਮੀ ਲਿਬਾਸ ਕੱਪੜਾ

- ਮਖੇਲਾ ਰੇਸ਼ਮ ਲਿਬਾਸ ਕੱਪੜਾ
- ਪੋਚਮਪੱਲੀ ਇਕਤ ਸੂਤੀ ਲਿਬਾਸ ਕੱਪੜਾ
- ਪੋਚਮਪੱਲੀ ਇਕਤ ਕੱਪੜਾ
- ਪੋਚਮਪੱਲੀ ਇਕਤ ਰੇਸ਼ਮੀ ਲਿਬਾਸ ਕੱਪੜਾ
- ਓਡੀਸ਼ਾ ਇਕਤ ਸੂਤੀ ਲਿਬਾਸ ਕੱਪੜਾ
- ਬਨਾਰਸੀ ਕਟਵਰਕ ਲਿਬਾਸ ਕੱਪੜਾ
- ਬਨਾਰਸ ਬੂਟੀਦਾਰ ਲਿਬਾਸ ਕੱਪੜਾ
- ਬਨਾਰਸ ਬਰੋਕੇਡ
- ਤਾਨਚੋਈ ਰੇਸ਼ਮੀ ਲਿਬਾਸ ਕੱਪੜਾ
- ਚੰਦੇਰੀ ਸੂਤੀ ਰੇਸ਼ਮੀ ਲਿਬਾਸ ਕੱਪੜਾ
- ਮਹੇਸ਼ਵਰੀ ਸੂਤੀ ਰੇਸ਼ਮੀ ਲਿਬਾਸ ਕੱਪੜਾ
- ਮੰਗਲਾਗਿਰੀ ਸੂਤੀ ਲਿਬਾਸ ਕੱਪੜਾ
- ਊਨੀ ਟਵੀਡ
- ਕੁਦਰਤੀ ਰੰਗਿਆ ਸੂਤੀ ਡੈਨਿਮ ਕੱਪੜਾ
- ਮਟਕਾ ਕੱਪੜਾ
- ਚੱਦਰ ਰੇਸ਼ਮੀ ਲਿਬਾਸ ਕੱਪੜਾ
- ਤੰਗਾਲਿਆ ਸੂਤੀ ਲਿਬਾਸ ਕੱਪੜਾ

**ਸਾੜ੍ਹੀਆਂ**

- ਬਾਲਾਰਾਮਾਪੁਰਮ ਸੂਤੀ ਸਾੜ੍ਹੀ
- ਤੰਗੇਲ ਸੂਤੀ ਸਾੜ੍ਹੀ
- ਜਾਮਦਾਨੀ ਸੂਤੀ ਸਾੜ੍ਹੀ
- ਬੇਗਮਪੁਰੀ ਸੂਤੀ ਸਾੜ੍ਹੀ
- ਸ਼ਾਂਤੀਪੁਰੀ ਸੂਤੀ ਸਾੜ੍ਹੀ
- ਪੋਲਾਵਰਮ ਸੂਤੀ ਸਾੜ੍ਹੀ
- ਚੇਤੀਨਾਡ ਸੂਤੀ ਸਾੜ੍ਹੀ
- ਕਾਸਾਗੌਡ ਸੂਤੀ ਸਾੜ੍ਹੀ
- ਕੁਥਾਮਪੱਲੀ ਸੂਤੀ ਸਾੜ੍ਹੀ
- ਵੈਂਕਟਗਿਰੀ ਸੂਤੀ ਸਾੜ੍ਹੀ
- ਮੰਗਲਾਗਿਰੀ ਸੂਤੀ ਸਾੜ੍ਹੀ
- ਸਜੀਵੀ ਸੂਤੀ ਸਾੜ੍ਹੀ
- ਤਾਨਚੋਈ ਰੇਸ਼ਮੀ ਸਾੜ੍ਹੀ
- ਬਨਾਰਸੀ ਬੂਟੀਦਾਰ ਰੇਸ਼ਮੀ ਸਾੜ੍ਹੀ
- ਬਨਾਰਸੀ ਕਟਵਰਕ ਰੇਸ਼ਮੀ ਸਾੜ੍ਹੀ
- ਕਾਂਚੀਪੁਰਮ ਰੇਸ਼ਮੀ ਸਾੜ੍ਹੀ
- ਕੰਡੂਆ ਰੇਸ਼ਮੀ ਸਾੜ੍ਹੀ
- ਇਲਕਾਲ ਰੇਸ਼ਮੀ ਸਾੜ੍ਹੀ
- ਕਰਵਟੀ ਰੇਸ਼ਮੀ ਸਾੜ੍ਹੀ
- ਉਪਡਾ ਜਾਮਦਾਨੀ ਰੇਸ਼ਮੀ ਸਾੜ੍ਹੀ
- ਗੁਜਰਾਤੀ ਇਕਹਿਰੀ ਇਕਤ ਸਾੜ੍ਹੀ
- ਓਡੀਸ਼ਾ ਇਕਹਿਰੀ ਇਕਤ ਸਾੜ੍ਹੀ
- ਪੋਚਮਪੱਲੀ ਇਕਤ ਸੂਤੀ ਸਾੜ੍ਹੀ
- ਕੋਟਾ ਡੋਰੀਆ ਸਾੜ੍ਹੀ
- ਚੰਦੇਰੀ ਸੂਤੀ ਰੇਸ਼ਮੀ ਸਾੜ੍ਹੀ
- ਮਹੇਸ਼ਵਰੀ ਸੂਤੀ ਰੇਸ਼ਮੀ ਸਾੜ੍ਹੀ
- ਨਾਰਾਇਨਪੇਟ ਸੂਤੀ ਸਾੜ੍ਹੀ

*ਬਾਕੀ ਸਫ਼ਾ 74 ਉੱਤੇ*




# ਕੱਪੜੇ ਵਿੱਚ ਰੁਝਾਨ : 2016–17

ਅੰਜੂ ਮੋਦੀ

ਇਹ ਦੁੱਖ ਦੀ ਗੱਲ ਹੈ, ਪਰ ਮੈਂ ਜਿੰਨਾ ਅੱਗੇ ਜਾਂਦੀ ਹਾਂ, ਉਨਾ ਹੀ ਮੈਂ ਬੀਤੇ ਉਤੇ ਝਾਤ ਪਾਉਣ ਲਈ ਮਜਬੂਰ ਹੋ ਜਾਂਦੀ ਹਾਂ। ਜਿਥੋਂ ਤੱਕ ਮੇਰੀ ਯਾਦ ਸ਼ਕਤੀ ਕੰਮ ਕਰਦੀ ਹੈ, ਮੈਂ ਆਪਣੇ ਦੇਸ਼ ਦੀ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਤੋਂ ਹਮੇਸ਼ਾ ਪ੍ਰੇਰਨਾ ਲਈ ਹੈ ਅਤੇ ਇਸ ਦੀ ਸੁੰਦਰਤਾ ਅਤੇ ਜ਼ਿੰਦਾਦਿਲੀ ਨੂੰ ਆਪਣੇ ਅੰਦਰ ਸਮੇਟ ਲੈਣ ਲਈ ਹਮੇਸ਼ਾ ਉਤਸੁਕ ਰਹੀ ਹਾਂ। ਮੇਰੀ ਜ਼ਿੰਦਗੀ ਦੇ ਪਿਛਲੇ 25 ਕੁ ਸਾਲਾਂ ਦੌਰਾਨ, ਇਹੀ ਕੋਸ਼ਿਸ਼ ਹੀ ਮੈਨੂੰ ਸਾਡੇ ਦੇਸ਼ ਦੇ ਧੁਰ ਅੰਦਰ ਦਿਲਕਸ਼ ਯਾਤਰਾ ਉਤੇ ਲੈ ਕੇ ਗਈ ਹੈ – ਦੂਰ-ਦੁਰਾਡੇ ਵਸਦੇ ਪਿੰਡਾਂ ਅਤੇ ਭਾਈਚਾਰਿਆਂ ਦਰਮਿਆਨ ਜਿਸ ਨੇ ਮੈਨੂੰ ਕੱਪੜਾ ਬੁਣਨ ਅਤੇ ਡਿਜ਼ਾਈਨ ਕਰਨ ਦੀਆਂ ਰਵਾਇਤੀ ਤਕਨੀਕਾਂ ਕਾਰੀਗਰਾਂ ਕੋਲੋਂ ਸਿੱਖਣ ਦਾ ਮੌਕਾ ਪ੍ਰਦਾਨ ਕੀਤਾ – ਸ਼ੁਰੂਆਤੀ ਬੁਣਤੀ ਤੋਂ ਲੈ ਕੇ ਸਬਜ਼ੀਆਂ ਵਾਲੀ ਰੰਗਾਈ, ਬਲਾਕ ਛਪਾਈ ਅਤੇ ਸ਼ੈਕੀ ਅਤੇ ਡਿਜ਼ਾਈਨ ਦੇ ਬਦਲ ਰਹੇ ਰੁਝਾਨ ਵਾਲੀਆਂ ਕਢਾਈ ਦੀਆਂ ਤਕਨੀਕਾਂ।

ਜੋ ਬਿਲਕੁਲ ਸਪੱਸ਼ਟ ਹੈ, ਉਹ ਇਹ ਕਿ ਸਾਡੇ ਡਿਜ਼ਾਈਨ ਦੀ ਸੁੰਦਰਤਾ ਦੀ ਕੋਈ ਸੀਮਾ ਨਹੀਂ। ਪਰ ਅੱਜ ਦੀ ਦੁਨੀਆਂ ਵਿੱਚ, ਜਿਥੇ ਸੱਭਿਆਚਾਰਕ ਅਤੇ ਡਿਜ਼ਾਈਨ ਦੀਆਂ ਹੱਦਾਂ ਹੋਰ ਜ਼ਿਆਦਾ ਪਰਵਾਹੀ ਹੋ ਗਈਆਂ ਹਨ, ਇਹ ਜ਼ਰੂਰੀ ਹੋ ਜਾਂਦਾ ਹੈ ਕਿ ਭਾਰਤ ਦੇ ਡਿਜ਼ਾਈਨਰ ਰਵਾਇਤੀ ਪਹੁੰਚ ਦੀ ਮੁੜ ਵਿਆਖਿਆ ਕਰਕੇ ਇਸ ਦੀ ਨਵੇਂ ਸਿਰਿਉਂ ਖੋਜ ਕਰਨ ਤਾਂ ਕਿ ਸਾਡੇ ਕੱਪੜੇ ਅਤੇ ਵਸਤਰਾਂ ਨੂੰ ਵਿਸ਼ਵ ਪੱਧਰ ਉਤੇ ਵਿਹਾਰਕ ਬਣਾਇਆ ਜਾ ਸਕੇ, ਬਿਨਾਂ ਭਾਰਤੀ ਸਾਰ ਨਾਲ ਸਮਝੌਤਾ ਕੀਤਿਆਂ। ਇਹ ਮੈਨੂੰ ਹੱਥ





ਖੱਡੀ ਵਸਤਰਾਂ ਅਤੇ ਰਵਾਇਤੀ ਸਤਹੀ ਉਤਪਾਦਾਂ ਦੀ ਮੇਰੇ ਡਿਜ਼ਾਈਨਾਂ ਵਿੱਚ ਹੋਰ ਜ਼ਿਆਦਾ ਵਰਤੋਂ ਕਰਨ ਲਈ ਆਖਦੀ ਹੈ, ਪਰ ਨਾਲ ਹੀ ਸਮਕਾਲੀ ਛਾਇਆ ਚਿੱਤਰ ਬਣਾ ਕੇ ਉਨ੍ਹਾਂ ਨੂੰ ਆਧੁਨਿਕ ਸੁਹਜ ਵਿੱਚ ਸ਼ਾਮਲ ਕਰਨ ਦੀ ਵੀ ਜਾਗ ਲਾਉਂਦੀ ਹੈ।

ਇਸ ਲਈ 2016–17 ਵਿੱਚ ਕੱਪੜੇ ਲਈ ਵਿਆਪਕ ਭਵਿੱਖਬਾਣੀ ਗਤੀਸ਼ੀਲਤਾ ਦੀ ਹੈ, ਕਲਾਸਿਕ ਭਾਰਤੀ ਵਿਸ਼ਿਆਂ ਤੇ ਡਿਜ਼ਾਈਨਾਂ, ਨਵੇਂ ਤੇ ਪੁਰਾਣੇ ਦਾ ਸੁਮੇਲ ਕਰਕੇ ਇਕ ਨਵੀਂ ਵਿਆਖਿਆ ਨੂੰ ਜਨਮ ਦੇਣਾ। ਕੱਪੜੇ ਦੇ ਡਿਜ਼ਾਈਨ ਵਿੱਚ ਕੁੱਝ ਮੁੱਖ ਰੁਝਾਨ ਹੇਠਾਂ ਦਿੱਤੇ ਜਾ ਰਹੇ ਹਨ :

***ਰੰਗ :*** ਸਾਡਾ ਰੰਗਾਂ ਨੂੰ ਪਿਆਰ ਕਰਨ ਵਾਲਾ ਦੇਸ਼ ਹੈ ਅਤੇ 2016–17 ਉਸ ਅਮੀਰ ਵਿਰਾਸਤ ਨੂੰ ਨਿਭਾਅ ਰਿਹਾ ਹੈ। ਭਾਰਤੀ ਡਿਜ਼ਾਈਨ ਹਮੇਸ਼ਾ ਹੀ ਕੁਦਰਤ ਤੋਂ ਬਹੁਤ ਜ਼ਿਆਦਾ ਪ੍ਰੇਰਿਤ ਰਹੇ ਹਨ ਅਤੇ 2016–17 ਲਈ ਧਿਆਨ ਦਾ ਕੇਂਦਰ ਬਿੰਦੂ 'ਹਰੇ ਪੱਤੇ' ਦੀ ਤਾਜ਼ਗੀ, ਗੁਲਾਬੀ 'ਕਮਲ' ਦੀ ਸੁੰਦਰਤਾ ਅਤੇ ਨਿੱਘਾ ਗੇਰੂਆ, ਸ਼ਹਿਦ/ਦੁੱਧ-ਸ਼ੱਕਰ ਕਣਕ ਵਰਗੇ ਦੂਜੇ ਧਰਤੀ ਦੇ ਤੱਤਾਂ ਉਤੇ ਰਹੇਗਾ। ਹਾਵ-ਭਾਵ ਖ਼ੁਸ਼ੀ ਅਤੇ ਊਰਜਾਵਾਨ ਵਾਲੇ ਹਨ। ਇਨ੍ਹਾਂ ਰੰਗਾਂ ਤੋਂ ਇਲਾਵਾ 'ਇਕ ਰੰਗਾ' ਕੱਪੜੇ ਦੇ ਰੰਗ ਦੀਆਂ ਪਧਤੀਆਂ ਵਿੱਚ ਇਕ ਸਦੀਵੀ ਸਥਾਨ ਰੱਖਦਾ ਹੈ।

***ਸਮੱਗਰੀ :*** ਫ਼ਿਲਮ ਬਾਜੀਰਾਉ ਮਸਤਾਨੀ ਲਈ ਪਹਿਰਾਵੇ ਦੇ ਡਿਜ਼ਾਈਨ ਦੀ ਖੋਜ ਕਰਦਿਆਂ ਮੇਰੀ ਨਿਗ੍ਹਾ ਅਚਾਨਕ ਖੱਦਰ ਦੇ ਕੱਪੜੇ ਉਤੇ ਪਈ, ਇਕ ਅਜਿਹੀ ਖੋਜ ਜੋ ਮੇਰੇ ਲਈ ਬਹੁਤ



ਉਤਸੁਕਤਾ ਵਾਲੀ ਸੀ ਕਿਉਂਕਿ ਇਸ ਨੇ ਸਾਡੇ ਦੇਸ਼ ਦੇ ਹੱਥ ਨਾਲ ਵਸਤਰਾਂ ਨੂੰ ਬਣਾਉਣ ਵਾਲੀ ਕਾਰੀਗਰੀ ਵਿੱਚ ਮੇਰਾ ਵਿਸ਼ਵਾਸ ਦੁਬਾਰਾ ਜੀਵਤ ਕਰ ਦਿੱਤਾ। ਵਸਤਰਾਂ ਦੇ ਖੇਤਰ ਵਿੱਚ ਖਾਦੀ ਨੇ ਜ਼ਬਰਦਸਤ ਵਾਪਸੀ ਕੀਤੀ ਹੈ ਅਤੇ ਇਹ ਲਗਾਤਾਰ ਮੰਗ ਵਿੱਚ ਰਹਿਣ ਵਾਲਾ ਕੱਪੜਾ ਬਣ ਗਿਆ ਹੈ। 2016-17 ਲਈ ਕੱਪੜੇ ਦਾ ਢਾਂਚਾ ਨਰਮ ਕੱਪੜੇ ਦਾ ਹੈ ਪਰ ਜਿਸ ਦੀ ਦਿੱਖ ਕੁਦਰਤੀ ਅਤੇ ਪੁਰਾਤਨਤਾ ਵਾਲੀ ਹੋਵੇ। ਮਿਸ਼ਰਤ ਧਾਗੇ, ਜਿਵੇਂ ਕਿ ਸੂਤ ਅਤੇ ਰੇਸ਼ਮ ਜਾਂ ਸੂਤ ਅਤੇ ਵਿਸਕੌਸ ਹਰਮਨ ਪਿਆਰੇ ਬਣੇ ਰਹਿਣਗੇ ਕਿਉਂਕਿ ਇਸ ਤਕਨੀਕ ਵਿੱਚ ਪੁਰਾਣੀ ਹੱਥ ਖੱਡੀ ਵਾਲੀ ਬੁਣਤੀ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਸ ਨਾਲ ਸਮਕਾਲੀ ਸੋਧਾਂ, ਬਨਾਵਟਾਂ ਅਤੇ ਵੇਰਵਿਆਂ ਨੂੰ ਬਰਦਾਸ਼ਤ ਕਰਨ ਅਤੇ ਲੰਮਾ ਸਮਾਂ ਹੰਢਣ ਦੀ ਇਸ ਵਿੱਚ ਮਜਬੂਤੀ ਆ ਜਾਂਦੀ ਹੈ। ਧਿਆਨ ਦੇ ਕੇਂਦਰ ਬਿੰਦੂ ਪੁਰਾਣੇ ਦਾ ਆਧੁਨਿਕ ਨਾਲ ਸੁਮੇਲ ਕਰਨ ਉਤੇ ਹੈ, ਜਿਸ ਅਧੀਨ ਪੁਰਾਤਨ ਕੱਪੜਿਆਂ ਨੂੰ ਆਧੁਨਿਕ ਸਪਰਸ਼ ਦੇ ਕੇ ਨਵੀਂ ਰੂਹ ਪਾਈ ਜਾਂਦੀ ਹੈ। 'ਬਹੁਰੰਗਾ' 2016-17 ਦਾ ਇਕ ਸਰਬੋਤਮ ਰੁਝਾਨ ਹੈ। ਇਹ ਵਸਤਰ, ਜਿਸ ਨੂੰ ਵੱਖ-ਵੱਖ ਰੰਗ ਦੇ ਕੱਪੜੇ ਦਾ ਮਿਸ਼ਰਣ ਕਰਕੇ ਇਕ ਧਾਰੀ ਦਾ ਪ੍ਰਭਾਵ ਸਿਰਜਣ ਲਈ ਬਣਾਇਆ ਜਾਂਦਾ ਹੈ, ਵਸਤਰਾਂ ਨੂੰ ਬਹੁਤ ਹੀ ਠੰਢਕ ਅਤੇ ਇਕਦਮ ਖਿੱਚ ਪ੍ਰਦਾਨ ਕਰਦਾ ਹੈ।

***ਡਿਜ਼ਾਈਨ :*** ਪੁਰਾਤਨ ਨਮੂਨੇ ਰਵਾਇਤੀ ਅਕਾਰ ਵਾਲੇ ਚਾਰ ਖਾਨੇ ਅਤੇ ਧਾਰੀਆਂ ਨਾਲ ਮਿਲ ਕੇ 2016-17 ਵਿੱਚ ਪੈਠ ਬਣਾ ਚੁੱਕੇ ਹਨ। ਇਕ ਵਾਰ ਫਿਰ, ਕੁਦਰਤ ਤੋਂ ਲਏ ਨਮੂਨੇ ਅਤੇ 'ਸ਼ਿਕਾਰ ਵਾਲਾ ਜਾਲ' ਭਾਰਤੀ ਪੰਛੀ ਜਿਵੇਂ ਮੋਰ ਅਤੇ ਤੋਤਾ, ਫੁੱਲ ਅਤੇ ਕੁਦਰਤ ਦੇ ਹੋਰ ਤੱਤ ਡਿਜ਼ਾਈਨ ਵਿੱਚ ਮਜਬੂਤ ਰੁਝਾਨ ਵਜੋਂ ਚੱਲ ਰਹੇ ਹਨ। ਕਲਾਮਈ ਭਾਰਤੀ ਪੱਧਤੀਆਂ ਜਿਵੇਂ ਕਿ ਸਾਂਗਾਨੇਰੀ, ਬਗਾੜੂ, ਅਜਰਖ, ਹਾਲੇ ਵੀ ਪ੍ਰਸਿੱਧ ਬਣੇ ਹੋਏ ਹਨ ਅਤੇ ਵਸਤਰਾਂ, ਸਹਾਇਕ ਸਮਾਨ ਅਤੇ ਘਰੇਲੂ ਸਜਾਵਟੀ ਸਮਾਨ - ਹਰ ਥਾਂ ਨਜ਼ਰ ਆ ਜਾਂਦੇ ਹਨ। ਜ਼ਿਆਦਾ ਜ਼ੋਰ ਕਲਾਸਿਕ ਅਤੇ ਅਮੀਰ ਸਜਾਵਟੀ ਤੱਤਾਂ ਉਤੇ ਹੈ ਜਿਨ੍ਹਾਂ ਦੀ ਪੁਨਰ ਵਿਆਖਿਆ ਕਰਕੇ ਆਧੁਨਿਕ, ਵਿਸ਼ਵ ਸੁਹਜ ਦੇ ਹਾਣ ਦਾ ਬਣਾਇਆ ਗਿਆ ਹੈ।

*(ਲੇਖਕ ਫੈਸ਼ਨ ਡਿਜ਼ਾਈਨ ਕੌਂਸਿਲ ਆਫ ਇੰਡੀਆ ਦੇ ਫਾਊਂਡਰ ਮੈਂਬਰ ਹਨ)*

*e-mail :anjumodi@anjumodi.com*

*ਸਫ਼ਾ 72 ਦਾ ਬਾਕੀ*

**ਧੋਤੀਆਂ**

- ਬਾਲਾਰਾਮਪੁਰਮ ਧੋਤੀ
- ਸਲੇਮ ਰੇਸ਼ਮੀ ਧੋਤੀ
- ਚੇਂਦਾਮੰਗਲਮ ਧੋਤੀ

**ਸ਼ਾਲ ਅਤੇ ਸਟੋਲ**

- ਕੁੱਲੂ ਸ਼ਾਲ
- ਕਨੀ ਪਸ਼ਮੀਨਾ ਸ਼ਾਲ
- ਸੂਤੀ ਪੱਟੂ ਸ਼ਾਲ/ਚੱਦਰ
- ਊਨੀ ਸਟੋਲ
- ਕੁੱਲੂ ਸਟੋਲ
- ਸੂਤੀ ਸਟੋਲ
- ਟਸਰ ਰੇਸ਼ਮੀ ਸਟੋਲ
- ਤੰਗਾਲਿਆ ਸ਼ਾਲ

**ਸਜਾਵਟੀ ਕੱਪੜੇ, ਬਿਸਤਰੇ ਤੇ ਚੱਦਰਾਂ**

- ਪੋਚਮਪੱਲੀ ਇਕਤ ਸੂਤੀ ਚੱਦਰਾਂ
- ਰੱਨਰ
- ਧਾਰੀਦਾਰ ਚਟਾਈਆਂ
- ਕੁਸ਼ਨਾਂ ਦੇ ਪੱਟੂ ਕਵਰ
- ਮਟਕਾ ਨੋਇਲ ਕੱਪੜੇ
- ਲੋਈਆਂ
- ਵਿਛਾਉਣ ਵਾਲੀਆਂ ਚਟਾਈਆਂ। ❑❑